ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

28 ਜੂਨ ਤੋਂ 4 ਜੁਲਾਈ 2023

ਸਾਲ 14ਵਾਂ - ਅੰਕ 27
email : info@sadelok.com
Ph. : 510-706-1300
Fax : 925-373-1300

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜੋਰ ਦੇ ਮੁਲਖ ਹਿਲਾਇ ਗਿਆ।
ਮੁਲਤਾਨ, ਕਸਮੀਰ, ਪਿਸੌਰ, ਚੰਬਾ,
ਜੰਮੂ, ਕਾਂਗੜਾ ਕੋਟ, ਨਿਵਾਇ ਗਿਆ।
ਤਿੱਬਤ ਦੇਸ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਹੱਛਾ ਰੱਜ ਕੇ ਰਾਜ ਕਮਾਇ ਗਿਆ।

ਦੁਨੀਆਂ 'ਚ ਪਹਿਲੇ ਲੋਕਤੰਤਰ
ਸਿੱਖ ਰਾਜ ਦੀ ਸਥਾਪਨਾ ਕਰਨ ਵਾਲੇ
ਜਿਸ ਸਿੱਖ ਰਾਜ ਵਿਚ ਕਿਸੇ ਨੂੰ ਕੋਈ ਫਾਂਸੀ
ਦੀ ਸਜ਼ਾ ਨਹੀਂ ਹੋਈ।
**ਸ਼ੇਰ-ਏ-ਪੰਜਾਬ**
**ਮਹਾਰਾਜਾ ਰਣਜੀਤ ਸਿੰਘ ਦੀ ਬਰਸੀ**
ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



(ਦੇਖੋ ਸਫ਼ਾ 31 'ਤੇ)

## ਪ੍ਰੋ. ਭੁੱਲਰ ਦੇ ਗਾਜ਼ਿਆਬਾਦ ਮਾਮਲੇ ਦੀਆਂ ਸਰਕਾਰੀ ਗਵਾਹੀਆਂ ਹੋਈਆਂ ਖ਼ਤਮ, ਜਲਦ ਹੋ ਸਕਦਾ ਹੈ ਫ਼ੈਸਲਾ



ਨਵੀਂ ਦਿੱਲੀ : ਸਿੱਖ ਸਿਆਸੀ ਬੰਦੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਇਕ ਮਾਮਲੇ ਦੀ ਗਾਜੀਆਬਾਦ (ਉੱਤਰ ਪ੍ਰਦੇਸ਼) ਵਿਖੇ ਤਰੀਕ ਸੀ। ਤਿਹਾੜ ਜੇਲ੍ਹ ਅੰਦਰ ਮਿਲੇ ਮਾਨਸਿਕ, ਸਰੀਰਕ ਤਸ਼ੱਦਦ ਕਰਕੇ ਉਨ੍ਹਾਂ ਨੂੰ ਉਥੋਂ ਬਦਲ ਕੇ ਅੰਮ੍ਰਿਤਸਰ ਜੇਲ੍ਹ ਭੇਜਿਆ ਗਿਆ ਜਿਥੋਂ ਇਲਾਜ ਲਈ ਉਹ ਪਿਛਲੇ ਲੰਮੇ ਸਮੇਂ ਤੋਂ ਜੇਲ੍ਹ ਅਧੀਨ ਗੁਰੂ ਨਾਨਕ ਹਸਪਤਾਲ ਵਿਚ ਬੰਦੀ ਹਨ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਜਰਮਨੀ ਤੋਂ ਹਿੰਦ ਲਿਆਂਦਾ ਗਿਆ ਸੀ। ਉਨ੍ਹਾਂ ਵਿਰੁੱਧ ਚਲ ਰਹੇ 1994 ਦੇ ਥਾਣਾ ਕਵੀਨਗਰ, ਗਾਜੀਆਬਾਦ ਦੇ ਕੇਸ ਵਿੱਚ ਸਰਕਾਰੀ ਗਵਾਹੀਆਂ ਅੱਜ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਅਗਲੀ ਤਰੀਕ ਫੌਜਦਾਰੀ ਜ਼ਾਬਤੇ ਦੀ ਧਾਰਾ 313 ਅਧੀਨ ਬਿਆਨ-ਦੋਸ਼ੀ ਦਰਜ ਕਰਨ ਲਈ ਰੱਖੀ ਗਈ ਹੈ। ਗਾਜੀਆਬਾਦ ਦੀ ਅਦਾਲਤ ਵਿੱਚ ਪ੍ਰੋ. ਭੁੱਲਰ ਨੂੰ ਪੇਸ਼ ਨਹੀਂ ਕੀਤਾ ਗਿਆ ਸੀ ਤੇ ਉਨ੍ਹਾਂ ਵਲੋਂ ਪੰਥਕ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਤੇ ਐਡਵੋਕੇਟ ਵਾਈ.ਕੇ. ਸ਼ਰਮਾ ਪੇਸ਼ ਹੋਏ ਸਨ ।

# ਕਮਿਊਨਿਟੀ ਦੇ ਉਘੇ ਆਗੂ ਸ੍ਰ. ਤਜਿੰਦਰ ਧਾਮੀ ਦੇ ਗ੍ਰਹਿ ਵਿਖੇ ਝੰਡਾ ਲਹਿਰਾਉਣ ਦੀ ਰਸਮ ਮੌਕੇ ਅਮਰੀਕਨ ਸਿਆਸਤਦਾਨਾ, ਉਘੇ ਆਗੂਆਂ ਨੇ ਭਰੀ ਹਾਜ਼ਰੀ



(ਦੇਖੋ ਸਫ਼ਾ 24-25 'ਤੇ)

# ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਗੁਰਦੁਆਰਾ ਸੋਧ ਬਿੱਲ ਰੱਦ

## *ਪੰਜਾਬ ਸਰਕਾਰ ਦੀ ਕਾਰਵਾਈ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਦਖ਼ਲ ਕਰਾਰ*

ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਦੇ ਕੀਰਤਨ ਦੇ ਪ੍ਰਸਾਰਨ ਦੇ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿਲ 2023 ਨੂੰ ਅੱਜ ਇੱਥੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਰੱਦ ਕਰ ਦਿੱਤਾ ਹੈ। ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਇਕ ਨੁਕਾਤੀ ਏਜੰਡੇ 'ਤੇ ਸੱਦੇ ਗਏ ਹੰਗਾਮੀ ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ

(ਦੇਖੋ ਸਫ਼ਾ 18 'ਤੇ)





## ਅਮਰੀਕਾ ਅਤੇ ਕਨੇਡਾ ਦੇ ਅਜ਼ਾਦੀ ਦਿਵਸ ਦੀਆਂ ਲੱਖ ਲੱਖ ਵਧਾਈਆਂ

ਅਮਰੀਕਾ 18ਵੀਂ ਸਦੀ ਵਿਚ 2 ਜੁਲਾਈ 1776 ਨੂੰ ਅਜ਼ਾਦੀ ਦੇ ਹੱਕ ਵਿੱਚ ਵੋਟ ਪਾਕੇ ਅਤੇ 2 ਦਿਨ ਬਾਅਦ ਆਜ਼ਾਦ ਹਵਾ 'ਚ ਜੀਵਨ ਜਿਉਣ ਲਈ ਇੰਗਲੈਂਡ ਨਾਲ ਲੰਬੀ ਲੜਾਈ ਲੜੀ ਅਤੇ ਅਥਾਹ ਕੁਰਬਾਨੀਆਂ ਦੇ ਕੇ ਅਮਰੀਕਾ ਨੇ ਗੁਲਾਮੀ ਦਾ ਜੂਲ੍ਹਾ ਲਾ ਕੇ ਆਜ਼ਾਦ ਵਤਨ ਦੀ ਨੀਂਹ ਰੱਖੀ। ਇਸ ਦੇ ਲਈ 13 ਕਲੋਨੀਆਂ (Thirteen American Colonies) ਜਿਨ੍ਹਾਂ ਨੇ ਕ੍ਰਾਂਤੀ ਵਿਚ ਹਿੱਸਾ ਲਿਆ ਉਨ੍ਹਾਂ ਇੰਗਲੈਂਡ ਤੋਂ ਆਜ਼ਾਦ ਹੋਣ ਦੀ ਘੋਸ਼ਣਾ ਕਰ ਦਿੱਤੀ (Declaration of Independence), 4 ਜੁਲਾਈ ਅਮਰੀਕਾ ਲਈ ਆਜ਼ਾਦੀ ਦਾ ਪ੍ਰਤੀਕ ਬਣ ਗਈ ਤੇ 1941 ਵਿਚ ਫੈਡਰਲ ਦੀ ਸਰਕਾਰ ਨੇ ਇਸ ਦਿਨ ਛੁੱਟੀ ਦਾ ਐਲਾਨ ਕਰ ਦਿੱਤਾ। ਲੰਬੇ ਸਮੇਂ ਤੋਂ ਆਜ਼ਾਦੀ ਦਾ ਨਿੱਘ ਮਾਣ ਰਹੇ ਅਮਰੀਕਾ ਵਾਸੀ ਅੱਜ ਵੀ ਉਨ੍ਹਾਂ ਕੁਰਬਾਨੀਆਂ ਨੂੰ ਭੁੱਲੇ ਨਹੀਂ। ਇਸ ਦਿਨ ਉਹ ਆਜ਼ਾਦੀ ਦਾ ਜਸ਼ਨ ਆਤਿਸ਼ਬਾਜ਼ੀ ਕਰਕੇ, ਰੈਸਟੋਰੈਂਟਾਂ 'ਚ ਪਾਰਟੀਆਂ ਕਰਕੇ ਤੇ ਨੱਚ ਗਾਕੇ ਜਿੱਥੇ ਮਨਾਉਂਦੇ ਹਨ, ਉਥੇ ਆਪਣੇ ਆਜ਼ਾਦੀ ਘੁਲਾਟੀਆਂ ਨੂੰ ਵੀ ਯਾਦ ਕਰਦੇ ਹਨ। ਇਸ ਖੁਸ਼ੀ ਦੇ ਦਿਹਾੜੇ 'ਤੇ ਜਦੋਜਾਹਿਦ ਕਰ ਰਹੀਆਂ ਕੌਮਾਂ ਲਈ ਆਓ ਅਰਦਾਸ ਕਰੀਏ ਅਤੇ ਅਮਰੀਕਾ ਕਨੇਡਾ ਦੀ ਆਜ਼ਾਦੀ ਨੂੰ ਮਨਾਉਂਦੇ ਹੋਏ ਅਸੀਂ 'ਸਾਡੇ ਲੋਕ' ਅਖ਼ਬਾਰ ਅਤੇ ਰੇਡੀਓ ਗੱਲਬਾਤ ਵੱਲੋਂ ਸਭ ਨੂੰ 4 ਜੁਲਾਈ ਆਜ਼ਾਦੀ ਦਿਹਾੜੇ ਦੀਆਂ ਮੁਬਾਰਕਾਂ ਦਿੰਦੇ ਹਾਂ।

-ਸਤਨਾਮ ਸਿੰਘ ਖਾਲਸਾ

## SB 403 ਦੇ ਵਿਰੋਧ ਬਾਰੇ ਵਿਸਥਾਰ ਨਾਲ ਪੜ੍ਹੋ ਖ਼ਬਰ ਸਫ਼ਾ 23 'ਤੇ



Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਦੀ ਇੰਡਿਆਨਾ ਸਟੇਟ 'ਚ ਕਰਵਾਇਆ ਗਿਆ ਵਿਸ਼ਾਲ ਖੇਡ ਮੇਲਾ

## ਸਮਾਜ ਸੇਵੀ ਅਵਤਾਰ ਸਿੰਘ ਸਪਰਿੰਗਫੀਲਡ ਨੇ ਆਸਣ ਲਗਾਕੇ ਹਜ਼ਾਰਾਂ ਦਰਸਕਾਂ ਦਾ ਜਿੱਤਿਆ ਦਿਲ







ਇੰਡਿਆਨਾ, (ਸਾਡੇ ਲੋਕ/ ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਸੂਬੇ ਇੰਡਿਆਨਾ ' ਵਿੱਚ 25 ਜੂਨ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਵਲੋਂ ਦੂਜਾ ਵਿਸ਼ਾਲ ਖੇਡ ਮੇਲਾ ਕਰਵਾਇਆ ਗਿਆ। ਇਸ ਖੇਡ ਮੇਲੇ 'ਚ ਕਬੱਡੀ ਦੇ ਮੁਕਾਬਲੇ ਕਰਵਾਏ ਗਏ। ਇਸ ਵਿੱਚ ਕੈਨੇਡਾ ਤੋਂ ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ ਅਰੁਜਨਾ ਐਵਾਰਡੀ ਬਲਵਿੰਦਰ ਸਿੰਘ ਫਿੱਡਾ ਟੋਰਾਂਟੋ। (ਕੈਨੇਡਾ) ਤੋਂ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਤੌਰ 'ਤੇ ਇਸ ਖੇਡ ਮੇਲੇ 'ਚ ਪੁੱਜੇ ਹੋਏ ਸਨ। ਇਹ ਖੇਡ ਮੇਲਾ ਇਸ ਇਲਾਕੇ ਦੇ ਕਾਰੋਬਾਰੀਆਂ ਵਲੋਂ ਸਾਂਝੇ ਤੌਰ 'ਤੇ ਕਰਵਾਇਆ ਜਾਂਦਾ ਹੈ ਅਤੇ ਖੇਡ ਮੇਲੇ 'ਚ ਜੇਤੂਆਂ ਨੂੰ ਭਰਵੇਂ ਇਨਾਮ ਦਿੱਤੇ ਜਾਦੇ ਹਨ। ਇਸ ਖੇਡ ਮੇਲੇ ਸਮੇਂ ਸਮਾਜ ਸੇਵੀ ਅਵਤਾਰ ਸਿੰਘ ਸਪਰਿੰਡਫੀਲਡ ਓਹਾਇਓ ਸੂਬੇ ਤੋ ਉਚੇਚੇ ਤੋਰ ਤੇ ਪੁੱਜੇ, ਜਿੰਨਾਂ ਨੇ ਟਰੱਕ ਦੀ ਛੱਤ ਤੇਸੀਸ ਆਸਣ ਲਗਾਕੇ ਆਪਣੇ ਕਰੱਤਵ ਵਿਖਾਵੇ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਉਹਨਾ ਦੀ ਇਸ ਕਲਾ ਤੋਂ ਖੁਸ਼ ਹੋ ਕੇ ਇਲਾਕੇ ਦੇ ਉੱਘੇ ਕਾਰੋਬਾਰੀ ਪ੍ਰਿਤਪਾਲ ਸਿੰਘ ਘੋਤੜਾ ਨੇ, ਅਵਤਾਰ ਸਿੰਘ ਸਪਰਿੰਗਫੀਲਡ ਜੋ ਆਪ ਵੀ ਕਾਰੋਬਾਰੀ ਹਨ, ਨੂੰ 500 ਡਾਲਰ ਦਾ ਇਨਾਮ ਦਿੱਤਾ। ਉਹਨਾ ਦੀ ਸੀਸ ਆਸਣ ਦੀ ਕਲਾ ਦਾ ਦਰਸ਼ਕਾਂ ਨੇ ਤਾਲੀਆਂ ਵਜਾਕੇ ਸਵਾਗਤ ਕੀਤਾ।

ਇਸ ਖੇਡ ਸਮਾਗਮ ਸਮੇਂ ਅਰਜਨ ਐਵਾਰਡੀ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡਾ ਨੇ ਆਪਣੇ ਜੀਵਨ ਸਬੰਧੀ ਲਿਖੀ ਪੁਸਤਕ 'ਰੁਸਤਮਾਂ-ਏ-ਕਬੱਡੀ' ਅਵਤਾਰ ਸਿੰਘ ਸਪਰਿੰਗਫੀਲਡ ਨੂੰ ਭੇਂਟ ਕੀਤੀ।

ਖੇਡ ਮੇਲੇ 'ਚ ਵਾਹਵਾ ਰੌਣਕਾਂ ਵੇਖਣ ਨੂੰ ਮਿਲੀਆਂ ਅਤੇ ਕਬੱਡੀ ਪ੍ਰੇਮੀਆਂ ਨੇ ਖਾਲਸਾਈ ਰੰਗ 'ਚ ਸਜੇ ਹੋਏ ਟਰੱਕ ਨਾਲ ਫੋਟੋ ਖਿਚਵਾਈਆਂ।

# ਅਮਰੀਕਾ 'ਚ ਦਰਸ਼ਨ ਸਿੰਘ ਧਾਲੀਵਾਲ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਸਬੰਧੀ ਕੀਤੀ ਮੀਟਿੰਗ



ਵਾਸ਼ਿੰਗਟਨ : ਅਮਰੀਕਾ ਦੇ ਉੱਘੇ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਨੇ ਬੀਤੇ ਦਿਨ ਵ੍ਹਾਈਟ ਹਾਊਸ 'ਚ ਦੁਪਹਿਰ ਦੇ ਖਾਣੇ 'ਤੇ ਅਮਰੀਕੀ ਰਾਸ਼ਟਰਪਤੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਕਿਹਾ ਕਿ ਜੋ ਸਾਡੇ ਨੌਜਵਾਨ ਬੇਰੁਜ਼ਗਾਰੀ ਵਿੱਚ ਜਾ ਰਹੇ ਹਨ, ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਲੋੜ ਹੈ। ਧਾਲੀਵਾਲ ਨੇ ਕਿਹਾ ਕਿ ਅੱਜ ਜਿਸ ਹਿਸਾਬ ਨਾਲ ਪ੍ਰਧਾਨ ਮੰਤਰੀ ਦੇਸ਼ ਲਈ ਕੰਮ ਕਰ ਰਹੇ ਹਨ, ਅਸੀਂ ਆਸ ਰੱਖਦੇ ਹਾਂ ਕਿ ਜਿੱਥੇ ਪੰਜਾਬ ਲਈ ਇਨ੍ਹਾਂ ਨੇ ਪਹਿਲਾਂ ਕਾਫੀ ਕੁਝ ਕੀਤਾ ਹੈ ਤੇ ਹੁਣ ਵੀ ਪੰਜਾਬ 'ਚ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਯਤਨ ਕਰਨਗੇ।

ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਵਪਾਰਕ ਧੰਦੇ, ਕੰਮ-ਕਾਰ ਉਦਯੋਗ ਬਿਲਕੁਲ ਨਹੀਂ ਆ ਰਹੇ, ਜਿਸ ਕਾਰਨ ਸਾਡੀ ਨੌਜਵਾਨ ਪੀੜ੍ਹੀ ਬਾਹਰ ਭੱਜਣ ਦੀ ਤਾਕ ਵਿੱਚ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਸਲੀ ਏਜੰਡਾ ਬੇਰੁਜ਼ਗਾਰੀ ਦਾ ਹੈ। ਇਸ ਲਈ ਤੁਸੀਂ ਪੰਜਾਬ ਵੱਲ ਹੱਥ ਵਧਾਓ, ਅਸੀਂ ਤੁਹਾਡੇ ਨਾਲ ਹਾਂ। ਉਨ੍ਹਾਂ ਕਿਹਾ ਕਿ ਵਪਾਰੀਆਂ ਨੇ ਭਾਰਤ ਵੱਲ ਦੇਖਣਾ ਸ਼ੁਰੂ ਕਰ ਦਿੱਤਾ ਹੈ। ਐੱਨ.ਆਰ.ਆਈ. ਧਾਲੀਵਾਲ ਜੋ ਕਈ ਪ੍ਰੋਗਰਾਮ ਚਲਾਉਂਦੇ ਹਨ, ਨੇ ਕਿਹਾ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਆਉਣ ਦਾ ਸੱਦਾ ਦਿੱਤਾ ਹੈ। ਆਸ ਹੈ ਕਿ ਉਹ ਛੇਤੀ ਹੀ ਭਾਰਤ ਆ ਆਉਣਗੇ। ਅਖੀਰ 'ਚ ਪ੍ਰਵਾਸੀ ਭਾਰਤੀ ਸਨਮਾਨ ਨਾਲ ਸਨਮਾਨਿਤ ਧਾਲੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸਿੱਖ ਭਾਈਚਾਰੇ ਦੀ ਭਲਾਈ ਲਈ ਬਹੁਤ ਕੁਝ ਕੀਤਾ ਹੈ। ਉਨ੍ਹਾਂ ਲੰਗਰ 'ਤੇ ਲਗਭਗ 18 ਫ਼ੀਸਦੀ ਜੀਐੱਸਟੀ ਘਟਾਇਆ ਹੈ ਤੇ ਕਰਤਾਰਪੁਰ ਕੋਰੀਡੋਰ ਖੋਲ੍ਹਿਆ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਬਾਲ ਵੀਰ ਐਲਾਨ ਕੀਤਾ।

# ਅਮਰੀਕਾ ਚ ਭਾਰਤੀ ਮੂਲ ਦੇ ਵਿਅਕਤੀ ਨੂੰ ਮਨੁੱਖੀ ਤਸਕਰੀ ਦੇ ਦੋਸ ਚ ਸੁਣਾਈ ਗਈ ਸਜ਼ਾ


ਨਿਊਯਾਰਕ : ਅਮਰੀਕਾ ਵਿਚ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਰਾਈਡ-ਹੇਲਿੰਗ ਐਪ ਉਬੇਰ ਦੀ ਵਰਤੋਂ ਕਰਕੇ 800 ਭਾਰਤੀ ਨਾਗਰਿਕਾਂ ਦੀ ਅਮਰੀਕਾ ਵਿੱਚ ਤਸਕਰੀ ਕਰਨ ਦੇ ਦੋਸ਼ ਵਿੱਚ ਤਿੰਨ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ। ਨਿਆਂ ਵਿਭਾਗ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਰਜਿੰਦਰ ਪਾਲ ਸਿੰਘ ਉਰਫ਼ ਜਸਪਾਲ ਗਿੱਲ (49) ਨੇ ਫਰਵਰੀ ਵਿੱਚ ਆਪਣਾ ਅਪਰਾਧ ਸਵੀਕਾਰ ਕੀਤਾ ਕਿ ਉਹ ਕੈਨੇਡਾ ਦੀ ਸਰਹੱਦ ਰਾਹੀਂ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਦੇਸ਼ ਵਿੱਚ ਲੈ ਕੇ ਆਇਆ ਅਤੇ ਤਸਕਰੀ ਰੈਕੇਟ ਦਾ ਮੁੱਖ ਮੈਂਬਰ ਹੋਣ ਦੇ ਨਾਤੇ ਉਸ ਨੇ 500,000 ਡਾਲਰ ਤੋਂ ਵੱਧ ਦੀ ਵਸੂਲੀ ਕੀਤੀ।



ਕੈਲੀਫੋਰਨੀਆ ਦੇ ਰਹਿਣ ਵਾਲੇ ਸਿੰਘ ਨੂੰ ਮੰਗਲਵਾਰ ਨੂੰ ਅਮਰੀਕਾ ਦੀ ਜ਼ਿਲ੍ਹਾ ਅਦਾਲਤ ਨੇ ਸਜ਼ਾ ਸੁਣਾਈ। ਕਾਰਜਕਾਰੀ ਅਮਰੀਕੀ ਅਟਾਰਨੀ ਟੇਸਾ ਐੱਮ ਗੋਰਮੈਨ ਨੇ ਕਿਹਾ ਕਿ ਉਸ ਨੂੰ 45 ਮਹੀਨਿਆਂ ਦੀ ਸਜ਼ਾ ਸੁਣਾਈ ਗਈ। ਗੋਰਮੈਨ ਨੇ ਕਿਹਾ ਕਿ ਚਾਰ ਸਾਲਾਂ ਤੋਂ ਵੱਧ ਸਮੇਂ ਵਿੱਚ ਸਿੰਘ ਨੇ ਉੱਤਰੀ ਸਰਹੱਦ ਤੋਂ ਅਮਰੀਕਾ ਵਿੱਚ 800 ਤੋਂ ਵੱਧ ਲੋਕਾਂ ਦੀ ਤਸਕਰੀ ਕੀਤੀ। ਜੱਜ ਨੇ ਕਿਹਾ ਕਿ ਸਿੰਘ ਦਾ ਆਚਰਣ ਵਾਸ਼ਿੰਗਟਨ ਦੀ ਸੁਰੱਖਿਆ ਲਈ ਇਕ ਖਤਰਾ ਸੀ। ਉਸ ਨੇ ਕਿਹਾ ਕਿ "ਸਿੰਘ ਨੇ ਅਮਰੀਕਾ ਵਿਚ ਬਿਹਤਰ ਜ਼ਿੰਦਗੀ ਦੀ ਉਮੀਦ ਰੱਖਣ ਵਾਲੇ ਭਾਰਤੀਆਂ ਨੂੰ ਇਸ ਸਾਜਿਸ਼ ਦਾ ਸ਼ਿਕਾਰ ਬਣਾਇਆ ਅਤੇ ਨਾਲ ਹੀ ਉਨ੍ਹਾਂ ਨੂੰ 70,000 ਡਾਲਰ ਦੇ ਕਰਜ਼ੇ ਹੇਠ ਦਬਾ ਦਿੱਤਾ। ਮਾਮਲੇ ਦੇ ਦਸਤਾਵੇਜ਼ਾਂ ਮੁਤਾਬਕ ਸਿੰਘ ਅਤੇ ਉਸ ਦੇ ਸਾਥੀ ਸਾਜਿਸ਼ਕਰਤਾ ਨੇ ਗੈਰ ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਸੀਏਟਲ ਪਹੁੰਚੇ ਲੋਕਾਂ ਨੂੰ ਹੋਰ ਹਿੱਸਿਆਂ ਵਿਚ ਲਿਆਉਣ ਲਈ ਉਬੇਰ ਦੀ ਵਰਤੋਂ ਕੀਤੀ। ਸਾਜਿਸ਼ਕਰਤਾ ਜੁਲਾਈ 2018 ਤੋਂ ਇਸ ਕੰਮ ਨੂੰ ਅੰਜਾਮ ਦੇ ਰਹੇ ਸਨ।

# ਨਿਊਯਾਰਕ ਵਿੱਚ 2 ਨਬਾਲਿਗ ਬੱਚਿਆਂ ਨੂੰ ਆਪਣੀ ਤੇਜ ਰਫਤਾਰ ਗੱਡੀ ਨਾਲ ਟੱਕਰ ਮਾਰ ਕੇ ਜਾਨੋ ਮਾਰਨ ਵਾਲੇ ਭਾਰਤੀ ਮੂਲ ਦਾ ਡਰਾਈਵਰ ਗ੍ਰਿਫਤਾਰ

ਨਿਊਯਾਰਕ, (ਸਾਡੇ ਲੋਕ/ ਰਾਜ ਗੋਗਨਾ) ਇੱਥੇ ਦੇ ਇੱਕ ਸਥਾਨਕ ਉਪਨਗਰ ਵਿੱਚ ਦੋ ਨਬਾਲਿਗ ਬੱਚਿਆ ਨੂੰ ਆਪਣੀ ਗੱਡੀ ਨਾਲ ਟੱਕਰ ਮਾਰ ਕਿ ਉਹਨਾਂ ਨੂੰ ਦੀ ਮੌਤ ਦੇ ਘਾਟ ਉਤਾਰਨ ਵਾਲੇ ਇਕ ਭਾਰਤੀ ਮੂਲ ਦੇ ਵਿਅਕਤੀ ਦੇ ਵਿਰੁੱਧ ਦੌਸ਼ ਆਇਦ ਕਰਕੇ, ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਦੱਸਿਆ ਜਾਂਦਾ ਹੈ ਕਿ ਇਸ ਹੋਣ ਵਾਲੇ ਭਿਆਨਕ ਹਾਦਸੇ ਵਿੱਚ ਕਥਿਤ ਤੌਰ 'ਤੇ 150 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉਹ ਗਲਤ ਤਰੀਕੇ ਦੇ ਨਾਲ ਗੱਡੀ ਚਲਾ ਰਿਹਾ ਸੀ ਜੋ ਹਾਦਸੇ ਦਾ ਸ਼ਿਕਾਰ ਹੋ ਗਈ ਅਤੇ ਉਸ ਨੇ ਦੋ ਬੱਚਿਆ ਦੀ ਜਾਨ ਲੈ ਲਈ ਪੁਲਿਸ ਵੱਲੋ ਗ੍ਰਿਫਤਾਰ ਕੀਤੇ ਗਏ ਚਾਲਕ ਦਾ ਨਾਂ ਅਮਨਦੀਪ ਸਿੰਘ (34) ਸਾਲ ਹੈ ਅਤੇ ਉਸ ਦੇ ਵਿਰੁੱਧ ਲੱਗੇ 15 ਦੋਸ਼ਾਂ ਦਾ ਉਸ ਨੂੰ ਸਾਹਮਣਾ ਕਰਨ ਲਈ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਹਾਦਸੇ ਦੇ ਸਬੰਧ ਵਿੱਚ ਭਿਆਨਕ ਵਾਹਨ ਕਤਲ, ਘਟਨਾ ਸਥਾਨ ਛੱਡਣ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਸਮੇਤ 15 ਹੋਰ ਦੋਸ਼ਾਂ ਦਾ ਉਸ ਨੂੰ ਸਾਹਮਣਾ ਕਰਨਾ ਪਵੇਗਾ। ਹਾਦਸੇ ਵਿੱਚ ਮਾਰੇ ਗਏ ਇੱਕ 14 ਸਾਲ ਦਾ ਅਤੇ ਇਸ ਤੋਂ ਘੱਟ ਉਮਰ ਦਾ ਰਾਸ਼ਟਰੀ ਦਰਜਾ ਪ੍ਰਾਪਤ ਟੈਨਿਸ ਦਾ ਚੈਂਪੀਅਨ ਲੜਕਾ ਸੀ।ਸਰਕਾਰੀ ਵਕੀਲ ਐਨੀ ਡੌਨਲੀ ਨੇ ਕਿਹਾ: ÷ਕਰੈਸ਼ ਤੋਂ ਚਾਰ ਘੰਟੇ ਬਾਅਦ ਬਚਾਓ ਪੱਖ ਦੇ ਖੂਨ ਵਿੱਚ ਅਲਕੋਹਲ ਸਮੱਗਰੀ ਕਥਿਤ ਤੌਰ 'ਤੇ 0.15 ਸੀ ਅਤੇ ਕੋਕੀਨ ਦੀ ਮੌਜੂਦਗੀ ਦਾ ਵੀ ਖੁਲਾਸਾ ਹੋਇਆ ਹੈ। ਜਦ ਕਿ ਰਾਜ ਦੇ ਕਾਨੂੰਨ ਮੁਤਾਬਿਕ ਨਿਊਯਾਰਕ ਵਿੱਚ, 0.05 ਤੋਂ ਉੱਪਰ ਅਲਕੋਹਲ ਦਾ ਸੇਵਨ ਕਰਨਾ ਡਰਾਈਵਰ ਦੀ ਕਮਜ਼ੋਰੀ ਮੰਨਿਆ ਜਾਂਦਾ ਹੈ। ਪੁਲਿਸ



ਨੇ ਕਿਹਾ ਕਿ ਉਹ 95 ਮੀਲ ਪ੍ਰਤੀ ਘੰਟਾ (152 ਕਿਲੋਮੀਟਰ ਪ੍ਰਤੀ ਘੰਟਾ) ਆਪਣੀ ਗੱਡੀ ਵਿੱਚ ਸਫ਼ਰ ਕਰ ਰਿਹਾ ਸੀ ਜਦ ਕਿ ਉਸ ਸਥਾਨ 'ਤੇ ਪੋਸਟ ਕੀਤੀ ਗਤੀ ਸੀਮਾ 40 ਮੀਲ ਪ੍ਰਤੀ ਘੰਟਾ (64 ਕਿਲੋਮੀਟਰ ਪ੍ਰਤੀ ਘੰਟਾ) ਸੀ।ਉਸ ਦੀ ਤੇਜ ਰਫਤਾਰ ਗੱਡੀ ਇੱਕ ਅਲਫਾ ਰੋਮੀਓ ਗੱਡੀ ਨਾਲ ਟਕਰਾ ਗਈ ਜਿਸ ਵਿੱਚ ਚਾਰ ਬੱਚੇ ਸਫ਼ਰ ਕਰ ਰਹੇ ਸਨ ਅਤੇ ਉਹਨਾਂ ਵਿੱਚੋਂ ਦੋ ਦੀ ਮੋਕੇਤੇ ਮੌਤ ਹੋ ਗਈ।ਇਹ ਹਾਦਸਾ ਨਿਊਯਾਰਕ ਸ਼ਹਿਰ ਤੋਂ ਕਰੀਬ 50 ਕਿਲੋਮੀਟਰ ਦੀ ਦੂਰੀ ਤੇ ਜੇਰੀਕੋ ਵਿੱਚ ਵਾਪਰਿਆ।


## ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਭਾਈ ਹਰਦੀਪ ਸਿੰਘ ਨਿੱਝਰ ਦੇ ਅੰਤਿਮ ਸੰਸਕਾਰ ਵਿੱਚ ਹਜ਼ਾਰਾਂ ਸੰਗਤਾਂ ਨੇ ਕੀਤੀ ਸ਼ਿਰਕਤ ਆਪਣੇ ਮਹਿਬੂਬ ਨੇਤਾ ਨੂੰ ਸੰਗਤਾਂ ਨੇ ਦਿੱਤੀ ਸੇਜਲ ਅੱਖਾਂ ਨਾਲ ਵਿਦਾਇਗੀ





ਸਰੀ/ਬੀ ਸੀ : ਬਹੁਤ ਭਾਈ ਹਰਦੀਪ ਸਿੰਘ ਨਿੱਝਰ ਦੇ ਗੁਰੂ ਨਾਨਕ ਗੁਰਦੁਆਰੇ, ਸਰੀ, ਬੀ.ਸੀ. ਵਿਖੇ ਐਤਵਾਰ ਨੂੰ ਹੋਏ ਅੰਤਿਮ ਸੰਸਕਾਰ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਦੀ ਬੀਤੀ 18 ਜੂਨ ਨੂੰ ਜਦੋਂ ਉਹ ਗੁਰੂਘਰ ਤੋਂ ਬਾਹਰ ਆ ਕੇ ਆਪਣੀ ਗੱਡੀ ਵਿਚ ਬੈਠ ਗਏ ਸਨ, ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਸੀ।

ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਲਈ ਗੁਰਦੁਆਰਾ ਲਾਅਨ ਵਿੱਚ ਇੱਕ ਜਨਤਕ ਦਰਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਹਜ਼ਾਰਾਂ ਲੋਕਾਂ ਨੇ ਹਾਜ਼ਰੀ ਭਰ ਕੇ ਆਪਣੀ ਸ਼ਰਧਾਂਜਲੀ ਦਿੱਤੀ। ਅੰਤਿਮ ਦਰਸ਼ਨ ਮੌਕੇ ਅਖੰਡ ਕੀਰਤਨੀ ਜੱਥੇ ਦੇ ਕੀਰਤਨੀ ਭਾਈ ਅਨੰਤਵੀਰ ਸਿੰਘ ਯੂਐਸ ਸਮੇਤ ਵੱਖ ਵੱਖ ਰਾਗੀ ਸਿੰਘਾਂ ਨੇ ਹਾਜ਼ਰੀ ਭਰੀ ਸੀ। ਉਨ੍ਹਾਂ ਦੀ ਦੇਹ ਨੂੰ ਅੰਤਿਮ ਸੰਸਕਾਰ ਘਰ ਲੈ ਕੇ ਕਾਸਕੇਟ ਦੇ ਨਾਲ 5 ਕਿਲੋਮੀਟਰ ਪੈਦਲ ਲੰਮਾ ਕਾਫਲਾ ਚੱਲਿਆ ਸੀ ਤੇ ਚਲ ਰਹੀਆਂ ਸੰਗਤਾਂ ਦੇ ਹੱਥਾਂ ਵਿਚ ਕੇਸਰੀ ਨਿਸ਼ਾਨ ਹੋਏ ਸਨ।

ਭਾਈ ਨਿੱਝਰ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦੇਣ ਲਈ ਅਮਰੀਕਾ ਕਨੇਡਾ ਦੇ ਨਾਲ ਨਾਲ ਤਕਰੀਬਨ ਪੂਰੀ ਦੁਨੀਆ ਤੋਂ ਸਿੱਖ ਆਗੂ ਪਹੁੰਚੇ ਹੋਏ ਸਨ।


**American Freight Corp.**

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver
With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ
**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR
**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns
- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning
"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ
## ਸ. ਰਜਿੰਦਰ ਸਿੰਘ ਬਸਰਾ (209) 834-6188
## Address: 231 Portico Ln, Tracy, CA 95377

# ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਡੋ-ਅਮੈਰੀਕਨ ਗਰੁੱਪ ਨਾਲ ਕੀਤੀ ਮੁਲਾਕਾਤ, ਡਾ ਸਰੋਆ, ਰਮੇਸ਼ ਸਿੰਘ ਕਰਾਚੀ ਵੀ ਹੋਏ ਸ਼ਾਮਲ

## *ਗਿਆਨੀ ਰਘਵੀਰ ਸਿੰਘ ਦੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਨਿਯੁਕਤੀ ਦਾ ਕੀਤਾ ਸਵਾਗਤ*



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਸਿਖ ਇਡੋ-ਅਮੈਰੀਕਨ ਗਰੁੱਪ ਨਾਲ ਮੁਲਾਕਤ ਕੀਤੀ। ਇਸ ਮੌਕੇ ਉਹਨਾਂ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਹੋਈ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੈ ਇਸ ਦੇ ਸ਼ਾਨਮਤੇ ਇਤਿਹਾਸ ਅਤੇ ਹੋਂਦ ਨੂੰ ਢਾਹ ਨਹੀ ਲੱਗਣੀ ਚਾਹੀਦੀ ਉਹਨਾਂ ਸੰਸਥਾ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਸਾਨੂੰ ਸੰਸਥਾ ਦੀ ਮਜ਼ਬੂਤੀ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਹਨਾਂ ਭਰੋਸਾ ਦੁਆਇਆ ਕਿ ਕਮੇਟੀ ਵਲੋਂ ਅਮਰੀਕਨ ਸਿੱਖਾਂ ਦੀ ਸਲਾਹ ਅਤੇ ਸਹਿਯੋਗ ਲੈ ਕੇ ਕਾਰਜ ਕਰੇਗੀ। ਉਹਨਾਂ ਗਿਆਨੀ ਰਘਵੀਰ ਸਿੰਘ ਦੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਨਿਯੁਕਤੀ ਨੂੰ ਵੀ ਸ਼ਲਾਘਾਯੋਗ ਕਦਮ ਦੱਸਦਿਆਂ ਸਵਾਗਤ ਕੀਤਾ। ਮੀਟਿਗ ਨੂ ਡਾ. ਪਰਮਜੀਤ ਸਿੰਘ ਸਰੌਆ ਅਤੇ ਰਮੇਸ਼ ਸਿੰਘ ਖਾਲਸਾ ਕਰਾਚੀ ਨੇ ਵੀ ਸੰਬੋਧਨ ਕੀਤਾ। ਨਰਿੰਦਰਪਾਲ ਸਿੰਘ ਹੁੰਦਲ ਨੇ ਸਵਾਗਤ ਕਰਦਿਆਂ ਭਰੋਸਾ ਦਿੱਤਾ ਕਿ ਅਮਰੀਕਾ ਦੀਆਂ ਸੰਗਤਾਂ ਪੂਰਨ ਸਹਿਯੋਗ ਦੇਣ ਲਈ ਵਚਨਬੱਧ ਹੈ। ਮੀਟਿਗ ਵਿਚ ਪ੍ਰੋਫੈਸਰ ਮੁਖ਼ਤਿਆਰ ਸਿੰਘ ਗਿੱਲ, ਮਨਜੀਤ ਸਿੰਘ ਸੈਣੀ, ਜਾਨੋਂਾਲ ਸਿੰਘ ਭਿੰਡਰ, ਦਵਿੰਦਰ ਸਿੰਘ ਢਿਲੋਂ, ਸੋਹਣ ਸਿੰਘ ਧੂਰੀ, ਗੁਦਿਆਲ ਸਿੰਘ ਪਡਾ, ਹਰਬੰਸ ਸਿੰਘ, ਲਖਤਾਰ ਸਿੰਘ ਪਡਾ, ਰਘਬੀਰ ਸਿੰਘ ਚੌਧਰੀ, ਸੰਤੋਖ ਸਿੰਘ, ਗੁਰਦੇਵ ਸਿੰਘ ਢਿਲੋ ਹਾਜ਼ਰ ਸਨ।

# ਅਮਰੀਕਾ ਦੇ ਮਿਨੀਸੋਟਾ ਰਾਜ ਵਿਚ ਵਾਪਰਿਆ ਭਿਆਨਕ ਸੜਕ ਹਾਦਸਾ, 5 ਔਰਤਾਂ ਦੀ ਹੋਈ ਮੌਤ

## *ਆਪਣੇ ਮਿੱਤਰ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਹੋਈਆਂ ਸਨ ਇਕੱਠੀਆਂ*

ਸੈਕਰਾਮੈਂਟੋ/ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮਿਨੀਸੋਟਾ ਰਾਜ ਦੇ ਸ਼ਹਿਰ ਮਿਨੀਆਪੋਲਿਸ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ 5 ਔਰਤ ਦੋਸਤਾਂ ਦੇ ਮਾਰੇ ਜਾਣ ਦੀ ਖਬਰ ਹੈ। ਮ੍ਰਿਤਕਾਂ ਦੀ ਉਮਰ 21 ਸਾਲ ਤੋਂ ਘੱਟ ਦੱਸੀ ਜਾਂਦੀ ਹੈ। ਮਿਨੀਆਪੋਲਿਸ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਹਾਦਸੇ ਤੋਂ ਪਹਿਲਾਂ ਮਿਨੀਸੋਟਾ ਸਟੇਟ ਗਸ਼ਤੀ ਦਲ ਨੇ ਇੰਟਰ ਸਟੇਟ 35 ਉਪਰ ਇਕ ਤੇਜ਼ ਰਫ਼ਤਾਰ ਕਾਰ ਜਾਂਦੀ ਵੇਖੀ ਪਰੰਤੂ ਇਸ ਤੋਂ ਪਹਿਲਾਂ ਕਿ ਗਸ਼ਤੀ ਦਲ ਕਿਸੇ ਟਰੈਫ਼ਿਕ ਸਟਾਪ 'ਤੇ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰਦਾ, ਉਸ ਦਾ ਡਰਾਈਵਰ ਕਾਰ ਨੂੰ ਰਾਸ਼ਟਰੀ ਮਾਰਗ ਛੱਡ ਕੇ ਇਕ ਪਾਸੇ ਲੈ ਕੇ ਨਿਕਲ ਗਿਆ। ਬਾਅਦ ਵਿਚ ਕਾਰ ਲੇਕ ਸਟਰੀਟ ਤੇ ਸੈਕੰਡ ਐਵੀਨਿਊ ਵਿਚਾਲੇ ਪੈਂਦੇ ਚੌਰਾਹੇ 'ਤੇ ਬਿਨਾਂ ਲਾਲ ਬੱਤੀ ਦੀ ਪਰਵਾਹ ਕੀਤੇ ਅਗੇ ਨਿਕਲ ਗਈ ਤੇ ਇਕ ਕਾਰ ਵਿਚ ਜਾ ਵੱਜੀ ਜਿਸ ਵਿਚ 4 ਬਾਲਗ ਔਰਤਾਂ ਤੇ 1 ਨਬਾਲਗ ਔਰਤ ਸਵਾਰ ਸੀ ਜਿਨਾਂ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੁਲਿਸ ਹਾਦਸੇ ਵਾਲੇ ਸਥਾਨ 'ਤੇ ਸਥਾਨਕ ਸਮੇ ਅਨੁਸਾਰ ਰਾਤ 10.12 ਵਜੇ ਪਹੁੰਚੀ। ਬਿਆਨ ਅਨੁਸਾਰ ਹਾਦਸੇ ਲਈ ਜਿੰਮੇਵਾਰ ਕਾਰ ਦੇ ਡਰਾਈਵਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰੰਤੂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਹੇਨਪਿਨ ਕਾਊਂਟੀ ਮੈਡੀਕਲ ਸੈਂਟਰ ਵਿਚ ਡਾਕਟਰੀ ਜਾਂਚ ਲਈ ਦਾਖਲ ਕਰਵਾਇਆ ਗਿਆ ਹੈ। ਉਸ ਨੂੰ ਅਜੇ ਤੱਕ ਰਸਮੀ ਤੌਰ 'ਤੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਅਜੇ ਤੱਕ ਉਸ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਮ੍ਰਿਤਕਾਂ ਦੀ ਪਛਾਣ ਸਲਮਾ ਮੁਹੰਮਦ ਐਬਡੀਕਾਦਿਰ (20), ਸਾਹਰਾ ਲਿਬਨ ਗੈਸਾਡੇ (20), ਸਾਗਲ ਬੁਰਹਾਨ ਹਰਸੀ (19), ਸਿਹਾਮ ਐਡਨ ਓਧੋਵਾ (19) ਤੇ ਸਬੀਰੀਨ ਮੁਹੰਮਦ ਅਲੀ (17) ਵਜੋਂ ਹੋਈ ਹੈ। ਇਹ ਪੰਜੇ ਔਰਤਾਂ ਆਪਸ ਵਿਚ ਮਿੱਤਰ ਸਨ ਤੇ ਆਪਣੇ ਦੋਸਤ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਇਕੱਠੀਆਂ ਹੋਈਆਂ ਸਨ।

# ਅਮਰੀਕਾ ਦੇ ਓਹਾਇਓ ਰਾਜ ਵਿਚ 2 ਸਾਲਾ ਬੱਚੇ ਨੇ ਆਪਣੀ ਗਰਭਵਤੀ ਮਾਂ ਦੇ ਮਾਰੀ ਗੋਲੀ, ਹੋਈ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਓਹੀਓ ਰਾਜ ਵਿਚ ਨੌਰਵਾਕ ਵਿਖੇ ਇਕ 2 ਸਾਲ ਦੇ ਲੜਕੇ ਵੱਲੋਂ ਆਪਣੀ ਗਰਭਵਤੀ ਮਾਂ ਦੀ ਪਿੱਠ ਵਿਚ ਗੋਲੀ ਮਾਰ ਦੇਣ ਦੀ ਖਬਰ ਹੈ। ਪੁਲਿਸ ਅਨੁਸਾਰ ਮਾਂ ਤੇ ਗਰਭ ਵਿਚਲੇ ਬੱਚੇ ਦੀ ਮੌਤ ਹੋ ਗਈ ਹੈ। ਨੌਰਵਾਕ ਪੁਲਿਸ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਪੁਲਿਸ ਨੂੰ ਇਕ 31 ਸਾਲਾ ਮਾਂ ਨੇ ਫੋਨ ਕਰਕੇ ਕਿਹਾ ਕਿ ਉਸ ਦੇ 2 ਸਾਲ ਦੇ ਲੜਕੇ ਨੇ ਉਸ ਦੇ ਪਿੱਛੇ ਗੋਲੀ ਮਾਰ ਦਿੱਤੀ ਹੈ। ਉਸ ਨੇ ਪੁਲਿਸ ਨੂੰ ਇਹ ਵੀ ਦੱਸਿਆ ਕਿ ਉਹ 8 ਮਹੀਨੇ ਤੋਂ ਗਰਭਵਤੀ ਹੈ। ਬਿਆਨ ਅਨੁਸਾਰ ਪੁਲਿਸ ਘਰ ਦਾ ਦਰਵਾਜਾ ਜੋ ਬੰਦ ਸੀ, ਰਾਹੀਂ ਜਬਰਦਸਤੀ ਅੰਦਰ ਦਾਖਲ ਹੋਈ। ਪੁਲਿਸ ਅਨੁਸਾਰ ਮਾਂ ਤੇ ਪੁੱਤਰ ਮਾਸਟਰ ਬੈੱਡ ਰੂਮ ਸਨ ਤੇ ਨੇੜੇ ਹੀ ਪਿਸਤੌਲ ਪਿਆ ਸੀ। ਉਸ ਸਮੇ ਮਾਂ ਪੂਰੀ ਹੋਸ਼ ਵਿਚ ਸੀ ਤੇ ਉਸ ਨੇ ਪੁਲਿਸ ਅਫਸਰਾਂ ਨੂੰ ਪੂਰੀ ਘਟਨਾ ਦਾ ਵੇਰਵਾ ਦਿੱਤਾ। ਉਸ ਦਾ 28 ਸਾਲਾ ਪਤੀ ਵੀ ਉਸ ਸਮੇ ਘਰ ਪਹੁੰਚ ਗਿਆ ਸੀ। ਮਾਂ ਨੂੰ ਮੈਡੀਕਲ ਸੈਂਟਰ ਲਿਜਾਇਆ ਗਿਆ ਜਿਥੇ ਥੋਹੜੀ ਦੇਰ ਬਾਅਦ ਮਾਂ ਤੇ ਗਰਭ ਵਿਚਲੇ ਬੱਚੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਅਜੇ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ।

# ਨਿਊਯਾਰਕ ਦੇ ਸਾਬਕਾ ਪੁਲਿਸ ਅਫਸਰ ਸਮੇਤ 3 ਵਿਰੁੱਧ ਚੀਨ ਸਰਕਾਰ ਦੇ ਇਸ਼ਾਰੇ 'ਤੇ ਇਕ ਪਰਿਵਾਰ ਦਾ ਪਿੱਛਾ ਕਰਨ ਦੇ ਮਾਮਲੇ ਵਿਚ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਨਿਊਯਾਰਕ ਦੀ ਇਕ ਸੰਘੀ ਅਦਾਲਤ ਨੇ ਚੀਨ ਸਰਕਾਰ ਦੇ ਇਸ਼ਾਰੇ 'ਤੇ ਨਿਊ ਜਰਸੀ ਦੇ ਇਕ ਪਰਿਵਾਰ ਦਾ ਪਿੱਛਾ ਕਰਨ ਦੇ ਮਾਮਲੇ ਵਿਚ ਨਿਊਯਾਰਕ ਪੁਲਿਸ ਵਿਭਾਗ ਦੇ ਇਕ ਸਾਬਕਾ ਪੁਲਿਸ ਅਫਸਰ ਸਮੇਤ 3 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ ਤੇ ਉਨਾਂ ਵਿਰੁੱਧ ਦੋਸ਼ ਆਇਦ ਕਰਨ ਦਾ ਆਦੇਸ਼ ਦਿੱਤਾ ਹੈ। ਨਿਊਯਾਰਕ ਸਿਟੀ ਪੁਲਿਸ ਵਿਭਾਗ ਦੇ ਸਾਬਕਾ ਸਾਰਜੈਂਟ ਮਾਈਕਲ ਮੈਕਮਹੋਨ (55) ਤੋਂ ਇਲਾਵਾ ਹੋਰ ਜਿਨਾਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ ਉਨਾਂ ਵਿਚ ਝੂ ਯਾਂਗ (66) ਤੇ ਹੇਂਗ ਕੌਂਗਾਇੰਗ (27) ਸ਼ਾਮਲ ਹਨ। ਝੂ ਯਾਂਗ ਵਿਰੁੱਧ ਪੀਪਲਜ ਰਿਪਬਲਿਕ ਆਫ ਚਾਈਨਾ ( ਪੀ ਆਰ ਸੀ) ਦੇ ਗੈਰਕਾਨੂੰਨੀ ਏਜੰਟ ਵਜੋਂ ਕੰਮ ਕਰਨ ਦਾ ਵੀ ਦੋਸ਼ ਆਇਦ ਕੀਤਾ ਗਿਆ ਹੈ। ਜਿਊਰੀ




ਸਾਬਕਾ ਪੁਲਿਸ ਅਫਸਰ ਮਾਈਕਲ ਮੈਕਮਹੋਨ

ਵੱਲੋਂ 3 ਹਫਤਿਆਂ ਦੀ ਸੁਣਵਾਈ ਉਪਰੰਤ ਸੁਣਾਇਆ ਗਿਆ ਫੈਸਲਾ ਬਹੁਤ ਅਹਿਮ ਹੈ ਕਿਉਂਕਿ ਚੀਨ ਦੀ ਕਮਿਊਨਿਸਟ ਪਾਰਟੀ ਦੇ ਕੌਮਾਂਤਰੀ ਕਥਿੱਤ ਭ੍ਰਿਸ਼ਟਾਚਾਰ ਵਿਰੋਧੀ ਆਪਰੇਸ਼ਨ ਫੌਕਸ ਹੰਟ ਮੁਹਿੰਮ ਨਾਲ ਲੜਨ ਦੀਆਂ ਯੂ ਐਸ ਨਿਆਂ ਵਿਭਾਗ ਦੀਆਂ ਕੋਸ਼ਿਸ਼ਾਂ ਨੂੰ ਪਹਿਲੀ ਵਾਰ ਬੂਰ ਪਿਆ ਹੈ। ਆਪਰੇਸ਼ਨ ਫੌਕਸ ਹੰਟ ਚੀਨ ਸਰਕਾਰ ਵੱਲੋਂ 2014 ਵਿਚ ਉਨਾਂ ਵਿਅਕਤੀਆਂ ਵਿਰੁੱਧ ਸ਼ੁਰੂ ਕੀਤਾ ਗਿਆ ਸੀ ਜਿਨਾਂ ਨੂੰ ਚੀਨ ਸਰਕਾਰ ਭਗੌੜਾ ਸਮਝਦੀ ਹੈ। ਇਨਾਂ ਵਿਅਕਤੀਆਂ ਵਿਚ ਅਕਸਰ ਆਰਥਕ ਅਪਰਾਧ ਲਈ ਸ਼ੱਕੀ ਚੀਨ ਦੇ ਸਾਬਕਾ ਅਫਸਰ ਜਾਂ ਅਮੀਰ ਵਿਅਕਤੀ ਸ਼ਾਮਲ ਹੁੰਦੇ ਹਨ। ਯੂ ਐਸ ਅਸਿਸਟੈਂਟ ਅਟਾਰਨੀ ਜਨਰਲ ਮੈਥੀਊ ਓਲਸੇਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪੀ ਆਰ ਸੀ ਦੀ ਤਰਫੋਂ ਧਮਕੀਆਂ ਦੇਣ ਸਮੇਤ ਤੰਗ ਪ੍ਰੇਸ਼ਾਨ ਕਰਨ ਦੀ ਮੁਹਿੰਮ ਦਾ ਮਕਸਦ ਪੀੜਤਾਂ ਨੂੰ ਅਮਰੀਕਾ ਤੋਂ ਵਾਪਿਸ ਚੀਨ ਲਿਆਉਣਾ ਹੈ।

# ਅਮਰੀਕਾ ਦੇ ਏਡਾਹੋ ਰਾਜ 'ਚ ਇਕ ਪਰਿਵਾਰ ਦੇ 4 ਜੀਆਂ ਦੀਆਂ ਗੋਲੀਆਂ ਮਾਰ ਕੇ ਹੱਤਿਆ, ਗਵਾਂਢੀ ਗ੍ਰਿਫਤਾਰ,ਦੋਸ਼ ਆਇਦ

ਸੈਕਰਾਮੈਂਟੋ/ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਏਡਾਹੋ ਰਾਜ ਦੇ ਸ਼ਹਿਰ ਕੇਲੌਂਗ ਵਿਖੇ ਇਕ ਪਰਿਵਾਰ ਦੀ 4 ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁਲਿਸ ਨੇ ਹੱਤਿਆ ਲਈ ਜਿੰਮੇਵਾਰ ਗਵਾਂਢੀ ਸ਼ੱਕੀ ਦੋਸ਼ੀ 31 ਸਾਲਾ ਮਜੋਰਜੋਨ ਕੇਲੋਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ ਤੇ ਲੁੱਟਮਾਰ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਹਰੇਕ ਮ੍ਰਿਤਕ ਦੇ ਸਰੀਰ 'ਤੇ ਗੋਲੀਆਂ ਦੇ ਕਈ-ਕਈ ਜ਼ਖਮ ਹਨ। ਮ੍ਰਿਤਕਾਂ ਦੀ ਪਛਾਣ ਕੇਨਥ ਗੁਆਰਡੀਪੀ (65), ਉਸ ਦੀ ਧੀ ਕੇਨਾ ਗੁਆਰਡੀਪੀ (41), ਉਸ ਦੇ ਪੁੱਤਰ ਡੇਵਿਨ ਸਮਿੱਥ (18) ਤੇ ਏਕਨ ਸਮਿੱਥ (16) ਵਜੋਂ ਹੋਈ ਹੈ। ਅਦਾਲਤ ਦੇ ਰਿਕਾਰਡ ਅਨੁਸਾਰ ਇਨਾਂ ਚਾਰਾਂ ਨੂੰ ਬਹੁਤ ਹੀ ਬੇਰਹਿਮੀ ਨਾਲ ਨੇੜਿਉਂ ਗੋਲੀਆਂ ਮਾਰੀਆਂ ਗਈਆਂ ਹਨ। ਦੋ ਨਬਾਲਗ ਲੜਕਿਆਂ ਦੀਆਂ ਲਾਸ਼ਾਂ ਘਰ ਦੇ ਅੰਦਰ ਜਦ ਕਿ ਮਾਂ ਤੇ ਧੀ ਦੀਆਂ ਲਾਸ਼ਾਂ ਘਰ ਦੇ ਬਾਹਰ ਪਈਆਂ ਮਿਲੀਆਂ ਸਨ। ਹਾਲਾਂ ਕਿ ਅਧਿਕਾਰੀਆਂ ਨੇ ਹੱਤਿਆਵਾਂ ਪਿੱਛੇ ਅਸਲ ਮਕਸਦ ਬਾਰੇ ਕੁਝ ਨਹੀਂ ਦਸਿਆ ਹੈ ਪਰੰਤੂ



4 ਹੱਤਿਆਵਾਂ ਦੇ ਮਾਮਲੇ ਵਿਚ ਗ੍ਰਿਫਤਾਰ ਮਜੋਰਜੋਨ ਕੇਲੋਰ ਸੱਜੇ ਪੇਸ਼ੀ ਦੌਰਾਨ ਅਦਾਲਤ ਵਿਚ ਵਕੀਲ ਲੀਸਾ ਚੈਸਬਰੋ ਨਾਲ ਬੈਠਾ ਹੋਇਆ

ਪੁਲਸ ਵੱਲੋਂ ਦਾਇਰ ਹਲਫ਼ੀਆ ਬਿਆਨ ਅਨੁਸਾਰ ਹੱਤਿਆਵਾਂ ਤੋਂ ਇਕ ਹਫਤਾ ਪਹਿਲਾਂ ਕੇਲੋਰ ਤੇ ਉਸ ਦਾ ਪਰਿਵਾਰ ਜੋ ਪੀੜਤਾਂ ਦੇ ਉਪਰ ਡੂਪਲੈਕਸ ਅਪਾਰਟਮੈਂਟ ਵਿਚ ਰਹਿੰਦਾ ਹੈ, ਨੇ ਡੇਵਿਨ ਸਮਿੱਥ ਉਪਰ ਉਨਾਂ ਦੀ ਧੀ ਦੇ ਸਾਹਮਣੇ ਅਸ਼ਲੀਲ ਹਰਕਤਾਂ ਕਰਨ ਦਾ ਦੋਸ਼ ਲਾਇਆ ਸੀ ਜਿਸ 'ਤੇ ਦੋਨਾਂ ਪਰਿਵਾਰਾਂ ਵਿਚਾਲੇ ਝਗੜਾ ਹੋਇਆ ਸੀ ਜੋ ਹਤਿਆਵਾਂ ਦਾ ਕਾਰਨ ਬਣਿਆ।

# ਆਪਣੇ 3 ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਪਿਤਾ ਦੀ ਮੌਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੋਲੋਰਾਡੋ ਦੇ ਇਕ ਦਰਿਆ ਵਿਚ ਕਿਸ਼ਤੀ ਉਲਟਣ ਕਾਰਨ ਡਾ ਡਸਟਿਨ ਹਾਰਕਰ ਦੀ ਮੌਤ ਹੋ ਗਈ। ਹਚਿਨਸਨ ਕਲੀਨਿਕ ਵਿਚ ਕੰਮ ਕਰਦੇ ਰਹੇ ਡਾ ਹਾਰਕਰ ਆਪਣੇ 4 ਬੱਚਿਆਂ ਸਮੇਤ ਕੁਝ ਦੋਸਤਾਂ ਮਿਤਰਾਂ ਨਾਲ "ਵਾਈਟ ਵਾਟਰ ਰਾਫਟਿੰਗ ਟਰਿਪ" 'ਤੇ ਗਏ ਸਨ। ਡਾ ਹਾਰਕਰ ਦੀ ਸਾਲੀ ਸ਼ਾਰੋਨ ਨਿਊ ਯੋਂਗ ਨੇ ਕਿਹਾ ਹੈ ਕਿ ਇਸ ਦਰਿਆ ਵਿਚ ਹਰ ਸਾਲ ਮੌਜ ਮਸਤੀ ਕਰਨ ਲਈ ਲੋਕ ਜਾਂਦੇ ਹਨ ਪਰੰਤੂ ਇਸ ਵਾਰ ਜਿਆਦਾ ਬਾਰਿਸ਼ ਹੋਣ ਕਾਰਨ ਦਰਿਆ ਵਿਚ ਪਾਣੀ ਵਧੇਰੇ ਹੈ ਤੇ ਪਾਣੀ ਦੀਆਂ ਛੱਲਾਂ ਬਹੁਤ ਜੋਰਦਾਰ ਹਨ। ਉਨਾਂ ਕਿਹਾ ਕਿ ਜਿਸ ਕਿਸ਼ਤੀ ਉਪਰ ਡਾ ਡਸਟਿਨ ਤੇ ਉਸ ਦੇ 3 ਬੱਚੇ ਸਵਾਰ ਸਨ, ਉਹ ਬਹੁਤ ਬੁਰੀ ਤਰਾਂ ਪਾਣੀ ਵਿਚ ਫਸ ਕੇ ਉਲਟ ਗਈ। ਡਾ ਡਸਟਿਨ ਨੇ ਬੱਚਿਆਂ ਨੂੰ ਬਚਾਉਣ ਲਈ ਆਪਣੀ ਜਿੰਦਗੀ ਦਾਅ 'ਤੇ ਲਾ ਦਿੱਤੀ । ਸਾਰੇ ਬੱਚੇ ਸੁਰੱਖਿਅਤ ਬਾਹਰ ਕੱਢ ਲਏ ਗਏ ਪਰੰਤੂ ਡਸਟਿਨ ਬੇਹੋਸ਼ ਹੋ ਗਿਆ। ਉਸ ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ।



# ਅਮਰੀਕਾ ਵਿਚ ਮੌਤ ਦੀ ਸਜ਼ਾ ਪ੍ਰਾਪਤ ਇਕ ਵਿਅਕਤੀ 29 ਸਾਲ ਜੇਲ ਕੱਟਣ ਤੋਂ ਬਾਅਦ ਨਿਰਦੋਸ਼ ਕਰਾਰ, ਹੋਈ ਰਿਹਾਈ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਐਰੀਜ਼ੋਨਾ ਰਾਜ ਵਿਚ ਬੈਰੀ ਜੋਨਜ ਨਾਮੀ ਵਿਅਕਤੀ, ਜਿਸ ਨੂੰ ਇਕ 4 ਸਾਲਾ ਬੱਚੀ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਨੂੰ ਨਿਰਦੋਸ਼ ਕਰਾਰ ਦੇ ਕੇ 29 ਸਾਲ ਬਾਅਦ ਜੇਲ ਵਿਚੋਂ ਰਿਹਾਅ ਕਰ ਦੇਣ ਦੀ ਖਬਰ ਹੈ। ਬੈਰੀ ਜੋਨਜ ਨੇ ਆਪਣੀ ਮੌਤ ਦੀ ਸਜ਼ਾ ਵਿਰੁੱਧ ਲੰਬੀ ਕਾਨੂੰਨੀ ਲੜਾਈ ਲੜੀ। ਬੈਰੀ ਜੋਨਜ ਦੀ ਉਮਰ ਇਸ ਸਮੇ 64 ਸਾਲ ਹੈ ਤੇ ਜਿਸ ਸਮੇ ਉਸ ਨੂੰ ਆਪਣੀ ਦੋਸਤ ਕੁੜੀ ਦੀ 4 ਸਾਲ ਦੀ ਬੱਚੀ ਦੀ ਮੌਤ ਦੇ ਮਾਮਲੇ ਵਿਚ ਜੇਲ ਵਿਚ ਬੰਦ ਕੀਤਾ ਗਿਆ ਸੀ, ਉਸ ਸਮੇ ਉਹ 35 ਸਾਲ ਦਾ ਸੀ। ਜੋਨਜ ਨੇ ਰਿਹਾਈ ਉਪਰੰਤ ਕਿਹਾ ਕਿ ਇਹ ਬਹੁਮੁੱਲੇ ਪਲ ਹਨ ਜਦੋਂ ਉਹ ਆਪਣੇ ਪਰਿਵਾਰ ਨੂੰ ਤਕਰੀਬਨ 3 ਦਹਾਕੇ ਬਾਅਦ ਮਿਲ ਰਿਹਾ ਹੈ। ਉਸ ਨੇ ਆਪਣੇ ਵਕੀਲਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਨੇ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਕਦੀ ਵੀ ਆਸ ਨਹੀਂ ਛੱਡੀ ਸੀ । ਉਸ ਨੇ ਆਪਣੇ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਤੇ ਕਿਹਾ ਕਿ ਪਰਿਵਾਰ ਉਸ ਨਾਲ ਬਹੁਤ ਹੀ ਕਠਿਨ ਸਮੇ ਵਿਚ ਉਸ ਨਾਲ ਖੜਾ ਰਿਹਾ। ਪ੍ਰਾਪਤ ਵੇਰਵੇ ਅਨੁਸਾਰ ਸਟੇਟ ਅਟਾਰਨੀ ਦਫਤਰ ਤੇ ਪੀਮਾ ਕਾਊਂਟੀ ਅਟਾਰਨੀ ਦਫਤਰ ਵਿਚਾਲੇ ਇਹ ਸਹਿਮਤੀ ਬਣੀ ਕਿ ਜੋਨਜ ਨੂੰ ਫਸਟ ਡਿਗਰੀ ਹੱਤਿਆ ਮਾਮਲੇ ਤਹਿਤ ਮਿਲੀ ਮੌਤ ਦੀ ਸਜ਼ਾ ਖਤਮ ਕਰ ਦਿੱਤੀ ਜਾਵੇ ਜਿਸ ਉਪਰੰਤ ਜੋਨਜ ਨੂੰ ਸੈਕਿੰਡ ਡਿਗਰੀ ਹੱਤਿਆ ਲਈ ਜਿੰਮੇਵਾਰ ਠਹਿਰਾਇਆ ਗਿਆ ਜਿਸ ਅਪਰਾਧ ਲਈ 25 ਸਾਲ ਸਜ਼ਾ ਨਿਸਚਤ ਹੈ। ਕਾਊਂਟੀ ਅਟਾਰਨੀ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜੋਨਜ ਪਹਿਲਾਂ ਹੀ 29 ਸਾਲ ਜੇਲ ਕੱਟ ਚੁੱਕਾ ਸੀ ਇਸ ਲਈ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਜੋਨਜ ਨੂੰ ਆਪਣੀ ਦੋਸਤ ਕੁੜੀ ਦੀ 4 ਸਾਲਾ ਧੀ ਦੀ ਮੌਤ ਦੇ ਮਾਮਲੇ ਵਿਚ ਜੁਲਾਈ 1995 ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਬੱਚੀ ਦੀ ਮੌਤ ਪੀਮਾ ਕਾਊਂਟੀ ਵਿਚ 1994 ਵਿਚ ਉਸ ਦੇ ਅੰਦਰੂਨੀ ਜਖਮਾਂ ਕਾਰਨ ਹੋਈ ਸੀ। ਜੌਹਨ ਉਪਰ ਦੋਸ਼ ਸੀ ਕਿ ਬੱਚੀ ਨੂੰ ਜ਼ਖਮੀ ਕਰਨ ਲਈ ਉਹ ਜਿੰਮੇਵਾਰ ਹੈ ਜਿਸ ਤੋਂ ਜੋਨਜ ਹਮੇਸ਼ਾਂ ਇਨਕਾਰ ਕਰਦਾ ਰਿਹਾ ਹੈ।



# ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**

**510-472-0608**

**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਫਿਰ ਕਦੇ ਨਾ ਆਵੇ ਐਮਰਜੈਂਸੀ ਦਾ ਕਾਲਾ ਦੌਰ

25 ਜੂਨ, 1975 ਨੂੰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਨੂੰ ਅੱਜ 48 ਸਾਲ ਹੋ ਗਏ ਹਨ, ਪਰ ਉਨ੍ਹਾਂ ਕਾਲੇ ਦਿਨਾਂ ਦੀਆਂ ਕਾਲੀਆਂ ਯਾਦਾਂ ਅੱਜ ਵੀ ਦਿਲ-ਦਿਮਾਗ਼ 'ਚ ਤਾਜ਼ਾ ਹਨ। 5 ਜੂਨ, 1975 ਨੂੰ ਇਲਾਹਾਬਾਦ ਹਾਈ ਕੋਰਟ ਵਲੋਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਚੋਣ ਨੂੰ ਅਯੋਗ ਕਰਾਰ ਦੇਣ ਤੋਂ ਬਾਅਦ ਉਨ੍ਹਾਂ ਵਲੋਂ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਬਜਾਏ, ਦੇਸ਼ 'ਚ ਐਮਰਜੈਂਸੀ ਲਾਗੂ ਕਰ ਦਿੱਤੀ। ਸਮੁੱਚੀ ਵਿਰੋਧੀ ਧਿਰ ਨੂੰ ਜੇਲ੍ਹ 'ਚ ਸੁੱਟ ਦਿੱਤਾ ਗਿਆ, ਪ੍ਰੈੱਸ 'ਤੇ ਪੂਰੀ ਤਰ੍ਹਾਂ ਨਾਲ ਸੈਂਸਰਸ਼ਿਪ ਲਾਗੂ ਕਰ ਦਿੱਤੀ ਗਈ ਅਤੇ ਸਾਰੇ ਦੇਸ਼ ਨੂੰ ਇਕ ਖੁੱਲ੍ਹੀ ਜੇਲ੍ਹ ਬਣਾ ਦਿੱਤਾ ਗਿਆ।

ਉਸ ਦੌਰਾਨ ਲੋਕਾਂ ਦੀ ਜ਼ੁਬਾਨ 'ਤੇ ਸਰਕਾਰ ਨੇ ਤਾਲਾ ਲਗਾ ਦਿੱਤਾ ਸੀ। ਜੋ ਵੀ ਐਮਰਜੈਂਸੀ ਜਾਂ ਸਰਕਾਰ ਦੇ ਖ਼ਿਲਾਫ਼ ਬੋਲਦਾ ਸੀ, ਉਨ੍ਹਾਂ ਨੂੰ ਜੇਲ੍ਹ 'ਚ ਸੁੱਟ ਦਿੱਤਾ ਜਾਂਦਾ ਸੀ ਅਤੇ ਉਨ੍ਹਾਂ 'ਤੇ ਹੋਰ ਅੱਤਿਆਚਾਰ ਕੀਤੇ ਜਾਂਦੇ ਸਨ। ਸਰਕਾਰ ਨੇ ਇਸ ਮਾਮਲੇ 'ਚ ਸਾਰੇ ਪ੍ਰਮੁੱਖ ਵਿਰੋਧੀ ਨੇਤਾਵਾਂ ਸ੍ਰੀ ਅਟਲ ਬਿਹਾਰੀ ਵਾਜਪਾਈ, ਸ੍ਰੀ ਲਾਲ ਕ੍ਰਿਸ਼ਨ ਅਡਵਾਨੀ, ਚੌਧਰੀ ਚਰਨ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ ਆਦਿ ਦੇ ਨਾਲ-ਨਾਲ ਪ੍ਰਸਿੱਧ ਪੱਤਰਕਾਰਾਂ, ਜਿਨ੍ਹਾਂ 'ਚ ਸ੍ਰੀ ਕੁਲਦੀਪ ਨਈਅਰ, ਸ੍ਰੀ ਰਾਮ ਨਾਥ ਗੋਇਨਕਾ, ਲਾਲਾ ਜਗਤ ਨਾਰਾਇਣ, ਸ੍ਰੀ ਸ਼ਿਆਮ ਖੋਸਲਾ ਆਦਿ ਸ਼ਾਮਿਲ ਸਨ, ਨੂੰ ਵੀ ਜੇਲ੍ਹ 'ਚ ਡੱਕ ਦਿੱਤਾ ਗਿਆ ਅਤੇ ਉਨ੍ਹਾਂ 'ਤੇ ਅੱਤਿਆਚਾਰ ਕੀਤੇ ਗਏ। ਸ੍ਰੀਮਤੀ ਗਾਂਧੀ ਨੂੰ ਖ਼ੁਸ਼ ਕਰਨ ਲਈ ਵੱਖ-ਵੱਖ ਕਾਂਗਰਸ ਸ਼ਾਸਿਤ ਸੂਬਿਆਂ 'ਚ ਲੋਕਾਂ 'ਤੇ ਬੇਅੰਤ ਅੱਤਿਆਚਾਰ ਕੀਤੇ ਗਏ, ਜ਼ਬਰਦਸਤੀ ਨਸਬੰਦੀ ਕੀਤੀ ਗਈ, ਲੋਕਾਂ ਦੇ ਘਰ-ਮਕਾਨ ਤੋੜੇ ਗਏ, ਹਜ਼ਾਰਾਂ ਲੋਕਾਂ ਦੀਆਂ ਨੌਕਰੀਆਂ ਖੋਹ ਲਈਆਂ ਗਈਆਂ ਅਤੇ ਕਈ ਲੋਕਾਂ ਦੀ ਤਾਂ ਅੱਤਿਆਚਾਰਾਂ ਕਾਰਨ ਮੌਤ ਵੀ ਹੋ ਗਈ। ਖ਼ੁਦ ਮੈਨੂੰ ਚੰਡੀਗੜ੍ਹ ਪੁਲਿਸ ਨੇ ਬਿਜਲੀ ਦੀਆਂ ਤਾਰਾਂ ਨਾਲ ਕਰੰਟ ਦੇ ਝਟਕੇ ਲਗਾਏ ਗਏ ਸਨ ਅਤੇ ਇਕ ਵਾਰ ਤਾਂ ਲੱਗਣ ਲੱਗਾ ਸੀ ਕਿ ਸ਼ਾਇਦ ਮੈਂ ਨਹੀਂ ਬਚਾਂਗਾ, ਪਰ ਰੱਬ ਦੀ ਕ੍ਰਿਪਾ ਨਾਲ ਮੈਂ ਜਿਊਂਦਾ ਬਚ ਗਿਆ। ਪਰ ਮੈਂ ਅੱਜ ਇਸ ਸੰਬੰਧ 'ਚ ਉਦੋਂ ਦੇ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਗਿਆਨ ਜ਼ੈਲ ਸਿੰਘ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਪੰਜਾਬ 'ਚ ਅੱਤਿਆਚਾਰ ਉਸ ਹੱਦ ਤੱਕ ਨਹੀਂ ਹੋਣ ਦਿੱਤੇ, ਜਿਸ ਹੱਦ ਤੱਕ ਬਾਕੀ ਸੂਬਿਆਂ 'ਚ ਹੋ ਰਹੇ ਸਨ ਅਤੇ ਪੰਜਾਬ 'ਚ ਵਾਤਾਵਰਨ ਬਾਕੀ ਸੂਬਿਆਂ ਤੋਂ ਬਿਹਤਰ ਰਿਹਾ, ਜਦੋਂ ਕਿ ਹਰਿਆਣਾ ਤੇ ਹਿਮਾਚਲ 'ਚ ਵਿਰੋਧੀ ਨੇਤਾਵਾਂ ਨੂੰ ਭਾਰੀ ਦੁੱਖ ਦਿੱਤੇ ਗਏ।

ਸ੍ਰੀਮਤੀ ਇੰਦਰਾ ਗਾਂਧੀ ਨੂੰ ਐਮਰਜੈਂਸੀ ਲਗਾਉਣ ਦੀ ਸਲਾਹ ਕਿਸ ਨੇ ਦਿੱਤੀ ਸੀ, ਦੇ ਸਵਾਲ ਨੂੰ ਲੈ ਕੇ ਉਨੀ ਦਿਨੀਂ ਦੋ ਨਾਂਅ ਚਰਚਾ 'ਚ ਸਨ, ਇਕ ਮਰਹੂਮ ਸਿਧਾਰਥ ਸ਼ੰਕਰ ਰੇਅ ਦਾ ਅਤੇ ਦੂਜਾ ਚੌਧਰੀ ਬੰਸੀ ਲਾਲ ਦਾ। ਕਈ ਸਾਲਾਂ ਬਾਅਦ ਮੈਂ ਜਦੋਂ ਚੌਧਰੀ ਬੰਸੀ ਲਾਲ ਕੋਲੋਂ ਇਸ ਬਾਰੇ ਪੁੱਛਿਆਂ ਤਾਂ ਉਨ੍ਹਾਂ ਨੇ ਕਿਹਾ ਕਿ ਸ੍ਰੀਮਤੀ ਗਾਂਧੀ ਨੂੰ ਇਹ ਰਾਇ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਦਿੱਤੀ ਸੀ, ਉਨ੍ਹਾਂ ਨੇ ਨਹੀਂ। ਅੱਜ ਇਹ ਤਿੰਨੋਂ ਹਸਤੀਆਂ ਦੁਨੀਆ ਤੋਂ ਜਾ ਚੁੱਕੀਆਂ ਹਨ, ਇਸ ਲਈ ਇਸ ਗੱਲ ਦੀ ਹਕੀਕਤ ਵੀ ਇਤਿਹਾਸ ਦਾ ਅੰਗ ਬਣ ਕੇ ਰਹਿ ਗਈ ਹੈ। ਉਨ੍ਹਾਂ ਦਿਨਾਂ 'ਚ ਮੋਬਾਈਲ, ਵੱਟਸਐਪ ਆਦਿ ਨਹੀਂ ਹੁੰਦੇ ਸਨ ਅਤੇ ਖ਼ਬਰਾਂ ਮਿਲਣ ਦਾ ਇਕਲੌਤਾ ਸਾਧਨ ਬੀ.ਬੀ.ਸੀ. ਨਿਊਜ਼ ਹੁੰਦਾ ਸੀ।

ਹੈਰਾਨੀਜਨਕ ਹੈ ਕਿ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਤਾਨਾਸ਼ਾਹੀ ਵੱਲ ਵਧੀ ਤਾਂ ਚੰਗੇ-ਚੰਗੇ ਲੋਕਾਂ ਨੇ ਆਪਣੀ ਜ਼ੁਬਾਨ ਬੰਦ ਰੱਖੀ। ਬਹੁਤ ਸਾਰੇ ਬੁੱਧੀਜੀਵੀਆਂ ਨੇ ਤਾਂ ਇਸ ਤਾਨਾਸ਼ਾਹੀ ਨੂੰ 'ਅਨੁਸ਼ਾਸਨ ਦਾ ਤਿਉਹਾਰ' (ਅਨੁਸ਼ਾਸਨ ਪਰਵ) ਕਹਿ ਕੇ ਇਸ ਦਾ ਸਮਰਥਨ ਵੀ ਕੀਤਾ। ਉਸ ਸਮੇਂ ਬਹੁਤੇ ਬੁੱਧੀਜੀਵੀ ਸਮਾਜ ਨੇ ਐਮਰਜੈਂਸੀ ਦੇ ਖ਼ਿਲਾਫ਼ ਆਪਣੀ ਆਵਾਜ਼ ਨਹੀਂ ਸੀ ਚੁੱਕੀ। ਕੁਝ ਲੋਕਾਂ ਨੇ ਤਾਂ ਆਪਣੇ ਖ਼ੂਨ ਨਾਲ ਹਸਤਾਖ਼ਰ ਕਰਕੇ ਐਮਰਜੈਂਸੀ ਦਾ ਸਮਰਥਨ ਵੀ ਕੀਤਾ ਸੀ। ਆਪਣੇ ਫ਼ਰਜ਼ਾਂ ਦੀ ਅਦਾਇਗੀ 'ਚ ਸਮਾਜ ਦਾ ਆਮ ਵਰਗ ਤਾਂ ਅੱਗੇ ਰਿਹਾ ਪਰ ਬੁੱਧੀਜੀਵੀ ਵਰਗ ਪੱਛੜ ਗਿਆ ਸੀ। ਆਪਣੇ ਇਕ ਲੇਖ 'ਚ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਲਿਖਿਆ ਸੀ ਕਿ ਜਿਵੇਂ ਦਰੋਪਦੀ ਚੀਰ ਹਰਨ ਦੇ ਸਮੇਂ ਖ਼ਾਮੋਸ਼ ਰਹਿਣ ਵਾਲੇ ਭੀਸ਼ਮ ਪਿਤਾਮਾ, ਦਰੋਣਾਚਾਰਿਆ, ਕ੍ਰਿਪਾਚਾਰਿਆ ਵਰਗੇ ਮਹਾਂਰਥੀ ਵੀ ਉਸ ਪਾਪ ਲਈ ਬਰਾਬਰ ਦੇ ਦੋਸ਼ੀ ਸਨ, ਇੰਜ ਹੀ ਐਮਰਜੈਂਸੀ ਦੇ ਸਮੇਂ ਖ਼ਾਮੋਸ਼ੀ ਨਾਲ ਤਮਾਸ਼ਾ ਦੇਖਦੇ ਰਹਿਣ ਵਾਲੇ ਨੇਤਾ ਵੀ ਉਸ ਅਪਰਾਧ 'ਚ ਬਰਾਬਰ ਦੇ ਦੋਸ਼ੀ ਸਨ।

ਇਲਾਹਾਬਾਦ ਹਾਈ ਕੋਰਟ ਨੇ ਜਿਸ ਕਾਨੂੰਨੀ ਆਧਾਰ 'ਤੇ ਸ੍ਰੀਮਤੀ ਇੰਦਰਾ ਗਾਂਧੀ ਦੀ ਚੋਣ ਰੱਦ ਕਰ ਦਿੱਤੀ ਸੀ, ਉਹ ਬਹੁਤ ਹੀ ਮਜ਼ਬੂਤ ਸੀ ਅਤੇ ਉਸ ਕਾਨੂੰਨ ਦੇ ਰਹਿੰਦਿਆਂ ਸ੍ਰੀਮਤੀ ਇੰਦਰਾ ਗਾਂਧੀ ਨੂੰ ਸੁਪਰੀਮ ਕੋਰਟ ਤੋਂ ਵੀ ਕੋਈ ਰਾਹਤ ਮਿਲਣ ਦੀ ਸੰਭਾਵਨਾ ਨਹੀਂ ਸੀ। ਪਰ ਸ੍ਰੀਮਤੀ ਗਾਂਧੀ ਨੇ ਸੰਸਦ ਦਾ ਇਜਲਾਸ ਬੁਲਾ ਕੇ ਉਹ ਕਾਨੂੰਨ ਹੀ ਬਦਲ ਦਿੱਤਾ ਅਤੇ ਇਸ ਕਾਰਨ ਸੁਪਰੀਮ ਕੋਰਟ ਨੂੰ ਉਸ ਬਦਲੇ ਹੋਏ ਕਾਨੂੰਨ ਮੁਤਾਬਿਕ ਸ੍ਰੀਮਤੀ ਇੰਦਰਾ ਗਾਂਧੀ ਦੀ ਮੈਂਬਰਸ਼ਿਪ ਬਹਾਲ ਕਰਨੀ ਪਈ।

ਪਰ 1977 ਦੀਆਂ ਲੋਕ ਸਭਾ ਚੋਣਾਂ ਬੁਰੀ ਤਰ੍ਹਾਂ ਹਾਰਨ ਕਾਰਨ ਅਤੇ ਉਦੋਂ ਦੇ ਕਾਰਜਕਾਰੀ ਰਾਸ਼ਟਰਪਤੀ ਸ੍ਰੀ ਵੀ.ਡੀ. ਜੱਤੀ ਦੇ ਕਹਿਣ 'ਤੇ ਹੀ ਸ੍ਰੀਮਤੀ ਗਾਂਧੀ ਨੇ ਐਮਰਜੈਂਸੀ ਵਾਪਸ ਲਈ ਸੀ। ਅੱਜ ਸਾਰੇ ਦੇਸ਼ ਲਈ ਇਹ ਪ੍ਰਣ ਕਰਨ ਦਾ ਦਿਨ ਹੈ ਕਿ ਕੋਈ ਤਾਨਾਸ਼ਾਹ ਭਵਿੱਖ 'ਚ ਐਮਰਜੈਂਸੀ ਲਾਗੂ ਕਰਨ ਦੀ ਨਾ ਸੋਚ ਸਕੇ ਅਤੇ ਜੇਕਰ ਕੋਈ ਸੋਚੇ ਵੀ ਤਾਂ ਸਾਰਾ ਦੇਸ਼ ਇਕ ਚੱਟਾਨ ਵਾਂਗ ਉਸ ਦੇ ਖ਼ਿਲਾਫ਼ ਲਾਮਬੰਦ ਹੋ ਜਾਵੇ। ਅੱਜ ਵੀ ਉਹ ਦਿਨ ਯਾਦ ਕਰਕੇ ਮਨ ਕੰਬ ਉੱਠਦਾ ਹੈ, ਪਰ ਭਾਰਤ ਦੀ ਜਨਤਾ 'ਚ ਐਨੀ ਤਾਕਤ ਹੈ ਅਤੇ ਭਾਰਤ ਦਾ ਲੋਕਤੰਤਰ ਐਨਾ ਮਜ਼ਬੂਤ ਹੈ ਕਿ ਕਿਸੇ ਵੀ ਵੱਡੇ ਤੋਂ ਵੱਡੇ ਸੰਕਟ ਤੋਂ ਬਾਹਰ ਆ ਸਕਦਾ ਹੈ। ਅੱਜ ਜ਼ਰੂਰਤ ਇਸ ਗੱਲ ਦੀ ਹੈ ਕਿ ਸਮੁੱਚਾ ਦੇਸ਼ ਇਸ ਕਾਲੇ ਦੌਰ ਦੀ ਇਕ ਸੁਰ 'ਚ ਨਿੰਦਾ ਕਰੇ। ਬਹੁਤ ਦੁੱਖ ਦੀ ਗੱਲ ਹੈ ਕਿ ਸ੍ਰੀਮਤੀ ਗਾਂਧੀ ਦੇ ਰਾਜਨੀਤਕ ਵਾਰਸਾਂ ਨੇ ਅੱਜ ਤੱਕ ਉਨ੍ਹਾਂ ਅੱਤਿਆਚਾਰਾਂ ਲਈ ਇਕ ਵਾਰ ਵੀ ਦੇਸ਼ ਤੋਂ ਮੁਆਫ਼ੀ ਨਹੀਂ ਮੰਗੀ।

'ਬੋਲ ਕੇ ਲਬ ਆਜ਼ਾਦ,
ਤੇਰੇ ਹੈਂ ਬੋਲ ਜ਼ੁਬਾਂ ਅਬ ਤੱਕ ਤੇਰੀ ਹੈ'।
'ਫਿਰ ਕਬੀ ਨ ਲੌਟ ਪਾਏਂ ਵੋ ਕਾਲੇ ਦਿਨ'।
'ਫਿਰ ਕਬੀ ਨ ਆਏ ਆਪਾਤਸਥਿਤੀ ਕਾ ਕਾਲਾ ਅਧਿਆਏ'॥

ਸੱਤਿਆਪਾਲ ਜੈਨ

# ਭਾਰਤ ਦੀ ਅਰਥ-ਵਿਵਸਥਾ ਦਾ ਕੱਚ-ਸੱਚ

**ਦਰਬਾਰਾ ਸਿੰਘ ਕਾਹਲੋਂ**




ਭਾਰਤ ਅੰਦਰ ਖਰਬਪਤੀਆਂ ਦੀ ਗਿਣਤੀ 102 ਤੋਂ ਵਧ ਕੇ 142 ਹੋ ਗਈ ਹੈ। ਇਨ੍ਹਾਂ ਦੀ ਦੌਲਤ ਦਾ ਅੰਬਾਰ 23 ਲੱਖ ਕਰੋੜ ਰੁਪਏ ਤੋਂ ਵਧ ਕੇ 53 ਲੱਖ ਕਰੋੜ ਹੋ ਗਿਆ ਭਾਵ ਸਵਾ 2 ਗੁਣਾ। ਦੂਸਰੇ ਪਾਸੇ 84% ਭਾਰਤੀ ਪਰਿਵਾਰਾਂ ਦੀ ਆਮਦਨ ਵਿਚ ਕਮੀ ਆਈ ਹੈ। ਲਗਪਗ 4.6 ਕਰੋੜ ਲੋਕ ਗ਼ਰੀਬੀ ਦੀ ਰੇਖਾ ਤੋਂ ਧੜਾਮ ਥੱਲੇ ਡਿੱਗੇ। ਵਿਸ਼ਵ ਨਾ-ਬਰਾਬਰੀ ਸਬੰਧੀ ਰਿਪੋਰਟ ਸਾਡੇ ਅਜਿਹੇ ਆਰਥਿਕ ਅਤੇ ਸਮਾਜਿਕ ਨਿਘਾਰ 'ਤੇ ਮੋਹਰ ਲਾਉਂਦੀ ਹੈ। ਦਰਅਸਲ, ਭਾਰਤ ਦੀ ਤਰੱਕੀ ਨੂੰ ਨਿਕੰਮਾ ਪ੍ਰਬੰਧ, ਭ੍ਰਿਸ਼ਟਾਚਾਰ, ਸੱਤਾਧਾਰੀ ਜਮਾਤਾਂ ਨਾਲ ਜੁੜੇ ਦੇਸ਼ ਅਤੇ ਜਨਤਾ ਦੇ ਗ਼ਦਾਰ, ਜੋਕਾਂ ਵਜੋਂ ਚਿੰਬੜੇ ਲੋਕ ਜੋ ਬਦਲਣਾ ਹੀ ਨਹੀਂ ਚਾਹੁੰਦੇ, ਸਾਡੀ ਆਰਥਿਕਤਾ ਨੂੰ ਚੂਸੀ ਜਾ ਰਹੇ ਹਨ।

ਕੇਂਦਰ, ਰਾਜ ਅਤੇ ਸਥਾਨਕ ਸਰਕਾਰਾਂ ਦੇ ਪੱਧਰ 'ਤੇ ਸਥਿਤੀ ਕਿਧਰੇ ਸੁਧਰਦੀ ਨਜ਼ਰ ਨਹੀਂ ਆਉਂਦੀ। ਦੇਸ਼ ਅੰਦਰ ਰੋਡ ਟਰਾਂਸਪੋਰਟ ਅਤੇ ਰਾਸ਼ਟਰੀ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਛੋਟੇ ਸ਼ਹਿਰਾਂ ਨੂੰ ਰਾਸ਼ਟਰੀ ਰਾਜਮਾਰਗਾਂ ਨਾਲ ਜੋੜਨ, 6 ਮਾਰਗੀ ਰਾਸ਼ਟਰੀ ਰਾਜਮਾਰਗਾਂ ਦੇ ਨਿਰਮਾਣ ਦਾ ਵੱਡਾ ਯਤਨ ਆਰੰਭਿਆ ਹੋਇਆ ਹੈ। ਹਵਾਈ ਸੇਵਾਵਾਂ ਨਾਲ ਛੋਟੇ ਸ਼ਹਿਰ ਜੁੜੇ ਹਨ, ਵੰਦੇ ਭਾਰਤ ਟਰੇਨ ਵਧੀਆ ਸੇਵਾਵਾਂ ਦਾ ਦਮ ਭਰ ਰਹੀ ਹੈ ਪਰ ਸੰਨ 2023 ਤਕ ਬੁਲੇਟ ਟਰੇਨ ਦਾ ਪ੍ਰਧਾਨ ਮੰਤਰੀ ਜੀ ਦਾ ਵੱਡਾ ਦਾਅਵਾ ਅਜੇ ਕਿਧਰੇ ਪੂਰਾ ਹੁੰਦਾ ਵਿਖਾਈ ਨਹੀਂ ਦੇ ਰਿਹਾ। ਰੇਲਵੇ ਖੇਤਰ ਦਾ ਨਿਘਾਰ ਸਿਰ ਚੜ੍ਹ ਕੇ ਬੋਲ ਰਿਹਾ ਹੈ। ਜਿੱਥੇ ਰੇਲਵੇ ਸੇਵਾਵਾਂ ਦੀ ਕਮੀ ਕਰਕੇ ਸੰਨ 2021-22 ਵਿਚ 1.65 ਕਰੋੜ ਰੇਲਵੇ ਟਿਕਟਾਂ ਕੈਂਸਲ ਕਰਨੀਆਂ ਪਈਆਂ ਉੱਥੇ ਸੰਨ 2022-23 ਵਿਚ 2.72 ਕਰੋੜ ਰੇਲਵੇ ਟਿਕਟਾਂ ਕੈਂਸਲ ਕਰਨੀਆਂ ਪਈਆਂ। ਸੱਚਮੁੱਚ ਕੀ ਇਹ ਦੇਸ਼ ਦੀ ਅਰਥ-ਵਿਵਸਥਾ, ਵਿਧਵਾਵਾਂ, ਬਜ਼ੁਰਗਾਂ, ਅਪਾਹਜਾਂ ਤੇ ਵਿਦਿਆਰਥੀਆਂ ਲਈ ਰੇਲਵੇ ਸੇਵਾਵਾਂ ਦੀ ਘਾਟ ਸੰਬਧੀ ਚਿੰਤਾ ਦਾ ਵਿਸ਼ਾ ਨਹੀਂ ਹੈ? ਭਾਰਤ ਦੀ ਆਬਾਦੀ ਦੇਸ਼ ਦੀ ਆਜ਼ਾਦੀ ਵੇਲੇ 33 ਕਰੋੜ ਸੀ ਜੋ ਅੱਜ ਵਧ ਕੇ 142 ਕਰੋੜ ਹੋ ਗਈ ਹੈ। ਅਸੀਂ ਚੀਨ ਨੂੰ ਪਿੱਛੇ ਛੱਡ ਕੇ ਵਿਸ਼ਵ ਦਾ ਨੰਬਰ ਇਕ ਵੱਧ ਆਬਾਦੀ ਵਾਲਾ ਦੇਸ਼ ਬਣ ਚੁੱਕੇ ਹਾਂ। ਜੋ ਕਿਸਾਨੀ ਦੇਸ਼ ਦੇ ਹਰ ਰਾਜ ਵਿਚ ਆਪਣੇ ਹੱਕਾਂ ਅਤੇ ਪਰਿਵਾਰਾਂ ਦੇ ਭਵਿੱਖ ਲਈ ਸੜਕਾਂ, ਰੇਲ ਟਰੈਕਾਂ ਅਤੇ ਰਾਸ਼ਟਰੀ ਰਾਜਮਾਰਗਾਂ 'ਤੇ ਧਰਨੇ-ਮੁਜ਼ਾਹਰੇ ਕਰਨ ਲਈ ਮਜਬੂਰ ਹੋ ਰਹੀ ਹੈ ਜੇਕਰ ਉਹ 'ਹਰੇ ਇਨਕਲਾਬ' ਅਤੇ ਦਿਨ-ਰਾਤ ਮਿਹਨਤ ਨਾਲ ਖੇਤੀ ਪੈਦਾਵਾਰ ਨਾ ਕਰਦੀ ਤਾਂ ਅੱਜ ਭਾਰਤ ਰੁਲ ਚੁੱਕਾ ਹੁੰਦਾ।

ਭਾਰਤ ਦੀ ਆਬਾਦੀ ਵਿਚ ਜਿੱਥੇ ਆਜ਼ਾਦੀ ਤੋਂ ਹੁਣ ਤੀਕ ਵਾਧਾ 4.3 ਗੁਣਾ ਹੋਇਆ ਉੱਥੇ ਹੀ ਕਿਸਾਨ ਅਤੇ ਖੇਤ ਮਜ਼ਦੂਰ ਨੇ ਹੱਡ ਚੀਰਦੀਆਂ ਠੰਢੀਆਂ ਰਾਤਾਂ ਅਤੇ ਗਰਮੀ ਨਾਲ ਬੇਚੈਨ ਕਰਨ ਵਾਲੀਆਂ ਧੁੱਪਾਂ ਦੀ ਪਰਵਾਹ ਨਾ ਕਰਦਿਆਂ ਖੇਤੀ ਖੇਤਰ ਵਿਚ ਉਪਜ ਸੰਬਧੀ 17.2 ਗੁਣਾ ਵਾਧਾ ਦਰਜ ਕੀਤਾ। ਸੰਨ 1951 ਵਿਚ ਜਿਸ ਕਣਕ ਦੀ ਉਪਜ 6.5 ਮਿਲੀਅਨ ਟਨ ਸੀ, ਸੰਨ 2023 ਵਿਚ 112 ਮਿਲੀਅਨ ਟਨ ਦਰਜ ਕੀਤੀ ਗਈ। ਝੋਨੇ ਦੀ ਪੈਦਾਵਾਰ ਜੋ ਸੰਨ 1951 ਵਿਚ 20.6 ਮਿਲੀਅਨ ਟਨ ਸੀ, ਸੰਨ 2022-23 ਵਿਚ 130.8 ਮਿਲੀਅਨ ਟਨ ਦਰਜ ਕੀਤੀ ਗਈ। ਦੁੱਧ ਦੀ ਪੈਦਾਵਾਰ 1951 ਵਿਚ 17 ਮਿਲੀਅਨ ਲੀਟਰ ਸੀ ਜੋ ਸੰਨ ਅੱਜ 207 ਮਿਲੀਅਨ ਲੀਟਰ ਹੈ। ਬੇਰੁਜ਼ਗਾਰੀ, ਗੁਰਬਤ, ਅਨਪੜ੍ਹਤਾ, ਸਾਡਾ ਪ੍ਰਸ਼ਾਸਨਿਕ ਦੀਵਾਲੀਆਪਣ, ਭ੍ਰਿਸ਼ਟਾਚਾਰ, ਤਕੱਬਰ ਅਤੇ ਧੋਖਾਧੜੀ ਜਿਹੇ ਮਾਰੂ ਰੋਗਾਂ ਦਾ ਨਤੀਜਾ ਹੈ ਕਿ ਸਾਡੇ 60% ਭਾਵ 80 ਕਰੋੜ ਲੋਕ ਸਰਕਾਰ ਵੱਲੋਂ ਦਿੱਤੀ ਸਬਸਿਡੀ ਤੇ ਮੁਫ਼ਤ ਅਨਾਜ ਆਸਰੇ ਦਿਨ ਕੱਟ ਰਹੇ ਹਨ। ਪੋ ?ਰ. ਕਿ ?ਰਸ਼ਨਾ ਮੂਰਤੀ ਅਨੁਸਾਰ, "ਵਿਸ਼ਵ ਵਿਚ ਕਿਧਰੇ ਵੀ ਪਲੇਟ ਵਿਚ ਪਰੋਸਿਆ ਜਾਣ ਵਾਲਾ ਭੋਜਨ ਖੁੱਲ੍ਹੇ ਬਾਜ਼ਾਰ ਵਿੱਚੋਂ ਨਹੀਂ ਆਉਂਦਾ।" ਐੱਮਐੱਸਪੀ ਘਟਾਉਣਾ, ਖਾਦਾਂ, ਦਵਾਈਆਂ, ਸੰਦਾਂ, ਟਰੈਕਟਰਾਂ, ਡਰਿੱਪ ਸਿੰਚਾਈ ਅਤੇ ਜੀਐੱਸਟੀ ਰਾਹੀਂ ਕਿਸਾਨ ਨੂੰ ਸਾਲਾਨਾ 6000 ਰੁਪਏ ਦੇ ਕੇ ਉਸ ਤੋਂ ਪ੍ਰਤੀ ਹੈਕਟੇਅਰ 20,000 ਰੁਪਏ ਲੁੱਟੇ ਜਾਂਦੇ ਹਨ। ਮਹਾਰਾਸ਼ਟਰ ਵਿਚ ਕਿਸਾਨ 16 ਮਿਲੀਅਨ ਟਨ ਪਿਆਜ਼ ਪੈਦਾ ਕਰਦਾ ਹੈ ਪਰ ਹਕੀਕਤ ਕੀ ਹੈ, ਜ਼ਿਆਦਾ ਪੈਦਾਵਾਰ, ਰੇਟ ਜ਼ੀਰੋ। ਇਹੀ ਹਾਲ ਪੰਜਾਬ ਵਿਚ ਆਲੂ ਪੈਦਾਵਾਰ ਦਾ ਹੁੰਦਾ ਹੈ। ਕਿਸਾਨੀ ਨੂੰ ਪਿਆਜ਼ ਅਤੇ ਆਲੂ ਸੜਕਾਂ 'ਤੇ ਖਿਲਾਰਨ ਲਈ ਮਜਬੂਰ ਹੋਣਾ ਪੈਂਦਾ ਹੈ। ਅਸੀਂ ਵਿਦੇਸ਼ ਵਪਾਰ ਤੇ ਨਿਰਯਾਤ ਪ੍ਰਤੀ ਸੁੱਤੇ ਰਹੇ ਹਾਂ। ਅਪ੍ਰੈਲ 2023 ਵਿਚ ਲਿਆਂਦੀ ਵਿਦੇਸ਼ ਵਪਾਰ ਨੀਤੀ ਤਹਿਤ ਸੰਨ 2030 ਤਕ 2 ਟਿ ?ਰਲੀਅਨ ਡਾਲਰ ਦੇ ਨਿਰਯਾਤ ਦਾ ਟੀਚਾ ਮਿੱਥਿਆ ਹੈ। ਸਿਵਾਏ ਗਲੋਬਲ ਸ਼ੇਅਰ ਵਿਚ ਬਾਸਮਤੀ ਨਿਰਯਾਤ ਵਿਚ ਸਾਡੀ ਸਰਦਾਰੀ ਭਾਵ 65 ਪ੍ਰਤੀਸ਼ਤ ਹਿੱਸੇ ਦੇ ਅਸੀਂ ਵੱਡੇ ਉਤਪਾਦਕ ਹੋਣ ਦੇ ਬਾਵਜੂਦ ਫਾਡੀ ਹਾਂ।

ਸਾਡਾ ਗਲੋਬਲ ਨਿਰਯਾਤ 2 ਪ੍ਰਤੀਸ਼ਤ ਹੈ। ਦੁੱਧ ਦੇ ਨੰਬਰ ਇਕ ਉਤਪਾਦਕ, ਨਿਰਯਾਤ ਸ਼ਰਮਨਾਕ 0.5 ਪ੍ਰਤੀਸ਼ਤ। ਸਬਜ਼ੀਆਂ ਤੇ ਫ਼ਲਾਂ ਦੇ ਨੰਬਰ ਦੋ ਉਤਪਾਦਕ, ਨਿਰਯਾਤ ਨਾਮਾਤਰ। ਸਾਈਕਲ ਨਿਰਯਾਤ ਵਿਚ ਚੀਨ ਦੀ ਸਰਦਾਰੀ ਕਾਇਮ ਹੈ ਭਾਵ 60 ਪ੍ਰਤੀਸ਼ਤ। ਉਹ 10 ਕਰੋੜ ਸਾਈਕਲ ਨਿਰਯਾਤ ਕਰਦਾ ਹੈ। ਭਾਰਤ 5 ਪ੍ਰਤੀਸ਼ਤ ਭਾਵ 10 ਲੱਖ। ਭਾਵੇਂ ਟੈਕਸਟਾਈਲ ਅਤੇ ਲਿਬਾਸ ਦੀ ਮਾਰਕੀਟ ਸਾਡੀ 153 ਬਿਲੀਅਨ ਡਾਲਰ ਦੀ ਹੈ ਪਰ 70 ਪ੍ਰਤੀਸ਼ਤ ਘਰੋਗੀ ਮਾਰਕੀਟ ਹਜ਼ਮ ਕਰ ਜਾਂਦੀ ਹੈ। ਗਲੋਬਲ ਸ਼ੇਅਰ 5 ਪ੍ਰਤੀਸ਼ਤ ਰਹਿ ਜਾਂਦਾ। ਚੀਨ 37 ਪ੍ਰਤੀਸ਼ਤ ਜਦਕਿ ਬੰਗਲਾਦੇਸ਼ 7 ਪ੍ਰਤੀਸ਼ਤ ਸ਼ੇਅਰ ਰੱਖਦਾ ਹੈ। ਅਕਸਰ ਯੂਰਪ, ਅਮਰੀਕਾ, ਕੈਨੇਡਾ, ਆਸਟ ?ਰੇਲੀਆ ਵਿਚ ਲਿਬਾਸ ਮੇਡ ਇਨ ਬੰਗਲਾਦੇਸ਼ ਅਤੇ ਵੀਅਤਨਾਮ ਮਿਲਦੇ ਹਨ। ਖੇਡਾਂ ਦੇ ਸਾਮਾਨ ਵਿਚ ਚੀਨ ਝੰਡੇ ਗੱਡੀ ਬੈਠਾ ਹੈ। ਸਾਡਾ ਸ਼ਰਮਨਾਕ ਸ਼ੇਅਰ 0.56 ਪ੍ਰਤੀਸ਼ਤ ਹੈ। ਅੱਤਵਾਦ ਅਤੇ ਭ੍ਰਿਸ਼ਟਾਚਾਰੀ ਪੰਜਾਬ ਸਰਕਾਰਾਂ ਦੀਆਂ ਨੀਤੀਆਂ ਕਰਕੇ ਸਾਡੀ ਜਲੰਧਰ ਖੇਡ ਸਨਅਤ ਕਬਾੜ ਬਣ ਕੇ ਰਹਿ ਗਈ। ਭਾਰਤ ਇਕ ਵਿਸ਼ਾਲ ਦੇਸ਼ ਹੋਣ ਨਾਤੇ ਘਰੋਗੀ ਮੈਦਾਨ ਵਿਚ ਫੂੰਡਾਂ ਮਾਰਨ ਬਗੈਰ ਕੁਝ ਵਿਸ਼ੇਸ਼ ਨਹੀਂ ਕਰ ਸਕਿਆ।

ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਇਹ ਵਿਸ਼ਵ ਦੇ 25 ਦੇਸ਼ਾਂ ਵਿਚ ਨਾਮ ਦਰਜ ਨਹੀਂ ਕਰਵਾ ਸਕਿਆ ਜੋ ਹਥਿਆਰ ਨਿਰਯਾਤ ਕਰਦੇ ਹਨ। ਕੋਵਿਡ-19 ਦੀ ਮਾਰ ਦਾ ਅਸਰ ਲਗਾਤਾਰ ਕਾਇਮ ਹੈ ਜਿਸ ਕਰਕੇ ਇਸ ਦੀ ਹਥਿਆਰ ਨਿਰਯਾਤ 5.1 ਪ੍ਰਤੀਸ਼ਤ ਘਟੀ। ਅਫ਼ਰੀਕੀ ਦੇਸ਼ਾਂ ਨੂੰ ਇਹ ਨਿਰਯਾਤ 40 ਪ੍ਰਤੀਸ਼ਤ ਜਦਕਿ ਏਸ਼ੀਅਨ ਦੇਸ਼ਾਂ ਨੂੰ 7.5 ਪ੍ਰਤੀਸ਼ਤ ਘਟੀ। ਦੂਜੇ ਪਾਸੇ ਅਮਰੀਕਾ, ਰੂਸ, ਫਰਾਂਸ, ਚੀਨ ਅਤੇ ਜਰਮਨੀ ਵਿਸ਼ਵ ਦੀ ਕੁੱਲ ਹਥਿਆਰ ਨਿਰਯਾਤ ਵਿਚ 90.7 ਪ੍ਰਤੀਸ਼ਤ ਹਿੱਸਾ ਜਮਾਈ ਬੈਠੇ ਹਨ। ਬੇਰੁਜ਼ਗਾਰੀ ਅਤੇ ਹੁਨਰਮੰਦੀ ਦੀ ਘਾਟ ਸਾਡੀ ਅਰਥ ਵਿਵਸਥਾ 'ਤੇ ਸੱਪ ਵਾਂਗ ਕੁੰਡਲੀ ਮਾਰੀ ਬੈਠੀਆਂ ਹਨ। ਸੰਨ 2030 ਤਕ ਸਾਡੇ ਕੋਲ 15 ਤੋਂ 64 ਸਾਲ ਦੀ ਉਮਰ ਵਾਲੀ ਮਨੁੱਖੀ ਸ਼ਕਤੀ 106 ਕਰੋੜ ਹੋਵੇਗੀ। ਪਰ ਇਸ ਅੰਦਰ 37 ਪ੍ਰਤੀਸ਼ਤ ਬੇਰੁਜ਼ਗਾਰੀ ਸਾਨੂੰ ਵੱਡੀ ਸੱਟ ਮਾਰੇਗੀ। ਦਰਅਸਲ, ਸਾਡਾ ਸਿੱਖਿਆ ਸਿਸਟਮ ਵਕਤ ਵਿਹਾਅ ਚੁੱਕਾ ਹੈ। ਸਾਡੀ ਸਿੱਖਿਆ, ਇਸ ਦੀਆਂ ਡਿਗਰੀਆਂ, ਡਿਪਲੋਮੇ, ਕਿੱਤਾਕਾਰਤਾ ਦੇਸ਼ ਅੰਦਰ 6-10 ਹਜ਼ਾਰੀ ਨੌਕਰੀਆਂ, ਵਿਦੇਸ਼ਾਂ ਵਿਚ ਪੜ੍ਹੇ-ਲਿਖੇ ਦਿਹਾੜੀਦਾਰ ਕਾਮਿਆਂ ਤਕ ਸੀਮਤ ਹੋ ਚੁੱਕੇ ਹਨ। ਚੰਡੀਗੜ੍ਹ, ਪੰਚਕੂਲਾ, ਮੁਹਾਲੀ, ਇਵੇਂ ਹੀ ਗੁਰੂਗ੍ਰਾਮ, ਪਾਨੀਪਤ, ਸੋਨੀਪਤ ਜਾਂ ਹੋਰ ਅਨੇਕ ਥਾਵਾਂ 'ਤੇ ਖੁੰਬਾਂ ਵਾਂਗ ਯੂਨੀਵਰਸਿਟੀਆਂ, ਤਕਨੀਕੀ, ਸਾਇੰਸੀ, ਕੰਪਿਊਟਰੀ ਕਿ ?ਰਤ ਕਾਲਜ ਅਤੇ ਸੰਸਥਾਵਾਂ ਖੁੱਲ੍ਹ ਚੁੱਕੀਆਂ ਹਨ ਪਰ ਦਾਖ਼ਲਾ ਲੈਣ ਵਾਲੇ ਬੱਚੇ ਕਿਧਰੇ ਨਹੀਂ ਲੱਭਦੇ। ਵੱਡੀ ਪੱਧਰ 'ਤੇ ਪਲੱਸ-ਟੂ ਕਰ ਕੇ ਵਿਦੇਸ਼ ਜਾਂ ਇੱਥੇ ਨਸ਼ਿਆਂ, ਜੁਰਮ, ਠੱਗੀ ਗੈਂਗਸਟਰਵਾਦ ਵੱਲ ਰੁਚਿਤ ਦਿਖਾਈ ਦਿੰਦੇ ਹਨ। ਰਾਜਨੀਤੀਵਾਨਾਂ ਨੂੰ ਦੇਸ਼ ਤੇ ਦੇਸ਼ ਦੇ ਨੌਜਵਾਨਾਂ ਦੀ ਥਾਂ ਆਪਣੀ ਸੱਤਾ ਦਾ ਭਵਿੱਖ ਪਿਆਰਾ ਹੋ ਚੁੱਕਾ ਹੈ। ਸੰਨ 1967 ਵਿਚ ਇਸ ਦੇਸ਼ ਵਿਚ ਪਹਿਲੀ ਵਾਰ ਡੀਐੱਮਕੇ ਇਕ ਰੁਪਏ ਦੇ ਮੁਫ਼ਤ ਚਾਵਲ ਦੇਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਸੀ।

ਵੱਖ ਹੋਏ ਐਕਟਰ ਰਾਮਾ ਚੰਦਰ ਨੇ ਏਆਈਡੀਐੱਮਕੇ ਗਠਿਤ ਕਰ ਕੇ ਸਕੂਲਾਂ ਵਿਚ ਦੁਪਹਿਰ ਦਾ ਭੋਜਨ ਮੁਫ਼ਤ ਦੇਣ ਦਾ ਵਾਅਦਾ ਕਰ ਕੇ ਸੱਤਾ ਹਾਸਲ ਕੀਤੀ ਸੀ। ਆਂਧਰ ਪ੍ਰਦੇਸ਼ ਵਿਚ ਇਕ ਹੋਰ ਐਕਟਰ ਐੱਨ.ਟੀ. ਰਾਮਾ ਰਾਓ ਤੇਲਗੂ ਦੇਸਮ ਪਾਰਟੀ ਗਠਿਤ ਕਰ ਕੇ ਦੋ ਰੁਪਏ ਕਿੱਲੋ ਚਾਵਲ ਦੇਣ ਦੇ ਵਾਅਦੇ ਨਾਲ 1983 'ਚ ਸੱਤਾ ਵਿਚ ਆਇਆ ਸੀ। ਅੱਜ ਫਿਰ ਉਹੀ ਮੁਫ਼ਤਖੋਰ ਵਾਅਦਿਆਂ ਦੀ ਬਰਸਾਤ ਨਾਲ ਪੰਜਾਬ, ਦਿੱਲੀ, ਤੇਲੰਗਾਨਾ, ਤਾਮਿਲਨਾਡੂ, ਪੱਛਮੀ ਬੰਗਾਲ, ਕਰਨਾਟਕ ਕੀ, ਹਰ ਰਾਜ ਅਤੇ ਕੇਂਦਰ ਵਿਚ ਸੱਤਾ ਪ੍ਰਾਪਤੀ ਲਈ ਐਲਾਨਾਂ ਦੀ ਝੜੀ ਲੱਗਦੀ ਹੈ। ਕੇਂਦਰ ਵਿਚ ਇਕ ਟਿਰਲੀਅਨ ਡਾਲਰ ਦੇ ਵਾਅਦੇ (15 ਲੱਖ ਹਰ ਘਰ, 2 ਕਰੋੜ ਸਾਲਾਨਾ ਰੁਜ਼ਗਾਰ, ਕਿਸਾਨਾਂ ਦੀ ਆਮਦਨ ਸੰਨ 2022 ਤਕ ਦੁੱਗਣੀ ਆਦਿ) ਦੇਸ਼ ਦੀ ਅਰਥ-ਵਿਵਸਥਾ ਨੂੰ ਜੋਕਾਂ ਵਾਂਗ ਚੂਸ ਰਹੇ ਹਨ। ਸਭ ਰਾਜ ਤੇ ਕੇਂਦਰ ਸਰਕਾਰਾਂ ਨਾ ਚੁਕਾਏ ਜਾ ਸਕਣ ਵਾਲ ਕਰਜ਼ੇ ਹੇਠ ਦੱਬੀਆਂ ਹੋਈਆਂ ਹਨ। ਫਿਰ ਦੇਸ਼ ਲਈ ਕੌਮਾਂਤਰੀ ਮੁਕਾਬਲੇਬਾਜ਼ੀ ਵਾਲਾ ਸਿੱਖਿਆ ਸਿਸਟਮ, ਹੁਨਰਮੰਦ ਮਾਨਵੀ ਸਾਧਨ, ਆਧੁਨਿਕ ਸਨਅਤਾਂ, ਵਿਕਾਸ ਕਾਰਜਾਂ, ਮੁਕਾਬਲੇਬਾਜ਼ ਉਤਪਾਦਨ, ਕੌਮਾਂਤਰੀ ਪੱਧਰ ਦੇ ਕਾਰੋਬਾਰ ਸਥਾਪਤ ਕਰਨ ਲਈ ਧਨ, ਤਕਨੀਕ ਅਤੇ ਲੀਡਰਸ਼ਿਪ ਕਿੱਥੋਂ ਆਵੇਗੀ?

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜੀਵਨ ਤੋਂ ਜੀਵਨ ਦੀ ਉਤਪਤੀ ਨੂੰ ਬਿਆਨ ਕਰਦਿਆਂ ਸਿਹਤ ਵਿਗਿਆਨ ਦੀ ਚਲਦੀ ਲੜੀ ਵਾਰ ਲੈਕਚਰ ਸੀਰੀਜ ਦੇ ਸੰਬੰਧ ਵਿਚ ਅਸੀਂ ਮਰਦ ਸਰੀਰ ਦੇ ਜਨਣ ਅੰਗਾਂ ਦੀ ਵਿਆਖਿਆ ਕਰ ਰਹੇ। ਜਿਸ ਵਿੱਚ ਹੁਣ ਤੱਕ ਅਸਾਂ ਟੈਸਟਿਸ ਤੇ ਪ੍ਰੌਸਟੇਟ ਦੀ ਬਣਤਰ ਤੇ ਕਾਰਕਰਦਗੀ ਦਾ ਬਿਆਨ ਕਰਦਿਆਂ ਨਾਲ ਨਾਲ ਉਹਨਏ ਦੀਅਏ ਸੰਭਾਵਤ ਬਿਮਾਰੀਆਂ ਦਾ ਬਿਆਨ ਵੀ ਕਰਦੇ ਜਾ ਰਹੇ ਹਾਂ। ਹਾਂ ਵੱਖ ਵੱਖ ਸਰੀਰ ਦੇ ਸਿਸਟਮਾਂ ਦੀ ਵਿਆਖਿਆ ਕਰਨ ਸਮੇਂ ਜਨਣ ਅੰਗਾਂ ਦੇ ਸਿਸਟਮ ਵਿੱਚ ਇਹਨਾਂ ਦਾ ਹੋਰ ਵਿਸਥਾਰ ਆਵੇਗਾ ਜਦ ਅਸੀਂ ਵੱਖ-ਵੱਖ ਸਿਸਟਮਾਂ ਨੂੰ ਉਹਨਾਂ ਦੀ ਬਣਤਰ ਤੇ ਕੰਮ ਕਰਨ ਦੇ ਤਰੀਕਾਕਾਰ ਨੂੰ ਵਿਚਾਂਰਾਗੇ ਉਹਨਾਂ ਵਿੱਚ ਪੈਦਾ ਹੁੰਦੀਆਂ ਬਿਮਾਰੀਆਂ ਨੂੰ ਵਿਚਾਂਰਾਗੇ।

ਇਹਨਾਂ ਲੈਕਚਰਾਂ ਵਿੱਚ ਕੇਵਲ ਜੀਵਨ ਨੂੰ ਪੈਦਾ ਹੋਣ ਬਾਅਦ ਸਧਾਰਨ ਹਾਲਾਤਾਂ ਵਿੱਚ ਵਿਚਰਦਾ ਵਿਚਾਰ ਰਹੇ ਹਾਂ ਤੇ ਸੰਭਵ ਨੁਕਸਾ ਬਿਮਾਰੀਆਂ ਦੀ ਗੱਲ ਕਰ ਰਹੇ ਹਾਂ ਜੋ ਸਧਾਰਨ ਨਾਰਮਲ ਜੀਵਨ ਦੇ ਰਸਤੇ ਵਿੱਚ ਰੁਕਾਵਟ ਦੇ ਤੌਰ 'ਤੇ ਪੈਦਾ ਹੋ ਜਾਂਦੀਆਂ ਹਨ।

**ਪੇਨਿਸ ਅਤੇ ਮੂਤਰ ਨਲੀ**

ਪੇਸ਼ਾਪ ਵਾਲੀ ਥੈਲੀ ਯਾਨੀ ਯੂਰੀਨਰੀ ਬਲੈਡਰ ਦੇ ਹੇਠਲੇ ਪਾਸੇ ਇਸਦੀ ਅੰਦਰ ਦੀ ਗੋਲਾਈ ਇਕ ਟਿਊਬ ਵਰਗੀ ਸ਼ਕਲ ਵਿੱਚ ਪ੍ਰੌਸਟੇਟ ਵਿਚੋਂ ਲੰਘਦੀ ਹੈ ਜੋ ਪ੍ਰੌਸਟੇਟ ਦੇ ਹੇਠਾਂ ਵਾਲੇ ਸੁਰਾਖ ਨਾਲ ਜੁੜਿਆ ਹੁੰਦਾ ਹੈ ਤੇ ਇਹ ਗੁਲ਼ਾਈ ਪ੍ਰੌਸਟੇਟ ਦੇ ਹੇਠਲੇ ਪਾਸੇ ਟਿਊਬ ਦੀ ਸ਼ਕਲ ਵਿਚ ਹੀ ਸਰੀਰ ਤੋਂ ਬਾਹਰ ਨਿਕਲਦੀ ਹੈ ਇਸ ਨੂੰ ਮੂਤਰ ਨਲੀ ਯਾਨੀ ਯੁਰੇਥਰਾ ਕਹਿੰਦੇ ਹਨ।

ਯਾਦ ਰਹੇ ਅਸਾਂ ਪਿਛਲੇ ਲੈਕਚਰਾਂ ਵਿਚ ਜਾਣਿਆ ਸੀ ਕਿ ਪ੍ਰੌਸਟੇਟ ਇਕ ਕੰਟਰੋਲਿੰਗ ਜੰਕਸ਼ਨ ਦਾ ਕੰਮ ਵੀ ਕਰਦਾ ਹੈ। ਕਿਉਂਕਿ ਪੇਸ਼ਾਪ ਨਲੀ ਦੇ ਨਾਲ ਨਾਲ ਇਸ ਪ੍ਰੌਸਟੇਟ ਵਿਚ ਵੀਰਜ ਵਾਲੀ ਨਾਲੀ "ਵਾਸ ਡਿਫਰੈਸ" ਟੈਸਟਿਸ ਵੱਲੋਂ ਆਕੇ ਇਸ ਪ੍ਰੌਸਟੇਟ ਦੇ ਰਸਤੇ ਹੀ ਪਤਾਲੂਆ ਵਿਚੋਂ ਲਿਅਏਦੇ ਸਪਰਮ ਵੀ ਯੁਰੇਥਰਾ ਯਾਨੀ ਪੇਸ਼ਾਪ ਨਲੀ ਵਿਚ ਭੇਜਦੀ ਹੈ। ਭਾਵ ਪ੍ਰੌਸਟੇਟ ਇਕ ਜੰਕਸ਼ਨ ਹੈ ਤੇ ਇਹ ਦੋ ਨਾਲੀਆਂ ਯੂਰੇਥਰਾ ਤੇ ਵਾਸਡਿਫਰੈਸ ਪ੍ਰੌਸਟੇਟ ਨੂੰ ਟੁਕੜਿਆ ਵਿਚ ਵੰਡ ਦਿੰਦੀਆਂ ਹਨ। ਜਾਂ ਇੰਜ ਕਹੋ ਪ੍ਰੌਸਟੇਟ ਨੂੰ ਵਿੰਨਕੇ ਇਸ ਵਿਚੋਂ ਯੁਰੇਥਰਾ ਵੀ ਤੇ ਵਾਸਡਿਫਰੈਸ ਵੀ ਲੰਘਦੀਆਂ ਹਨ ਪਰ ਇਸ ਤੋਂ ਅੱਗੇ ਵਾਸ ਡਿਫਰੈਸ ਦਾ ਕੰਮ ਸਪਰਮਾ ਨੂੰ ਪ੍ਰੌਸਟੇਟ ਵਿੱਚ ਪਹੁੰਚਾਕੇ ਇੱਥੇ ਖਤਮ ਹੋ ਜਾਂਦਾ ਹੈ। ਪ੍ਰੌਸਟੇਟ ਰਬੜ ਵਾਂਗ ਇਹਨਾਂ ਦੋਹਾਂ ਨਾਲੀਆਂ ਨੂੰ ਘੁਟੀ ਰੱਖਦਾ ਹੈ ਤੇ ਲੋੜ ਅਨੁਸਾਰ ਜਿਸਦੀ ਲੋੜ ਜਾਂ ਹਾਜਤ ਹੁੰਦੀ ਹੈ ਉਹ ਪ੍ਰੈਸ਼ਰ ਨਾਲ ਆਪਣਾ ਰਸਤਾ ਪ੍ਰੌਸਟੇਟ ਵਿਚੋ ਅੱਗੇ ਯੁਰੇਥਰਾ ਵਿੱਚ ਤਲਾਸ਼ ਕੇ ਸਰੀਰ ਤੋਂ ਬਾਹਰ ਨਿਕਲ ਜਾਂਦਾ ਹੈ।

ਵੀਰਜ ਦਾ ਨਿਕਾਸ ਸੈਕਸ ਉਤੇਜਨਾ ਦੇ ਸਿਖਰ ਤੇ ਜਾ ਕੇ ਹੀ ਹੁੰਦਾ ਹੈ ਭਾਵ ਵਾਸਡਿਫਰੈਸ ਵਿੱਚ ਵਧੇ ਹੋਏ ਪ੍ਰੈਸ਼ਰ ਦੇ ਕਰਕੇ ਪ੍ਰੌਸਟੇਟ ਵਿਚਲਾ ਰਬੜ ਦੀ ਕਸ ਵਰਗਾ ਰਸਤਾ ਖੁੱਲ ਜਾਂਦਾ ਹੈ। ਸਪਰਮ ਪ੍ਰੌਸਟੇਟ ਵਿੱਚ ਦਾਖਲ ਹੋ ਜਾਂਦੇ ਹਨ ਜਿਸ ਤੋਂ ਬਾਅਦ ਸਪਰਮਾ ਵਿੱਚ ਪ੍ਰੌਸਟੇਟ ਆਪਣਾ ਮੁਆਦ ਰਲਾਕੇ ਇਸ ਨੂੰ ਪੂਰੇ ਵੀਰਜ ਦੀ ਸ਼ਕਲ ਦੇ ਕੇ ਯੁਰੇਥਰਾ ਦੇ ਰਾਹ ਸਰੀਰ ਤੋਂ ਬਾਹਰ ਧੱਕ ਦਿੰਦਾ ਹੈ। ਵਰਨਾ ਇਹ ਦਰਵਾਜ਼ਾ ਹਮੇਸਾ ਪ੍ਰੌਸਟੇਟ ਦੀ ਘੁਟਨ ਨਾਲ ਬੰਦ ਰਹਿੰਦਾ ਹੈ। ਇਕ ਗੱਲ ਫਿਰ ਯਾਦ ਕਰਵਾ ਦਿਆਂ ਕਿ ਪ੍ਰੌਸਟੇਟ ਗਰੰਥੀ ਦਾ ਕੰਮ ਸਾਡੇ ਮੂੰਹ ਵਰਗਾ ਹੀ ਹੈ। ਜਿਵੇਂ ਮੂੰਹ ਵਿੱਚ ਉਂਗਲੀ ਪਾਉ ਜਾ ਕੁਝ ਵੀ ਪਾਉ ਉਸੇ ਵਕਤ ਮੂੰਹ ਦਾ ਮੁਆਦ ਯਾਨੀ ਸਲਾਈਵਾ ਥੁੱਕ ਮੂੰਹ ਵਿੱਚ ਰਿਸਣ ਲਗਦੀ ਹੈ ਠੀਕ ਇਸੇ ਤਰ੍ਹਾਂ ਜਦ ਸਪਰਮ ਪ੍ਰੌਸਟੇਟ ਵਿੱਚ ਦਾਖਲ ਹੁੰਦੇ ਹਨ ਤਾਂ ਪ੍ਰੌਸਟੇਟ ਦੇ ਅੰਦਰੋਂ ਇਹਦਾ ਮੁਆਦ ਰਿਸਣ ਲਗਦਾ ਹੈ ਤੇ ਸਪਰਮਾ ਵਿੱਚ ਮਿਕਸ ਹੋ ਕੇ ਪੂਰਾ ਵੀਰਜ ਬਣ ਕੇ ਮੂਤਰ ਨਲੀ ਰਾਹੀਂ ਬਾਹਰ ਨਿਕਲ ਜਏਦਾ ਹੈ।

ਪੇਸ਼ਾਪ ਦੀ ਹਾਜਤ ਸਮੇਂ ਮੂਤਰ ਨਲੀ ਵਿੱਚ ਅਜੇਹਾ ਕੁਝ ਨਹੀਂ ਹੁੰਦਾ ਕਿਉਂਕਿ ਮੂਤਰ ਨਲੀ ਦੇ ਅੰਦਰ ਦੀ ਬਨਾਵਟ ਪੇਸ਼ਾਪ ਵਾਲੀ ਥੈਲੀ ਦੇ ਅੰਦਰ ਦੀ ਬਨਾਵਟ ਵਾਲੀ ਹੀ ਹੈ ਜਾ ਇੰਜ ਕਹੋ ਉਹੀ ਅੱਗੇ ਬਣਤਰ ਕੰਨਟੀਨਿਊ ਯਾਨੀ ਚਾਲੂ ਹੈ। ਪਰ ਕੁਝ ਹਾਲਤਾਂ ਵਿੱਚ ਪ੍ਰੌਸਟੇਟ ਦੇ ਨੁਕਸਾ ਕਰਕੇ ਇਹਦੀ ਅੰਦਰ ਦੀ ਝਿੱਲੀ ਨੁਕਸਾਨੀ ਜਾਂਦੀ ਹੈ ਜਿਸ ਰਾਹੀਂ ਪੇਸ਼ਾਬ ਪ੍ਰੌਸਟੇਟ ਮਾਸ ਨਾਲ ਜਦ ਛੂਹਦਾ ਹੈ ਤਾਂ ਉਹੀ ਕਿਰਿਆ ਸਪਰਮਾ ਦੇ ਇਸ ਵਿੱਚ ਦਾਖਲ ਹੋਣ ਵਾਲੀ ਹੁੰਦੀ ਹੈ। ਭਾਵ ਪ੍ਰੌਸਟੇਟ ਦਾ ਲਿਸਲਿਸਾ ਮੁਆਦ ਵੀਰਜ ਵਰਗਾ ਪੇਸ਼ਾਪ ਤੋਂ ਪਹਿਲਾ ਜਾ ਪੇਸ਼ਾਪ ਵਿੱਚ ਰਲਕੇ ਜਾਂ ਪੇਸ਼ਾਪ ਤੋਂ ਬਾਅਦ ਵਿੱਚ ਪੇਸ਼ਾਪ ਨਲੀ ਰਾਹੀਂ ਬਾਹਰ ਨਿਕਲਦਾ ਹੈ ਜਿਸਨੂੰ ਪ੍ਰੌਟੀਨਯੂਰੀਆ ਜਾਂ ਪ੍ਰੌਸਟੇਟਿਕ ਯੂਰੀਆ ਕਹਿੰਦੇ ਹਨ। ਪੰਜਾਬੀ ਵਿੱਚ ਧਾਤ ਪੈਣਾ ਕਹਿੰਦੇ ਹਨ ਪਰ ਵੀਰਜ ਵਰਗੇ ਚਿੱਟੇ ਪਦਾਰਥ ਦਾ ਨਿਕਲਣਾ ਇਕੱਲਾ ਪ੍ਰੌਸਟੇਟ ਵਿਚੋਂ ਹੀ ਨਹੀਂ ਬਲਕਿ ਕਿਡਨੀ ਰੋਗਾਂ ਵਿੱਚ ਵੀ ਅਜਿਹਾ ਵਾਪਰਦਾ ਹੈ ਜਿਸਦਾ ਵੇਰਵਾ ਯੂਰੀਨਰੀਸਿਸਟਮ ਪੇਸ਼ਾਪ ਕਿਰਿਆ ਨਾਲ ਸੰਬੰਧਿਤ ਅੰਗਾਂ ਦੀਆਂ ਬਿਮਾਰੀਆਂ ਵਾਲੇ ਲੈਕਚਰ ਵਿੱਚ ਦਿੱਤਾ ਜਾਵੇਗਾ।

**ਆਉ ਫਿਰ ਜੁੜਦੇ ਹਾਂ ਆਪਣੀ ਚਲਦੀ ਵਿਆਖਿਆ ਵੱਲ :** ਯੂਰੀਨਰੀ ਬਲੈਡਰ ਵੱਲੋਂ ਪੇਸ਼ਾਪ ਦੀ ਹਾਜਤ ਕਿਉਂਕਿ ਵਾਰ ਵਾਰ ਹੁੰਦੀ ਰਹਿੰਦੀ ਹੈ ਇਸ ਲਈ ਯੁਰੇਥਰਾ ਯਾਨੀ ਪੇਸ਼ਾਪ ਨਲੀ ਦੀ ਘੁਟਨ ਵਾਰ ਵਾਰ ਬਲੈਡਰ ਵਿਚੋ ਪੇਸ਼ਾਪ ਦੇ ਭਾਰ ਦੇ ਵਧਦੇ ਪ੍ਰੈਸ਼ਰ ਕਰਕੇ ਢਿੱਲੀ ਹੁੰਦੀ ਰਹਿੰਦੀ ਹੈ ਭਾਵ ਇਹ ਰਾਹ ਵੀ ਖੁਲਦਾ ਰਹਿੰਦਾ ਹੈ ਜਿਸ ਨੂੰ ਪੇਸ਼ਾਪ ਦੀ ਹਾਜਤ ਹੋਣਾ ਕਹਿੰਦੇ ਹਾਂ।

ਪ੍ਰੌਸਟੇਟ ਦੀ ਆਪਣੀ ਇਕ ਸਮਰੱਥਾ ਹੈ ਇਹਨਾਂ ਦੋਹਾਂ ਨਾਲੀਆਂ ਨੂੰ ਘੁਟਣ ਦੀ ਜੋ ਦੋਹਾਂ ਹੀ ਨਾਲੀਆਂ ਵਿੱਚ ਵਧਦੇ ਪ੍ਰੈਸ਼ਰ ਕਰਕੇ ਢਿਲੀ ਹੁੰਦੀ ਰਹਿੰਦੀ ਹੈ ਤੇ ਇਹਨਾਂ ਨਾਲੀਆਂ ਰਾਹੀਂ ਪੇਸ਼ਾਪ ਤੇ ਵੀਰਜ ਦਾ ਲੋੜ ਸਮੇਂ ਨਿਕਾਸ ਹੁੰਦਾ ਰਹਿੰਦਾ ਹੈ।

ਪ੍ਰੌਸਟੇਟ ਦੀ ਵੰਡ ਕਈ ਭਾਗਾ ਵਿੱਚ ਕਈ ਤਰ੍ਹਾਂ ਨਾਲ ਕੀਤੀ ਜਾਂਦੀ ਹੈ। ਪਰ ਜ਼ਿਆਦਾਤਰ ਤਿੰਨ ਜ਼ੋਨ ਹਨ ਜੋ ਇਸ ਅੰਦਰੋਂ ਲੰਘਦੇ ਰਸਤਿਆਂ ਦੇ ਕਰਕੇ ਹਨ। ਪਰ ਇਹਦੀ ਅਨਾਟੋਮੀ ਯਾਨੀ ਬਣਤਰ ਦੇ ਲਿਹਾਜ਼ ਇਸ ਨੂੰ ਸਾਹਮਣੇ ਤੇ ਪਿਛਲੇ ਪਾਸੇ ਦੇ ਹਿੱਸੇ ਦੇ ਤੌਰ 'ਤੇ ਵੀ ਵੇਖਿਆ ਜਾਂਦਾ ਹੈ ਤੇ ਸਾਹਮਣੇ ਤੇ ਪਿਛਲੇ ਹਿੱਸੇ ਦੀਆਂ ਸਾਈਡਾਂ ਨੂੰ ਸੱਜਾ ਸਾਹਮਣੇ ਵਾਲਾ ਜਾਂ ਖੱਬਾ ਸਾਹਮਣੇ ਵਾਲਾ ਪਾਸਾ ਕਰਕੇ ਜਾਣਿਆ ਜਾਂਦਾ ਹੈ।

ਅਤੇ ਇਹਨਾਂ ਸੱਜੇ ਤੇ ਖੱਬੇ ਪਾਸਿਆਂ ਨੂੰ ਪਿਛੇ ਤੋਂ ਵੇਖਦਿਆਂ ਸੱਜਾ ਪਿਛੇ ਵਾਲਾ ਤੇ ਖੱਬਾ ਪਿਛੇ ਵਾਲਾ ਲੋਬ ਕਹਿੰਦੇ ਹਾਂ।

ਸੋ ਇਸੇ ਤਰ੍ਹਾਂ ਇਹਨਾਂ ਨੂੰ ਖੱਬੇ ਪਾਸੇ ਅਤੇ ਸੱਜੇ ਪਾਸੇ ਵਾਲੇ ਲੋਭ ਕਰਕੇ ਜਾਣਿਆ ਜਾਂਦਾ ਹੈ ਪਰ ਅਸਲ ਵਿੱਚ ਭਾਗ ਤਿੰਨ ਹੀ ਹਨ ਜਿਹਨਾਂ ਦੀ ਵੰਡ ਵੀਰਜ ਨਲੀ ਤੇ ਪੇਸ਼ਾਪ ਨਲੀ ਰਾਹੀਂ ਹੁੰਦੀ ਹੈ।

ਸੋ ਹੁਣ ਤੱਕ ਜੋ ਸਮਝਿਆ ਯੁਰੇਥਰਾ ਪੇਸ਼ਾਪ ਵਾਲੀ ਨਾਲੀ ਤੇ ਵਾਸਡਿਫਰੈਸ ਵੀਰਜ ਵਾਲੀ ਨਾਲੀ ਅੱਗੇ ਇੱਕੋ ਹੀ ਰਸਤੇ ਵਿਚੋਂ ਦੋਵੇਂ ਲੰਘਦੀਆਂ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਰਜਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਸੀਂ ਸ੍ਰ. ਜਸਕਰਨ ਸਿੰਘ ਕਾਹਨ ਸਿੰਘਵਾਲਾ ਦੀ ਕੀਤੀ ਸੇਵਾ ਨੂੰ ਸਿੱਜਦਾ ਕਰਦੇ ਹਾਂ

## ਅਮਰੀਕਾ ਦੀ ਸਮੂਹ ਹਰ ਵੇਲੇ ਉਨ੍ਹਾਂ ਦੇ ਨਾਲ ਖੜ੍ਹੇ ਹਾਂ

ਖੁਸ਼ ਰਹੋ ਜੀ

ਤੁਹਾਡੀਆਂ ਮੁਰਾਦਾਂ ਪੂਰੀਆਂ ਕਰ ਦਿੱਤੀਆਂ ਜੀ

ਪਰਮ ਸਤਿਕਾਰਯੋਗ ਸ੍ਰ. ਸਿਮਰਨਜੀਤ ਸਿੰਘ ਮਾਨ ਜੀਓ,

ਰਾਹੀਂ : ਸਤਿਕਾਰਯੋਗ ਸ੍ਰ. ਇਕਬਾਲ ਸਿੰਘ ਟਿਵਾਣਾ

ਮੁੱਖ ਬੁਲਾਰਾ ਅਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਮੈਂ ਸਭ ਤੋਂ ਪਹਿਲਾਂ ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦਾ ਹਾਂ ਕਿ ਪਰਮਾਤਮਾ ਆਪ ਜੀ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਆਪ ਜੀ ਦਾ ਸਾਰਾ ਪਰਿਵਾਰ ਵੀ ਚੜ੍ਹਦੀ ਕਲਾ ਵਿਚ ਰਹੇ। ਆਪ ਜੀ ਅੱਗੇ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਹੈ ਕਿ ਮੈਂ (ਜ਼ਸਕਰਨ ਸਿੰਘ ਕਾਹਨਸਿੰਘ ਵਾਲਾ) ਪਿਛਲੇ ਸਮੇਂ ਵਿਚ ਤੁਹਾਡੇ ਵਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਪਾਰਟੀ ਪਾਰਟੀ ਦਾ ਕੰਮ ਤਨ, ਮਨ, ਧਨ, ਆਪਣੇ ਪਰਿਵਾਰ ਦੇ ਸਹਿਯੋਗ ਨਾਲ ਅਤੇ ਆਪਣੇ ਪਾਰਟੀ ਸਾਥੀਆਂ ਨਾਲ ਬੇਖੌਫ਼, ਬੇ-ਡਰ ਤੇ ਪਰਮਾਤਮਾ ਦੇ ਭਾਣੇ ਵਿਚ ਰਹਿ ਕੇ ਕੀਤਾ ਹੈ। ਮੈਂ ਆਪ ਜੀ ਨਾਲ ਗਭਗ 34 ਸਾਲ ਬਿਤਾਏ ਹਨ। ਮੈਂ ਆਪ ਜੀ ਦੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਅੱਜ ਤੱਕ ਕਿਸੇ ਵੀ ਵਿਰੋਧੀ ਪਾਰਟੀ ਨਾਲ ਬਾਹਰੀ ਅਤੇ ਅੰਦਰੂਨੀ ਤੌਰ ’ਤੇ ਸਾਜ-ਬਾਜ ਕਰਕੇ ਪਾਰਟੀ ਨੂੰ ਕਦੇ ਵੀ ਨੀਵਾਂ ਨਹੀਂ ਦਿਖਾਇਆ, ਜਿਸ ਬਾਰੇ ਲਗਭਗ ਪੂਰੇ ਸੰਸਾਰ ਵਿਚ ਬੈਠੀ ਸਿੱਖ ਕੌਮ ਤੇ ਪੰਜਾਬ ਦਾ ਸਮੁੱਚਾ ਅਣਖੀ ਭਾਈਚਾਰਾ ਭਲੀਭਾਂਤ ਜਾਣਦਾ ਹੈ। ਮੇਰਾ ਸਮੁੱਚਾ ਪਰਿਵਾਰ 1978 ਤੋਂ ਲੈ ਕੇ ਲਗਭਗ ਅੱਜ ਤੱਕ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਮੁਖੀ ਦਮਦਮੀ ਟਕਸਾਲ ਦੀ ਸੋਚ ਤੇ ਆਪ ਜੀ ਸਮੇਤ ਨਿਰੰਤਰ ਪਹਿਰਾ ਦੇ ਰਿਹਾ ਹੈ ਤੇ ਉਨ੍ਹਾਂ ਦੇ ਬਚਨਾਂ ’ਤੇ ਵੀ ਲਗਾਤਾਰ ਖੜ੍ਹਾ ਰਿਹਾ ਹੈ ਤੇ ਭਵਿੱਖ ਵਿਚ ਵੀ ਖੜ੍ਹਾ ਰਹੇਗਾ। ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਸੀ ਕਿ ਜਿਸ ਦਿਨ ਦਰਬਾਰ ਸਾਹਿਬ ਵਿਚ ਭਾਰਤੀ ਫੌਜ ਦਾਖਲ ਹੋਵੇਗੀ, ਉਸ ਦਿਨ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਉਸ ਦੀ ਪਹਿਰੇਦਾਰੀ ਕੀਤੀ ਹੈ ਅਤੇ ਸਦਾ ਹੀ ਕਰਦਾ ਰਹੇਗਾ। ਸਰਬੱਤ ਖਾਲਸਾ ਜੋ ਚੱਬੇ ਦੀ ਧਰਤੀ ’ਤੇ 10 ਨਵੰਬਰ 2015 ਨੂੰ ਹੋਇਆ ਸੀ, ਉਸ ਵਿਚ ਸੱਤ ਲੱਖ ਤੋਂ ਵੱਧ ਸਿੱਖ ਕੌਮ ਤੇ ਪੰਜਾਬ ਦੀਆਂ ਸਮੁੱਚੀਆਂ ਸੰਗਤਾਂ ਅਤੇ ਸਿੱਖ ਜਥੇਬੰਦੀਆਂ ਨੇ ਸਰਵਸੰਮਤੀ ਨਾਲ ਭਾਈ ਜਗਤਾਰ ਸਿੰਘ ਜੀ ਹਵਾਰਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣਾਇਆ ਸੀ। ਉਸ ਨੂੰ ਆਪਣਾ ਜਥੇਦਾਰ ਮੰਨਦਾ ਹੈ ਤੇ ਸਦਾ ਮੰਨਦਾ ਰਹੇਗਾ। ਪ੍ਰਧਾਨ ਸਾਹਿਬ ਜੀ, ਸਮੁੱਚੀ ਇਕ ਧੜੇ ਦੀ ਪੀ.ਏ.ਸੀ. ਮੈਨੂੰ ਪਾਰਟੀ ਵਿਚੋਂ ਇਕ ਸਾਜ਼ਿਸ਼ ਤਹਿਤ ਕੱਢਣਾ ਚਾਹੁੰਦੀ ਹੈ ਤੇ ਇਹ ਵੀ ਪ੍ਰਚਾਰ ਕਰ ਰਹੀ ਹੈ ਕਿ ਮੈਂ ਪਾਰਟੀ ਦਾ ਨੁਕਸਾਨ ਕਰ ਰਿਹਾ ਹਾਂ, ਜਿਸ ਨੂੰ ਆਪ ਜੀ ਮੂਕ-ਦਰਸ਼ਕ ਹੋ ਕੇ ਵੇਖਦੇ ਆ ਰਹੇ ਹੋ। ਮੈਂ ਸੋਚਿਆਕਿ ਜੇਕਰ ਮੇਰੇ ਪਾਰਟੀ ਵਿਚੋਂ ਬਾਹਰ ਹੋਇਆਂ ਪਾਰਟੀ ਬਚ ਸਕਦੀ ਹੈ, ਤਾਂ ਮੇਰਾ ਕੋਈ ਜ਼ਰੂਰੀ ਨਹੀਂ ਕਿ ਮੈਂ ਪਾਰਟੀ ਦਾ ਨੁਕਸਾਨ ਕਰਾਂ, ਸੋ ਮੈਂ ਇਸ ਵਿਚ ਹੀ ਬੇਹਤਰੀ ਸਮਝਦਾ ਹਾਂ ਕਿ ਜਿਹੜੀ ਪਾਰਟੀ ਵਿਚ ਮੈਂ 34 ਸਾਲ ਖ਼ੂਨ-ਪਸੀਨਾ ਡੋਲ ਕੇ ਪਾਰਟੀ ਨੂੰ ਔਖਿਆਂ ਅਤੇ ਡਰਾਉਣਿਆਂ ਸਮਿਆਂ ਵਿਚ ਨਿਮਾਣੀ ਜਿਹੀ ਮਿਹਨਤ ਕਰਕੇਉਚਾ ਚੁੱਕਣ ਦੀ ਥੋੜ੍ਹੀ ਜਿਹੀ ਕੋਸ਼ਿਸ਼ ਕੀਤੀ ਹੈ ਪਰ ਮੈਂ ਮਹਿਸੂਸ ਕੀਤਾ ਕਿ ਪਾਰਟੀ ਨੂੰ ਬਣਾਉਣ ਲਈ ਮੇਰਾ ਪਾਰਟੀ ਵਿਚੋਂ ਅਸਤੀਫ਼ਾ ਦੇਣਾ ਹੀ ਪਾਰਟੀ ਨੂੰ ਉਪਰ ਚੁੱਕਣ ਲਈ ਬਿਹਤਰ ਕਦਮ ਹੋਵੇਗਾ ਕਿਉਂਕਿ ਇਹ ਪ੍ਰਚਾਰ 08 ਜੂਨ 2023 ਨੂੰ ਜਲੰਧਰ ਰੱਖੀ ਪਾਰਟੀ ਦੀ ਮੀਟਿੰਗ ਅਤੇ ਪੀ.ਏ.ਸੀ. ਗਰੁੱਪ ਵਿਚ ਮੇਰੇ ਵਿਰੁੱਧ ਕੀਤਾ ਬੇਤੁਕਾ ਕੂੜ ਪ੍ਰਚਾਰ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ ਤੇ ਲਗਾਤਾਰ ਜਾਰੀ ਹੈ। ਜੇਕਰ ਮੈਂ 34 ਸਾਲ ਮਿਹਨਤ ਕਰਕੇ ਆਪ ਜੀ ਦੀ ਨਿਗ੍ਹਾ ਵਿਚ ਵਫ਼ਾਦਾਰ ਨਹੀਂ ਹੋਇਆ ਤਾਂ ਹੁਣ ਮੇਰੇ ਕੋਲ ਹੋਰ ਕੋਈ ਅਜਿਹੀ ਗਿੱਦੜਸਿੰਘੀ ਨਹੀਂ ਹੈ ਕਿ ਮੈਂ ਬਣਾਵਟੀ ਤੇ ਛਲ-ਕਪਟ ਵਾਲੀ ਚਾਪਲੂਸੀ ਕਰਕੇ ਵਫ਼ਾਦਾਰ ਹੋਣ ਦੀ ਕੋਸ਼ਿਸ਼ ਕਰਾਂ ਕਿਉਂਕਿ ਇਹੋ ਜਿਹਾ ਕੰਮ ਕਰਨਾ ਸਾਡੇ ਸਿੱਧੂ ਖਾਨਦਾਨ ਦਾ ਦਸਤੂਰ ਨਹੀਂ ਹੈ। ਅਖੀਰ ਵਿਚ ਮੈਂ ਪਰਮਾਤਮਾ ਦੇ ਭੈਅ ਵਿਚ ਰਹਿ ਕੇ ਆਪ ਜੀ ਨੂੰ ਸ੍ਰ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਅਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਰਾਹੀਂ ਪਾਰਟੀ ਤੋਂ ਅਸਤੀਫ਼ਾ ਭੇਜ ਰਿਹਾ ਹਾਂ। ਪ੍ਰਧਾਨ ਸਾਹਿਬ ਜੀ ਮੈਥੋਂ ਜ਼ਿਆਦਾ ਜਲਾਲਤ ਝੱਲ ਨਹੀਂ ਹੁੰਦੀ ਕਿਉਂਕਿ ਹੁਣ ਮੇਰੀ ਆਤਮਾ ਮੈਨੂੰ ਹੋਰ ਜ਼ਿਆਦਾ ਜਲਾਲਤ ਝੱਲਣ ਲਈ ਇਜਾਜ਼ਤ ਨਹੀਂ ਦਿੰਦੀ। ਮੈਂ ਆਪ ਜੀ ਦਾ ਸਦਾ ਹੀ ਸਤਿਕਾਰ ਕਰਦਾ ਰਹਾਂਗਾ। ਮੈਂ ਦੁਬਾਰਾ ਫਿਰ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੇਰਾ ਅਸਤੀਫ਼ਾ ਪ੍ਰਵਾਨ ਕਰ ਲਿਆ ਜਾਵੇ ਜੀ।

ਆਦਰ ਸਹਿਤ।


ਸ੍ਰ. ਸਿਮਰਨਜੀਤ ਸਿੰਘ ਮਾਨ
ਮੈਂਬਰ ਲੋਕ ਸਭਾ (ਸੰਗਰੂਰ)
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਗੁਰੂ ਘਰ ਦੇ ਪੰਥ ਦਾ ਦਾਸ

ਜ਼ਸਕਰਨ ਸਿੰਘ ਕਾਹਨ ਸਿੰਘਵਾਲਾ



ਪੀ ਜੀ ਆਈ ਚੰਡੀਗੜ੍ਹ ਵਿੱਚ
ਅੱਖਾਂ ਦੇ ਇਲਾਜ਼ ਅਧੀਨ
ਸ੍ਰ.ਜਸਕਰਨ ਸਿੰਘ ਕਾਹਨ ਸਿੰਘਵਾਲਾ






ਸੰਬੋਧਨ ਕਰਦੇ ਹੋਏ ਸ੍ਰ. ਜਸਕਰਨ ਸਿੰਘ ਕਾਹਨ ਸਿੰਘਵਾਲਾ

**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਸਿੱਖ ਆਗੂ ਸ੍ਰ. ਜਸਕਰਨ ਸਿੰਘ ਕਾਹਨਸਿੰਘ ਵਾਲਾ ਜਿਨ੍ਹਾਂ ਪਿਛਲੇ 35 ਸਾਲ ਤੋਂ ਕੌਮ ਦੀ ਪਹਿਲੀ ਕਤਾਰ ਵਿੱਚ ਖੜ੍ਹਕੇ ਨਿਸ਼ਕਾਮ ਸੇਵਾ ਕੀਤੀ। ਕੌਮ ਦੀ ਅਣਖ, ਗੈਰਤ ਅਤੇ ਅਜ਼ਾਦੀ ਦੀ ਲੜਾਈ ਵਿੱਚ ਉਨ੍ਹਾਂ ਕਦੇ ਵੀ ਪਿਛੇ ਮੁੜਕੇ ਨਹੀਂ ਦੇਖਿਆ। ਉਨ੍ਹਾਂ ਵਲੋਂ ਕੀਤੀ ਸੇਵਾ ਨੂੰ ਅਸੀਂ ਸਿੱਜਦਾ ਕਰਦੇ ਹਾਂ ਅਤੇ ਹਰ ਹਾਲਤ ’ਚ ਤਨ ਮਨ ਧੰਨ ਨਾਲ ਅਸੀਂ ਅਮਰੀਕਾ ਦੀ ਸਮੂਹ ਸੰਗਤ ਉਨ੍ਹਾਂ ਦੇ ਨਾਲ ਖੜ੍ਹੀ ਹੈ।**

**ਜੌਹਨ ਸਿੰਘ ਗਿੱਲ - 216-715-2581, ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750, ਅਮਰਜੀਤ ਸਿੰਘ ਤੁੰਗ -209-954-2881, ਜਗਜੀਤ ਸਿੰਘ ਰੱਕੜ - 209-483-9700, ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਬਲਦੇਵ ਸਿੰਘ - 209-351-0786, ਸੁਖਪਾਲ ਸਿੰਘ ਭੂਰਾ - 209-594-9096, ਗੁਰਜੀਤ ਸਿੰਘ ਧਾਮੀ - 510-453-5223, ਮਹਿਲ ਸਿੰਘ 510-477-8333, ਅਨਿੰਦਰਪਾਲ ਸਿੰਘ ਬੱਬੂ 209-456-1717, ਰਮਿੰਦਰਜੀਤ ਸਿੰਘ ਮਿੰਟੂ (ਸੰਧੂ) - 209-494-6462**


ਕੈਪਟਨ ਅਮਰਜੀਤ ਸਿੰਘ ਕਾਲੇਕਾ


ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ

# ਸ਼ਹੀਦਾਂ ਦੀ ਸੰਖੇਪ ਜੀਵਨ ਕਥਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਹਨਾਂ ਦਾ ਪਰਿਵਾਰ ਮਈ 2012 ਵਿਚ ਹੀ ਅਮਰੀਕਾ ਆਇਆ ਸੀ। ਪ੍ਰਕਾਸ਼ ਸਿੰਘ ਤਕਰੀਬਨ ਪਿਛਲੇ 7 ਸਾਲ ਤੋਂ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰ ਰਿਹਾ ਸੀ ਅਤੇ ਹੁਣੇ ਹੀ ਪ੍ਰਕਾਸ਼ ਸਿੰਘ ਨੂੰ ਅਮਰੀਕਾ ਦਾ ਗ੍ਰੀਨ ਕਾਰਡ ਮਿਲਿਆ ਸੀ। ਪਰਿਵਾਰ ਦੇ ਆਉਣ ਨਾਲ ਗੁਰਦੁਆਰਾ ਸਾਹਿਬ ਵੱਲੋਂ ਦਿੱਤੀ ਰਿਹਾਇਸ਼ ਛੋਟੀ ਲੱਗਣ ਕਰਕੇ ਉਹ ਜਲਦੀ ਹੀ ਬਾਹਰ ਕਿਸੇ ਦੂਜੇ ਮਕਾਨ ਵਿਚ ਜਾਣਾ ਚਾਹੁੰਦਾ ਸੀ, ਜਦੋਂ ਇਹ ਘਟਨਾ ਵਾਪਰੀ।

6. ਸ. ਸਤਵੰਤ ਸਿੰਘ ਕਾਲੇਕਾ (65 ਸਾਲ):- ਦਾ ਜਨਮ 2 ਜੂਨ 1947 ਨੂੰ ਪਟਿਆਲਾ ਵਿਖੇ ਮੇਜਰ ਪ੍ਰੀਤਮ ਸਿੰਘ ਦੇ ਗ੍ਰਹਿ ਵਿਖੇ ਮਾਤਾ ਜੰਗੀਰ ਕੌਰ ਦੀ ਕੁੱਖੋਂ ਹੋਇਆ। ਉਸ ਦੀ ਮਾਤਾ ਬਹੁਤ ਧਾਰਮਿਕ ਔਰਤ ਸੀ। ਉਸ ਦੇ 8 ਭੈਣ ਭਰਾ ਸਨ। 9 ਬੱਚਿਆਂ ਦੇ ਇਸ ਪਰਿਵਾਰ ਵਿਚ ਸਤਵੰਤ ਦਾ ਨੰਬਰ ਸੱਤ ਸੀ। ਸਤਵੰਤ ਦੀ ਉਮਰ 65 ਸਾਲ ਸੀ। ਸਤਵੰਤ ਦਾ ਬਚਪਨ ਉਸ ਦੇ ਜੱਦੀ ਪਿੰਡ ਦੁਗਾਲ ਵਿਚ ਹੀ ਬੀਤਿਆ। ਉਹ ਪਿੰਡ ਦੇ ਸਕੂਲ ਵਿਚ ਹੀ ਪੜ੍ਹਿਆ। ਉਸ ਨੇ ਬੀ.ਏ ਰਣਬੀਰ ਕਾਲਜ, ਸੰਗਰੂਰ ਤੋਂ ਕੀਤੀ। ਸਤਵੰਤ ਨੇ 1972 ਤੋਂ 1982 ਤੱਕ ਖੇਤੀਬਾੜੀ ਕੀਤੀ। ਉਸ ਦਾ ਵਿਆਹ ਦਸੰਬਰ 1974 ਵਿਚ ਯੂ.ਪੀ. ਦੇ ਵੱਡੇ ਜ਼ਿੰਮੀਦਾਰ, ਸ. ਗੜਗੱਜ ਸਿੰਘ ਦੀ ਲੜਕੀ ਸਤਪਾਲ ਕੌਰ ਨਾਲ ਹੋਇਆ। ਇਹਨਾਂ ਦੇ ਦੋ ਬੱਚੇ ਹੋਏ, ਵੱਡਾ ਕਾਕਾ ਪਰਦੀਪ ਸਿੰਘ ਅਤੇ ਛੋਟਾ ਅਮਰਦੀਪ ਸਿੰਘ। 1982 ਵਿਚ ਸਤਵੰਤ ਆਪਣੇ ਪਰਿਵਾਰ ਸਮੇਤ ਅਮਰੀਕਾ ਚਲਾ ਗਿਆ। 1982 ਤੋਂ 2012 ਤੱਕ ਦੇ 30 ਸਾਲਾਂ ਵਿਚ ਉਸ ਨੇ ਮਿਹਨਤ, ਨੇਕੀ ਅਤੇ ਗੁਰਸਿੱਖੀ ਪ੍ਰਤੀ ਨਿਸ਼ਚੇ ਨਾਲ ਆਪਣਾ ਜੀਵਨ ਬਤੀਤ ਕੀਤਾ। ਜਿਥੇ ਉਸ ਨੇ ਆਪਣਾ ਕਾਰੋਬਾਰ ਵਧਾਇਆ, ਉਸ ਤੋਂ ਵੱਧ ਤਵੱਜੋਂ ਉਸ ਨੇ ਧਾਰਮਿਕ ਕੰਮਾਂ ਵਿਚ ਵੀ ਦਿੱਤੀ। ਲਗਾਤਾਰ 17-18 ਸਾਲ ਉਹ ਗੁਰਦੁਆਰਾ ਸਾਹਿਬ ਦਾ ਮੁੱਖ ਸੇਵਾਦਾਰ ਰਿਹਾ।




ਆਖਰੀ ਘੜੀਆਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਜਦੋਂ ਮਾਈਕਲ ਪੇਜ ਨੇ ਪ੍ਰਕਾਸ਼ ਸਿੰਘ ਦੇ ਗੋਲੀ ਮਾਰੀ ਤਾਂ ਪੇਜ ਦਾ ਮੈਗਜ਼ੀਨ ਖਾਲੀ ਹੋ ਗਿਆ। ਉਹ ਮੈਗਜ਼ੀਨ ਭਰ ਹੀ ਰਿਹਾ ਸੀ ਕਿ ਸਤਵੰਤ ਨੇ ਪ੍ਰਕਾਸ਼ ਦੇ ਕਮਰੇ ਵਿਚ ਮੇਜ਼ ਤੇ ਪਏ ਇਕ ਫਲ ਕੱਟਣ ਵਾਲੇ ਚਾਕੂ ਨਾਲ ਪੇਜ 'ਤੇ ਹਮਲਾ ਕਰ ਦਿੱਤਾ। ਸਤਵੰਤ ਨੇ ਚਾਕੂ ਨਾਲ ਦੋ ਵਾਰ ਪੇਜ ਦੀ ਗਰਦਨ ਤੇ ਕੀਤੇ ਅਤੇ ਇਕ ਵਾਰ ਉਸ ਦੀ ਛਾਤੀ ਤੇ ਕੀਤਾ। ਇੰਨੇ ਵਿਚ ਪੇਜ ਨੇ ਦੁਬਾਰਾ ਮੈਗਜ਼ੀਨ ਭਰ ਲਿਆ। ਸਤਵੰਤ ਨੇ ਪੇਜ ਨੂੰ ਪਿੱਛੋਂ ਦੀ ਜਫਾ ਪਾਇਆ। ਪੇਜ ਨੇ ਸਾਈਡ ਤੋਂ ਸਤਵੰਤ ਦੇ ਗੋਲੀਆਂ ਮਾਰ ਦਿੱਤੀਆਂ। ਪੰਜ ਗੋਲੀਆਂ ਲੱਗਣ ਨਾਲ ਸਤਵੰਤ ਦੇ ਹੱਥ ਛੁੱਟ ਗਏ ਅਤੇ ਉਹ ਧਰਤੀ ਤੇ ਡਿੱਗ ਪਿਆ। ਮਾਈਕਲ ਪੇਜ ਬਾਹਰ ਨਿਕਲ ਗਿਆ, ਜਿਥੇ ਲਫਟੈਨ ਬ੍ਰਾਇਨ ਮਰਫੀ ਨੇ ਪੇਜ ਦੇ ਗੋਲੀ ਮਾਰੀ। ਪੇਜ ਨੇ ਮਰਫੀ ਦੇ ਵੀ 9 ਗੋਲੀਆਂ ਮਾਰੀਆਂ ਅਤੇ ਉਹ ਜ਼ਖ਼ਮੀ ਹੋ ਗਿਆ। ਇੰਨੇ ਵਿਚ ਇਕ ਹੋਰ ਪੁਲਿਸ ਅਫ਼ਸਰ ਸੈਮ ਲਿੰਡਾ ਨੇ ਮਾਈਕਲ ਪੇਜ ਤੇ ਰਾਈਫਲ ਨਾਲ ਗੋਲੀਆਂ ਚਲਾਈਆਂ ਅਤੇ ਉਸ ਨੂੰ ਢੇਰ ਕਰ ਦਿੱਤਾ। ਇਹ ਸਾਰਾ ਵਾਕਿਆ 35 ਕੁ ਮਿੰਟ ਦਾ ਸੀ।

ਇੱਧਰ ਕੁਝ ਬੱਚੇ ਭੱਜ ਕੇ ਪ੍ਰਕਾਸ਼ ਸਿੰਘ ਦੇ ਕਮਰੇ ਵਿਚ ਆਏ, ਜਿਥੇ ਉਹਨਾਂ ਨੇ ਸਤਵੰਤ ਅਤੇ ਪ੍ਰਕਾਸ਼ ਸਿੰਘ ਨੂੰ ਲਹੂ-ਲੁਹਾਨ ਹਾਲਤ ਵਿਚ ਦੇਖਿਆ। ਪ੍ਰਕਾਸ਼ ਸਿੰਘ ਹਾਏ ਹਾਏ ਕਰ ਰਿਹਾ ਸੀ। ਸਤਵੰਤ ਨੇ ਹੌਲੀ ਹੌਲੀ ਬੋਲਦਿਆਂ ਪ੍ਰਕਾਸ਼ ਸਿੰਘ ਨੂੰ ਕਿਹਾ ਕਿ "ਵਾਹਿਗੁਰੂ ਬੋਲ"। ਉਸ ਨੇ ਖੁਦ ਵੀ ਦੋ ਤਿੰਨ ਵਾਰ ਵਾਹਿਗੁਰੂ ਕਿਹਾ ਤੇ ਸੰਸਾਰ ਨੂੰ ਅਲਵਿਦਾ ਕਹਿ ਗਿਆ।

**ਜ਼ਖਮੀ ਸੰਗਤ**

ਲਫਟੈਨ ਬ੍ਰਾਇਨ ਮਰਫੀ ਤੋਂ ਇਲਾਵਾ ਪੰਜ ਹੋਰ ਸੰਗਤ ਦੇ ਮੈਂਬਰ ਜ਼ਖ਼ਮੀ ਹੋਏ। ਲਫਟੈਨ ਬ੍ਰਾਇਨ ਮਰਫੀ ਦੇ ਲਾਈਫ ਜੈਕੇਟ ਪਾਈ ਹੋਈ ਸੀ। ਇਸ ਲਈ ਉਸ ਦਾ ਕੋਈ ਜ਼ਖ਼ਮ ਵੀ ਦਿਮਾਗ ਜਾਂ ਛਾਤੀ ਉਤੇ ਨਹੀਂ ਸੀ। ਕੁਝ ਮਹੀਨਿਆਂ ਵਿਚ ਹੀ ਉਹ ਸਿਹਤਮੰਦ ਹੋ ਗਿਆ। ਅਮਰੀਕਾ ਦੀ ਸਿੱਖ ਸੰਗਤ ਨੇ ਖੁਸ਼ ਹੋ ਕੇ ਮਰਫੀ ਨੂੰ ਤਕਰੀਬਨ ਦੋ ਲੱਖ ਡਾਲਰ ਇਨਾਮ ਵਜੋਂ ਭੇਟ ਕੀਤੇ। ਮਰਫੀ ਨੇ ਆਪਣੀ ਨੌਕਰੀ ਤੋਂ ਰਿਟਾਇਰਮੈਂਟ ਲੈ ਲਈ ਹੈ। ਉਹ ਅਕਸਰ ਗੁਰਦੁਆਰਾ ਸਾਹਿਬ ਦਰਸ਼ਨਾਂ ਲਈ ਆਉਂਦਾ ਹੈ। ਉਸ ਦੀ ਵੀ ਕਰਮ ਭੂਮੀ, ਰਣਭੂਮੀ ਬਣ ਗਈ ਸੀ।

ਪੰਜ ਸਿੱਖ ਸੰਗਤਾਂ ਵਿਚੋਂ ਚਾਰ ਸਿਹਤਮੰਦ ਹੋ ਗਈਆਂ ਹਨ। ਸਿਰਫ ਸ. ਪੰਜਾਬ ਸਿੰਘ ਇਸ ਵੇਲੇ ਬਿਮਾਰ ਹਨ। ਇਹਨਾਂ ਦੀਆਂ ਅੱਖਾਂ ਝਪਕਣ ਤੋਂ ਬਿਨਾਂ ਹੋਰ ਸਰੀਰ ਦੀ ਕੋਈ ਹਿਲਜੁਲ ਨਹੀਂ ਹੈ। ਇਸ ਮੌਕੇ ਤੇ ਮੈਂ ਵੀ ਅਰਦਾਸ ਕਰਦਾ ਹਾਂ ਅਤੇ ਆਪ ਜੀ ਨੂੰ ਵੀ ਬੇਨਤੀ ਕਰਦਾ ਹਾਂ ਕਿ ਗੁਰੂ ਦੇ ਦਰਬਾਰ ਵਿਚ ਸ. ਪੰਜਾਬ ਸਿੰਘ ਦੀ ਸਿਹਤ ਲਈ ਅਰਦਾਸ ਕਰੀਏ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਰਹਿਤ ਮਰਯਾਦਾ ਦੀ ਇਕਸਾਰਤਾ ਅਤੇ ਕਾਇਮ ਇਸ ਲਈ ਵੀ ਲੋੜੀਂਦੀ ਸੀ ਕਿ ਉਸ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਆਲੇ ਦੁਆਲੇ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਹੀ ਮਰਯਾਦਾ ਦਾ ਅੰਤਰ ਸੀ।

ਇਸ ਦੇ ਨਾਲ ਪ੍ਰੋ. ਜੋਧ ਸਿੰਘ ਜੀ ਨੇ ਇਕ ਨੁਕਤਾ ਹੋਰ ਚੁੱਕਿਆ ਸੀ ਕਿ ਕੀ ਪਿਛਲੀ ਮਰਯਾਦਾ ਨੂੰ ਇਸ ਤਰ੍ਹਾਂ ਬਦਲਿਆ ਜਾਣਾ ਹੈ ਕਿ ਜਿਥੇ ਕਿਤੇ ਨੁਕਸ ਹੋਵੇ ਕੇਵਲ ਉਸ ਨੂੰ ਸੋਧਿਆ ਜਾਵੇਗਾ।

ਇਸ ਦੇ ਜਵਾਬ ਵਿਚ ਦੱਸਿਆ ਗਿਆ ਕਿ ਪ੍ਰਚਲਤ ਮਰਯਾਦਾ ਨੂੰ ਬਿਲਕੁਲ ਨਹੀਂ ਬਦਲਿਆ ਜਾਵੇਗਾ। ਕੇਵਲ ਉਨ੍ਹਾਂ ਗੱਲਾਂ ਸਬੰਧੀ ਬਹਿਸ ਹੋਵੇਗੀ, ਜਿਥੇ ਮਰਯਾਦਾ ਇਕ ਹੈ ਹੀ ਨਹੀਂ ਅਤੇ ਅਜਿਹੇ ਮਾਮਲਿਆਂ ਸਬੰਧੀ ਵੀ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮਨਾਮਿਆਂ, ਪ੍ਰਸਿੱਧ ਗੁਰਦੁਆਰਿਆਂ ਅਤੇ ਤਖਤ ਸਾਹਿਬਾਨ ਦੇ ਪੁਰਾਣੇ ਰਿਵਾਜਾਂ ਦੀ ਰੌਸ਼ਨੀ ਵਿਚ ਫੈਸਲਾ ਕੀਤਾ ਜਾਵੇਗਾ।

ਇਸ ਸਾਰੀ ਕਾਰਵਾਈ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਵੀ ਗੁਰੂ ਪੰਥ ਵਿਚ ਇਕਸਾਰਤਾ ਪੈਦਾ ਕਰਨ ਲਈ ਸਿੱਖ ਰਹਿਤ ਮਰਯਾਦਾ ਬਣਾਉਣ ਦੇ ਉਪਰਾਲੇ ਵਿਚ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ 'ਤੇ ਇਕੱਤਰਤਾ ਵਿਚ ਹੀ ਪ੍ਰੋ. ਤੇਜਾ ਸਿੰਘ ਜੀ ਨੂੰ ਕਹਿਣਾ ਪਿਆ ਕਿ ਕਈ ਸੱਜਣ ਇਸ ਮਾਮਲੇ ਨੂੰ ਲਟਕਾਉਣਾ ਚਾਹੁੰਦੇ ਹਨ। ਜੇਕਰ ਉਸ ਭਲੇ ਸਮੇਂ ਵੀ ਪੰਥ ਵਿਚ ਐਸੀ ਬਿਰਤੀ ਅਤੇ ਸੋਚ ਕਾਇਮ ਸੀ ਅਤੇ ਕਾਰਜ ਔਖਾ ਸੀ ਤਾਂ ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਅੱਜ ਦੇ ਸਮੇਂ ਵਿਚ ਤਾਂ ਇਹ ਅਸੰਭਵ ਹੀ ਹੋਏਗਾ।

ਸਿੱਖ ਰਹਿਤ ਮਰਯਾਦਾ ਦੀ ਤਿਆਰੀ ਸਿੱਖ ਇਤਿਹਾਸ ਦੇ ਅਹਿਮ ਵਰਕੇ ਹਨ। ਪਰ ਦਿੱਕਤ ਇਹ ਹੈ ਕਿ ਇਸ ਦੀ ਤਿਆਰੀ ਸਮੇਂ ਦੇ ਮਤੇ ਤਾਂ ਸੰਖੇਪ ਵਿਚ ਲਿਖੇ ਗਏ ਹਨ ਪਰ ਉਸ ਦੌਰਾਨ ਹੋਏ ਵਿਚਾਰ-ਵਟਾਂਦਰੇ ਅਤੇ ਟਿੱਪਣੀਆਂ ਮੌਜੂਦ ਨਹੀਂ ਹਨ। ਦੱਸਿਆ ਜਾਂਦਾ ਹੈ ਕਿ ਵੱਡੀ ਗਿਣਤੀ ਵਿਚ ਇਹ ਮੌਜੂਦ ਸੀ ਪਰ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੌਰਾਨ ਸਭ ਗਵਾਚ ਗਿਆ।

ਇਸ ਦੇ ਨਾਲ ਹੀ ਪ੍ਰਧਾਨ ਸਾਹਿਬ ਦੀ ਇਹ ਰੂਲਿੰਗ ਬਹੁਤ ਮਹੱਤਵਪੂਰਨ ਸੀ ਕਿ ਖਰੜੇ ਦੇ ਵਿਚ ਮੌਜੂਦ ਜਿਨ੍ਹਾਂ ਮੁੱਦਿਆਂ ਨੂੰ ਚੁੱਕਿਆ ਗਿਆ ਉਨ੍ਹਾਂ ਬਾਰੇ ਵਿਚਾਰ ਕਰ ਕੇ ਨਿਰਣੇ ਦਿੱਤੇ ਗਏ ਅਤੇ ਬਾਕੀ ਦੇ ਮਾਮਲਿਆਂ ਨੂੰ ਪ੍ਰਵਾਨ ਸਮਝਿਆ ਗਿਆ। ਇਸ ਤਰ੍ਹਾਂ ਸਿੱਖ ਰਹਿਤ ਮਰਯਾਦਾ ਦੀ ਤਿਆਰੀ ਵੱਲ ਵੱਡੀ ਪੇਸ਼ ਕਦਮੀ ਕੀਤੀ ਗਈ।

ਇਸ ਤੋਂ ਬਾਅਦ ਬਾਕਾਇਦਾ ਕਾਰਵਾਈ ਸ਼ੁਰੂ ਕਰਦਿਆਂ ਪ੍ਰੋ. ਤੇਜਾ ਸਿੰਘ ਜੀ ਨੇ ਖਰੜੇ ਵਿਚ ਦਿੱਤੀ ਸਿੱਖ ਦੀ ਤਾਰੀਫ਼ (ਪਰਿਭਾਸ਼ਾ) ਪੜ੍ਹ ਕੇ ਸੁਣਾਈ :-

**"ਜੋ ਇਸਤ੍ਰੀ ਜਾਂ ਪੁਰਸ਼ ਹਿਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"**

**ਇਸ ਸਬੰਧੀ ਕਈ ਤਰਮੀਮਾਂ ਬੇ-ਤਰਤੀਬੀਆਂ ਹੀ ਪੇਸ਼ ਹੋਣ ਲੱਗ ਪਈਆਂ, ਜਿਹਾ ਕਿ :**


(1) ਜੋ ਇਸਤ੍ਰੀ ਜਾਂ ਪੁਰਸ਼ ਦੀ ਥਾਵੇਂ ਜੋ ਕੇਸਾਧਾਰੀ ਇਸਤ੍ਰੀ ਜਾਂ ਪੁਰਸ਼ ਕੀਤਾ ਜਾਵੇ। (ਸ੍ਰ. ਅਮ੍ਰੀਕ ਸਿੰਘ ਜੀ)।

(2) ਅੰਮ੍ਰਿਤਧਾਰੀ ਸਿੱਖ ਅਤੇ ਸਹਿਜਧਾਰੀ ਸਿੱਖ ਦੀ ਤਾਰੀਫ਼ ਹੀ ਅੱਡ ਅੱਡ ਕੀਤੀ ਜਾਵੇ। (ਰਿਸਾਲਦਾਰ ਸੁੰਦਰ ਸਿੰਘ ਜੀ ਅਤੇ ਪ੍ਰੋਫੈਸਰ ਜੋਧ ਸਿੰਘ ਜੀ)

(3) ਇਹ ਖਰੜਾ ਹੈ ਹੀ ਅੰਮ੍ਰਿਤਧਾਰੀ ਸਿੱਖਾਂ ਲਈ, ਸੋ ਇਸੇ ਅਨੁਸਾਰ ਖਰੜੇ ਦੇ ਹੈਡਿੰਗ ਵਿਚ ਤਬਦੀਲੀ ਕਰ ਲਈ ਜਾਵੇ।

ਸਵਾਮੀ ਰਾਜ ਕੁਮਾਰ ਤੀਰਥ ਉਦਾਸੀ ਨੇ ਕਿਹਾ ਕਿ ਸਾਨੂੰ ਇਸ ਖਰੜੇ 'ਤੇ ਵਿਚਾਰ ਕਰਨ ਦਾ ਸਮਾਂ ਨਹੀਂ ਮਿਲਿਆ, ਸੋ ਜਾਂ ਤਾਂ ਇਸ ਦਾ ਨਾਮ ਖਾਲਸਾ ਰਹਿਤ ਮਰਯਾਦਾ ਰੱਖਿਆ ਜਾਵੇ ਜਾਂ ਸਾਨੂੰ ਵਿਚਾਰ ਦਾ ਸਮਾਂ ਦਿੱਤਾ ਜਾਵੇ।

ਇਸ ਸਬੰਧੀ ਕੁਝ ਖਿਆਲਾਤ ਪ੍ਰਗਟ ਕਰਦਿਆਂ ਹੋਇਆਂ ਗਿਆਨੀ ਸ਼ੇਰ ਸਿੰਘ ਜੀ, ਸ੍ਰ. ਗੁਪਾਲ ਸਿੰਘ ਜੀ ਸਾਗਰੀ, ਸ੍ਰ. ਭਾਗ ਸਿੰਘ ਜੀ, ਸ੍ਰ. ਮਹਿੰਦਰ ਸਿੰਘ ਜੀ ਸਿਧਵਾਂ, ਭਾਈ ਸ਼ਰਧਾ ਸਿੰਘ ਜੀ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਫ਼ੁਰਮਾਇਆ ਕਿ ਉਦਾਸੀ ਸੰਤਾਂ ਨੂੰ ਵਿਚਾਰ ਵਿਚ ਹਿੱਸਾ ਲੈਣ ਲਈ ਸਮਾਂ ਮਿਲਣਾ ਚਾਹੀਦਾ ਹੇ, ਸੋ ਸਮਾਗਮ ਮੁਲਤਵੀ ਹੋਣਾ ਚਾਹੀਦਾ ਹੈ।




ਇਸ ਸੁਝਾਅ ਦੀ ਵਿਰੋਧਤਾ ਕਰਦਿਆਂ ਭਾਈ ਕਰਤਾਰ ਸਿੰਘ ਜੀ ਝੱਬਰ, ਪ੍ਰੋ. ਗੰਗਾ ਸਿੰਘ ਜੀ, ਗਿਆਨੀ ਸੁੰਦਰ ਸਿੰਘ ਜੀ 'ਰੰਗ', ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਆਦਿ ਸੱਜਣਾਂ ਨੇ ਫ਼ੁਰਮਾਇਆ ਕਿ ਸਮਾਗਮ ਮੁਲਤਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਰੀਆਂ ਸੰਪ੍ਰਦਾਵਾਂ ਦੀ ਇਕ ਰਹਿਤ ਮਰਯਾਦਾ ਹੋ ਹੀ ਨਹੀਂ ਸਕਦੀ। ਇਹ ਖਰੜਾ ਤਾਂ ਪਾਸ ਹੋਣਾ ਚਾਹੀਦਾ ਹੈ, ਸੰਪ੍ਰਦਾਵਾਂ ਨੂੰ ਇਕੱਠਿਆਂ ਕਰਨ ਲਈ ਵੱਖਰਾ ਯਤਨ ਹੋਣਾ ਚਾਹੀਦਾ ਹੈ।

ਇਸ 'ਤੇ ਪ੍ਰਧਾਨ ਸਾਹਿਬ ਨੇ ਰੂਲਿੰਗ ਦਿੱਤੀ ਕਿ ਇਸ ਕੰਮ ਲਈ ਸਮਾਗਮ ਮੁਲਤਵੀ ਨਹੀਂ ਹੋ ਸਕਦਾ ਇਸ ਲਈ ਸਿੱਖ ਦੀ ਤਾਰੀਫ਼ 'ਤੇ ਵਿਚਾਰ ਹੋਵੇ।

ਇਸ 'ਤੇ ਸ੍ਰ. ਮੰਗਲ ਸਿੰਘ ਜੀ ਨੇ ਕਿਹਾ ਕਿ ਤਾਰੀਫ਼ ਇਉਂ ਹੋਵੇ:

"ਜੋ ਇਸਤ੍ਰੀ ਜਾਂ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਤੇ ਉਨ੍ਹਾਂ ਦੇ ਚਲਾਏ ਹੋਏ ਧਰਮ ਨੂੰ ਆਪਣਾ ਧਰਮ ਮੰਨਦਾ ਹੋਵੇ ਤੇ ਹੋਰ ਕਿਸੇ ਧਰਮ ਨੂੰ ਨਾ ਮੰਨਦਾ ਹੋਵੇ, ਉਹ ਸਿੱਖ ਹੈ।"

ਗਿਆਨੀ ਸ਼ੇਰ ਸਿੰਘ ਜੀ ਨੇ ਇਸ ਦੀ ਵਿਰੋਧਤਾ ਕੀਤੀ। ਉਨ੍ਹਾਂ ਦੱਸਿਆ ਕਿ ਜਿਹੜੀਆਂ ਸੰਪ੍ਰਦਾਵਾਂ ਸਾਰੇ ਗੁਰੂ ਸਾਹਿਬਾਨ ਨੂੰ ਇਕ ਜੋਤ ਨਹੀਂ ਮੰਨਦੀਆਂ, ਉਹ ਸਿੱਖ ਪੰਥ ਵਿਚੋਂ ਅਲਹਿਦਾ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਹਾ ਕਿ ਰਾਮ ਰਾਈਏ, ਧੀਰ ਮਲੀਏ।

ਗਿਆਨੀ ਤ੍ਰਲੋਚਨ ਸਿੰਘ ਜੀ ਨੇ ਫ਼ੁਰਮਾਇਆ ਕਿ ਸਿੱਖ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ, ਇਹ ਤਾਰੀਫ਼ ਕਾਫ਼ੀ ਨਹੀਂ।

ਸ੍ਰ. ਗੰਡਾ ਸਿੰਘ ਜੀ ਕੇਵਲ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਰਾਇ ਦਿੱਤੀ ਕਿ ਤਾਰੀਫ਼ ਕੀਤੀ ਹੀ ਨਾ ਜਾਵੇ, ਸਾਰਾ ਖਰੜਾ ਸਿੱਖ ਦੀ ਤਾਰੀਫ ਹੀ ਕਰ ਰਿਹਾ ਹੈ।

ਸ੍ਰ. ਗੰਡਾ ਸਿੰਘ ਅਤੇ ਸ੍ਰ. ਗੁਰਚਰਨ ਸਿੰਘ ਜੀ ਨੇ ਕਿਹਾ ਕਿ ਤਾਰੀਫ਼ ਅਖ਼ੀਰ 'ਤੇ ਕਰ ਲਈ ਜਾਏ।

ਭਾਈ ਸਾਹਿਬ ਕਾਹਨ ਸਿੰਘ, ਗਿਆਨੀ ਸ਼ੇਰ ਸਿੰਘ, ਸੰਤ ਤੇਜਾ ਸਿੰਘ ਜੀ, ਪ੍ਰੋਫੈਸਰ ਗੰਗਾ ਸਿੰਘ ਜੀ, ਪ੍ਰੋ. ਤੇਜਾ ਸਿੰਘ ਆਦਿ ਨੇ ਫ਼ੁਰਮਾਇਆ ਕਿ ਖਰੜੇ ਵਾਲੀ ਤਾਰੀਫ਼ ਮੁਕੰਮਲ ਹੈ ਅਤੇ ਇਹ ਸ਼ੁਰੂ ਵਿਚ ਜ਼ਰੂਰ ਦਰਜ ਹੋਣੀ ਚਾਹੀਦੀ ਹੈ।

ਇਸ ਸਾਰੇ ਵਿਸਤ੍ਰਿਤ ਵਿਚਾਰ-ਵਟਾਂਦਰੇ ਦੇ ਬਾਅਦ ਪ੍ਰਧਾਨ ਸਾਹਿਬ ਨੇ ਸਮਾਗਮ ਦੇ ਖਿਆਲਾਤ ਜਾਂਚ ਕੇ ਨਿਰਣਾ ਦਿੱਤਾ ਕਿ ਸਮਾਗਮ ਤਾਰੀਫ਼ ਸਬੰਧੀ ਸਹਿਮਤ ਨਹੀਂ ਹੈ, ਇਸ ਲਈ ਇਹ ਮਾਮਲਾ ਰਹੁਰੀਤੀ ਸਬ-ਕਮੇਟੀ ਦੀ ਵਿਚਾਰ ਮੁੜ ਭਰੇ ਸਮਾਗਮ ਵਿਚ ਪੇਸ਼ ਹੋਵੇਗੀ ਪਰ ਉਸ ਸਮੇਂ ਨਵੀਆਂ ਤਰਮੀਮਾਂ ਪੇਸ਼ ਨਹੀਂ ਹੋ ਸਕਣਗੀਆਂ।

ਇਸ ਦੇ ਨਾਲ ਹੀ ਇਹ ਵੀ ਕਿਹਾ ਕਿ ਜੇ ਸਭ ਤਜਵੀਜ਼ਾਂ ਰੱਦ ਹੋ ਜਾਣ ਤਾਂ ਫੇਰ ਨਵੀਂ ਤਜਵੀਜ਼ ਹੋ ਸਕਦੀ ਹੈ। ਇਸ ਸਬੰਧੀ ਜੇ ਕਿਸੇ ਸੱਜਣ ਨੂੰ ਕੋਈ ਹੋਰ ਤਜਵੀਜ਼ ਸੁਝੇ ਤਾਂ ਉਹ ਭੀ ਰਹੁਰੀਤ ਕਮੇਟੀ ਦੀ ਵਿਚਾਰ ਲਈ ਭੇਜ ਦੇਵੇ।

ਇਸਤੋਂ ਬਾਅਦ ਇਕੱਤ੍ਰਤਾ ਅਗਲੇ ਦਿਨ ਸਵੇਰੇ 10 ਵਜੇ ਤੱਕ ਮੁਲਤਵੀ ਹੋ ਗਈ।

(ਗੁਰਦੁਆਰਾ ਗਜ਼ਟ, ਜਨਵਰੀ, ੧੯੩੪ 'ਤੇ ਆਧਾਰਤ)


31 ਦਸਤੰਬਰ, 1933 ਅਨਮੋਲ 170

30 ਦਸੰਬਰ, 1933 ਨੂੰ ਮੁਲਤਵੀ ਹੋਈ ਇਕਤ੍ਰਤਾ ਮੁੜ 31 ਦਸੰਬਰ, 1933 ਨੂੰ ਦੁਪਹਿਰ 12-30 ਵਜੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ। ਇਸ ਵਿਚ ਰਹੁਰੀਤ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਦੇ ਮੈਂਬਰ, ਗੁਰਦੁਆਰਾ ਕਮੇਟੀਆਂ, ਅਖ਼ਬਾਰਾਂ ਦੇ ਨੁਮਾਇੰਦੇ ਆਦਿ ਸ਼ਾਮਲ ਹੋਏ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਸੀ :

**(ਚਲਦਾ)**

# ਸਿਆਸਤਦਾਨ ਤੇ ਬਿਜ਼ਨਸਮੈਨ ਸਕਿਓਰਟੀ ਲੈਣ ਖ਼ਾਤਰ ਖ਼ੁਦ ਕਰਵਾਉਂਦੇ ਨੇ ਫਿਰੌਤੀ ਕਾਲਾਂ, ਬਿਸ਼ਨੋਈ ਨੇ ਕੀਤੇ ਵੱਡੇ ਖੁਲਾਸੇ

ਨਵੀਂ ਦਿੱਲੀ : ਗੈਂਗਸਟਰ ਲਾਰੈਂਸ ਬਿਸ਼ਨੋਈ ਖ਼ਿਲਾਫ਼ ਲਗਾਤਾਰ ਸ਼ਿਕੰਜਾ ਕੱਸ ਰਹੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੀ ਚਾਰਜਸ਼ੀਟ 'ਚ ਅਹਿਮ ਖ਼ੁਲਾਸਾ ਹੋਇਆ ਹੈ। ਐੱਨਆਈਏ ਨੇ ਚਾਰਜਸ਼ੀਟ ਵਿੱਚ ਕਿਹਾ ਹੈ ਕਿ ਬਿਸ਼ਨੋਈ ਦਾ ਗਿਰੋਹ ਅੰਡਰਵਰਲਡ ਡਾਨ ਦਾਊਦ ਇਬਰਾਹਿਮ ਦੀ ਡੀ-ਕੰਪਨੀ ਵਾਂਗ ਕੰਮ ਕਰ ਰਿਹਾ ਹੈ ਅਤੇ ਕਈ ਰਾਜਾਂ ਵਿੱਚ ਆਪਣਾ ਨੈੱਟਵਰਕ ਫੈਲਾ ਚੁੱਕਾ ਹੈ। ਇਸ ਤੋਂ ਇਲਾਵਾ ਬਿਸ਼ਨੋਈ ਨੇ ਕਿਹਾ ਹੈ ਕਿ ਕਈ ਬਿਜ਼ਨੈੱਸਮੈਨ ਸਕਿਓਰਟੀ ਲੈਣ ਖ਼ਾਤਰ ਖ਼ੁਦ ਫਿਰੌਤੀ ਲਈ ਕਾਲਾਂ ਕਰਵਾਉਂਦੇ ਹਨ। ਐਨਆਈਏ ਦਾ ਦੋਸ਼ ਹੈ ਕਿ ਉਸ ਦੇ ਗਿਰੋਹ ਦੇ ਮੈਂਬਰਾਂ ਨੇ ਕੈਨੇਡਾ ਦੀਆਂ ਟਿਕਟਾਂ ਦੇ ਬਦਲੇ ਜ਼ਿਆਦਾਤਰ ਅਪਰਾਧ ਕੀਤੇ ਹਨ। ਡੀ-ਕੰਪਨੀ ਚਲਾਉਣ ਵਾਲਾ ਦਾਊਦ ਕਦੇ ਮਾਮੂਲੀ ਗੁੰਡਾ ਸੀ ਪਰ ਬਾਅਦ ਵਿੱਚ ਅੰਡਰਵਰਲਡ ਡਾਨ ਬਣ ਗਿਆ। ਇਸੇ ਤਰ੍ਹਾਂ, ਲਾਰੈਂਸ ਬਿਸ਼ਨੋਈ ਨੇ ਇੱਕ ਛੋਟੇ ਅਪਰਾਧੀ ਵਜੋਂ ਸ਼ੁਰੂਆਤ ਕੀਤੀ, ਆਪਣਾ ਗਿਰੋਹ ਬਣਾਇਆ ਅਤੇ ਹੁਣ ਉੱਤਰੀ ਭਾਰਤ ਵਿੱਚ ਇੱਕ ਸੰਗਠਿਤ ਦਹਿਸ਼ਤਗਰਦ ਸਿੰਡੀਕੇਟ ਚਲਾ ਰਿਹਾ ਹੈ। ਬਿਸ਼ਨੋਈ ਨੇ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਸਚਿਨ ਥਾਪਨ ਉਰਫ ਸਚਿਨ ਥਾਪਨ ਬਿਸ਼ਨੋਈ, ਅਨਮੋਲ ਬਿਸ਼ਨੋਈ ਉਰਫ ਭਾਨੂ, ਵਿਕਰਮਜੀਤ ਸਿੰਘ ਉਰਫ ਵਿਕਰਮ ਬਰਾੜ, ਕਾਲਾ ਜਥੇਦਾਰੀ ਅਤੇ ਕਾਲਾ ਰਾਣਾ ਦੀ ਮਦਦ ਨਾਲ ਆਪਣੇ ਗਿਰੋਹ ਦਾ ਵਿਸਥਾਰ ਕੀਤਾ। ਐੱਨਆਈਏ ਨੇ ਕਿਹਾ ਕਿ ਦਾਊਦ ਇਬਰਾਹਿਮ ਵਾਂਗ ਬਿਸ਼ਨੋਈ ਵੀ ਬਦਨਾਮ ਗੈਂਗਸਟਰ ਬਣ ਗਿਆ ਹੈ ਅਤੇ ਉਸ ਨੇ ਆਪਣੀਆਂ ਅਪਰਾਧਿਕ



ਗਤੀਵਿਧੀਆਂ ਦੇ 10 ਸਾਲਾਂ ਦੇ ਅੰਦਰ ਹੀ ਅੱਤਵਾਦੀ ਸੰਗਠਨਾਂ ਨੂੰ ਸਮਰਥਨ ਦੇਣਾ ਸ਼ੁਰੂ ਕਰ ਦਿੱਤਾ ਹੈ। ਉਸਦੇ ਅੱਤਵਾਦੀ ਸਿੰਡੀਕੇਟ ਦਾ ਉਦੇਸ਼ ਕਤਲ, ਜ਼ਬਰਦਸਤੀ ਵਸੂਲੀ ਅਤੇ ਕਤਲ ਦੀ ਕੋਸ਼ਿਸ਼ ਰਾਹੀਂ ਉੱਤਰੀ ਭਾਰਤ ਵਿੱਚ ਕਾਨੂੰਨ ਅਤੇ ਵਿਵਸਥਾ ਨੂੰ ਅਸਥਿਰ ਕਰਨਾ ਹੈ। ਐੱਨਆਈਏ ਨੇ ਚਾਰਜਸ਼ੀਟ ਵਿੱਚ ਕਿਹਾ ਕਿ ਲਾਰੈਂਸ ਬਿਸ਼ਨੋਈ ਕੋਲ ਇਸ ਸਮੇਂ 700 ਤੋਂ ਵੱਧ ਸ਼ੂਟਰਾਂ ਦਾ ਇੱਕ ਵਿਸ਼ਾਲ ਨੈੱਟਵਰਕ ਹੈ ਅਤੇ ਇਨ੍ਹਾਂ ਵਿੱਚੋਂ 300 ਸ਼ੂਟਰ ਪੰਜਾਬ ਦੇ ਹਨ। ਇਸ ਗਿਰੋਹ ਨੇ ਸਾਲ 2020 ਤੱਕ ਕਰੋੜਾਂ ਰੁਪਏ ਕਮਾਏ ਸਨ। ਐੱਨਆਈਏ ਨੇ ਕਿਹਾ ਕਿ ਬਿਸ਼ਨੋਈ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਹੋਰ ਕਤਲਾਂ ਦੇ ਮਾਸਟਰਮਾਈਂਡਾਂ ਵਿੱਚੋਂ ਇੱਕ ਹੈ। ਚਾਰਜਸ਼ੀਟ 'ਚ ਕਿਹਾ ਗਿਆ ਹੈ ਕਿ ਗਿਰੋਹ ਦੇ ਸਾਰੇ ਮੈਂਬਰ ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਕੰਮ ਕਰਦੇ ਸਨ। ਜਾਂਚ ਏਜੰਸੀ ਨੇ ਇਹ ਵੀ ਕਿਹਾ ਕਿ ਗਿਰੋਹ ਦੇ ਪ੍ਰਚਾਰ ਲਈ ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ ਵਰਗੇ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਰਾਹੀਂ ਬਿਸ਼ਨੋਈ ਅਤੇ ਗੋਲਡੀ ਨੂੰ ਅਦਾਲਤ ਵਿੱਚ ਲੈ ਕੇ ਜਾਣ ਦੀਆਂ ਤਸਵੀਰਾਂ ਪਾਈਆਂ ਗਈਆਂ। ਐੱਨਆਈਏ ਅਨੁਸਾਰ, ਇੱਕ ਸਮੇਂ ਬਿਸ਼ਨੋਈ ਦਾ ਗਿਰੋਹ ਸਿਰਫ਼ ਪੰਜਾਬ ਤੱਕ ਹੀ ਸੀਮਤ ਸੀ, ਪਰ ਹਰਿਆਣਾ, ਦਿੱਲੀ ਅਤੇ ਰਾਜਸਥਾਨ ਦੇ ਗਰੋਹ ਨਾਲ ਗੱਠਜੋੜ ਕਰਕੇ ਉਸ ਨੇ ਆਪਣੇ ਗਰੋਹ ਦਾ ਹੋਰ ਰਾਜਾਂ ਵਿੱਚ ਵਿਸਥਾਰ ਕਰ ਲਿਆ ਹੈ। ਇਸ ਗਿਰੋਹ ਦਾ ਨੈੱਟਵਰਕ ਫਿਲਹਾਲ ਉੱਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਝਾਰਖੰਡ ਵਿੱਚ ਫੈਲਿਆ ਹੋਇਆ ਹੈ। ਗਿਰੋਹ ਦੇ ਜ਼ਿਆਦਾਤਰ ਮੁੱਖ ਮੈਂਬਰ ਸਲਾਖਾਂ ਪਿੱਛੇ ਹਨ, ਪਰ ਇਨ੍ਹਾਂ ਵਿੱਚੋਂ ਕੁਝ ਅਜੇ ਵੀ ਜੇਲ੍ਹਾਂ ਦੇ ਅੰਦਰੋਂ ਦੂਜੇ ਗੈਂਗਸਟਰਾਂ ਦੀ ਮਦਦ ਨਾਲ ਗਿਰੋਹ ਨੂੰ ਚਲਾ ਰਹੇ ਹਨ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।






## ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION















**ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।**

## S. Iqbal Singh

844-573-3824 | 510-915-9144

433 W Scotts Ave Stockton, CA 95203

PH: (209) 487-7117

# ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਦੇ 33ਵੇਂ ਸੱਭਿਆਚਾਰਕ ਮੇਲੇ ਵਿੱਚ ਲੱਗੀਆਂ ਰੌਣਕਾਂ



ਸੈਕਰਾਮੈਂਟੋ : ਬੀਤੇ ਸ਼ਨੀਵਾਰ ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ 33ਵਾਂ ਸਲਾਨਾ ਸੱਭਿਆਚਾਰਕ ਮੇਲਾ "ਰੌਇਲ ਈਵੈਂਟ ਹਾਲ ਵਿੱਚ ਕਰਵਾਇਆ ਗਿਆ। ਮੇਲੇ ਵਿੱਚ ਹਰ ਸਾਲ ਦੀ ਤਰਾਂ ਸਥਾਨਕ ਭਾਈਚਾਰੇ ਵਲੋਂ ਹੁੰਮ ਹੁਮਾ ਕੇ ਸ਼ਿਰਕਤ ਕੀਤੀ ਗਈ। ਇੱਕ ਪਰਿਵਾਰਕ ਮੇਲੇ ਵਜੋਂ ਸਥਾਪਤ ਹੋ ਚੁੱਕੇ ਇਸ ਮੇਲੇ ਵਿੱਚ ਪਰਿਵਾਰ ਆਪਣੇ ਬੱਚਿਆਂ ਤੇ ਬਜ਼ੁਰਗਾਂ ਸਮੇਤ ਪਹੁੰਚੇ ਹੋਏ ਸਨ। ਪੰਜ ਸਾਲ ਦੇ ਨੰਨੇ ਮੁੰਨੇ ਬਾਲ ਕਲਾਕਾਰਾਂ ਤੋਂ ਲੈ ਕੇ ਵੀਹ ਸਾਲ ਤੱਕ ਦੇ ਗੱਭਰੂ ਤੇ ਮੁਟਿਆਰਾਂ ਨੇ ਭੰਗੜੇ ਤੇ ਗਿੱਧੇ ਦੇ ਜੌਹਰ ਵਿਖਾਏ। ਸ਼ਾਮ ਚਾਰ ਵਜੇ ਸ਼ੁਰੂ ਹੋਏ ਇਸ ਸਮਾਗਮ ਵਿੱਚ ਲੋਕ ਨਾਚਾਂ ਅਤੇ ਗੀਤ ਸੰਗੀਤ ਨੇ ਕੋਈ ਢਾਈ ਘੰਟੇ ਤੱਕ ਦਰਸ਼ਕਾਂ ਨੂੰ ਕੀਲੀ ਰੱਖਿਆ। ਕਲਾਕਾਰਾਂ ਦੇ ਗਰੁੱਪਾਂ ਵਿੱਚ ਮਾਨਵਤਾ ਭਸੀਨ ਦੀ ਟੀਮ "ਫੁੱਲਝੜੀਆਂ, ਗੈਰੀ ਭੰਗੂ ਦੀ ਟੀਮਭੰਗੜਾ ਡਾਂਸ ਫਿੱਟਨੈੱਸ, ਵਰਿੰਦਰ ਅਤੇ ਅਮ੍ਰਿਤ ਫਰਵਾਲਾ ਦੀਆ ਟੀਮਸ਼ਾਨ ਪੰਜਾਬ ਦੀ ਅਤੇ ਰੰਗਲ ?ਾ ਪੰਜਾਬ, ਅਮਨ ਸੰਧੂ ਦੀਆਂ ਟੀਮਾਂਗਿੱਧੇ ਦੀਆਂ ਪਰੀਆਂਨੱਚਦੀਆਂ ਕੂੰਜਾਂ, ਸ਼ੌਕੀਨਣਾਂ ਗਿੱਧੇ ਦੀਆ, "ਬੱਲੇ ਬੱਲੇ ਭੰਗੜਾ" ਅਤੇ "ਮੁਟਿਆਰਾਂ ਦਾ ਭੰਗੜਾ" ਨੇ ਕਮਾਲ ਦੀਆਂ ਪੇਸ਼ਕਾਰੀਆਂ ਕਰਕੇ ਦਰਸ਼ਕਾਂ ਦੇ ਮਨ ਮੋਹ ਲਏ। ਗੀਤ ਸੰਗੀਤ ਦੇ ਦੌਰ ਵਿੱਚ ਬਾਲੀ ਚੀਮਾ ਨੇ ਆਪਣੇ ਲਿਖੇ ਗੀਤ ਨਾਲ ਹਾਜਰੀ ਲਵਾਈ। ਸਾਬਹੀ ਪਨੇਸਰ ਨੇ ਬੁਲੰਦ ਆਵਾਜ਼ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ ਨਾਲ ਗਾਇਨ ਸ਼ੁਰੂ ਕਰਦਿਆਂ ਮਾਹੌਲ ਦੇ ਮੁਤਾਬਿਕ ਦੋ ਹੋਰ ਸੱਭਿਆਚਾਰਕ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਕੈਲੇਫੋਰਨੀਆਂ ਦੀ ਸੁਰੀਲੀ ਗਾਇਕਾ ਪੂਨਮ ਨੇ ਸੁਰਿੰਦਰ ਕੌਰ ਦੇ ਗਾਏ ਇੱਕ ਗੀਤ ਨੂੰ ਇੰਨਾ ਬਾਖੂਬੀ ਗਾਇਆ ਕਿ ਸਰੋਤੇ ਅਸ਼ ਅਸ਼ ਕਰ ਉੱਠੇ। ਸਰੋਤਿਆਂ ਦੀ ਫਰਮਾਇਸ਼ ਉੱਤੇ ਐਸੋਸੀਏਸ਼ਨ ਦੇ ਮੋਢੀ ਅਤੇ ਰੂਹੇ ਰਵਾਂ ਸ. ਰਛਪਾਲ ਸਿੰਘ ਫਰਵਾਲਾ ਅਤੇ ਪੂਨਮ ਨੇ ਇੱਕ ਡਿਊਟ ਗੀਤ" ਆ ਗਿਆ ਵਣਜਾਰਾ ਨੀ ਚੜ੍ਹਾ ਲੈ ਭਾਬੀ ਚੂੜੀਆਂ ਗਾ ਕੇ ਸਰੋਤੇ ਝੂਮਣ ਲਾ ਦਿੱਤੇ। ਕਹਿ ਸਕਦੇ ਹਾਂ ਕਿ ਇਹ ਗੀਤ ਮੇਲੇ ਦਾ ਸਿਖਰ ਹੋ ਨਿੱਬੜਿਆ। ਸਟੇਜ ਦਾ ਸੰਚਾਲਨ, ਪਿਛਲੇ 19 ਸਾਲਾਂ ਤੋਂ ਐਸੋਸੀਏਸ਼ਨ ਦੀ ਸਟੇਜ ਸੰਚਾਲਨ ਦੀ ਸੇਵਾ ਨਿਭਾ ਰਹੇ ਜਸਵੰਤ ਸਿੰਘ ਸ਼ਾਦ ਨੇ ਬਾਖੂਬੀ ਕੀਤਾ। ਸ. ਰਛਪਾਲ ਸਿੰਘ ਫਰਵਾਲਾ ਨੇ ਆਏ ਹੋਏ ਦਰਸ਼ਕਾਂ ਕਲਾਕਰਾਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਧੰਨਵਾਦ ਕੀਤਾ। ਐਸੋਸੀਏਸ਼ਨ ਵਲੋਂ ਮਨਦੀਪ ਕੌਰ ਫਰਵਾਲਾ ਨੇ ਗਿੱਧਾ ਭੰਗੜਾ ਕੋਚ ਅਮਨ ਕੌਰ ਸੰਧੂ ਦਾ ਵਿਸ਼ੇਸ ਸਨਮਾਨ ਕੀਤਾ। ਅੰਤ ਵਿੱਚ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਸਾਰੇ ਕਲਾਕਾਰਾਂ ਨੂੰ ਟਰਾਫੀਆ ਦੇ ਕੇ ਸਨਮਾਨਤ ਕੀਤਾ। ਸੰਗੀਤ ਨਰਿੰਦਰ ਬੱਗਾ ਅਤੇ ਸੋਨੂੰ ਦਾ ਸੀ। ਇਸ ਮੌਕੇ ਸਮੂਹ ਪ੍ਰਬੰਧਕ ਕਮੇਟੀ ਮੈਂਬਰ ਸਰਵ ਸ੍ਰੀ ਤੀਰਥ ਸਹੋਤਾ, ਪਰਮਜੀਤ ਢਿੱਲੋਂ, ਜਤਿੰਦਰ ਬੀਸਲਾ,ਅਮਰੀਕ ਸਿੰਘ ਪਰਹਾਰ,ਦੇਬੀ ਗਿੱਲ,ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਜੱਸੀ ਸੰਘਾ, ਅਵਤਾਰ ਸਿੰਘ ਡੌਡ, ਮਨੋਹਰ ਲਾਲ ਰੱਤੀ, ਭੀਲੀ ਸੰਧੂ, ਗੁਰਮਿੰਦਰ ਗੁਰੀ, ਗੁਰਨੇਕ ਸਿੰਘ, ਸੁਰਿੰਦਰ ਬਿੰਦਰਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਜਿੰਦਰ ਪਾਲ ਸਿੰਘ, ਮਾਧੋ ਚਾਹਲ, ਜਰਨੈਲ ਮੰਡੇਰ, ਰੋਹਿਤ, ਪਵਿੱਤਰ ਨਾਹਲ, ਜੱਗੀ ਕੰਦੋਲਾ, ਕੇਵਲ ਬੋਲੀਨਾ, ਜਰਨੇਲ ਸਿੰਘ ਸਰਪੰਚ ਅਤੇ ਅਵਤਾਰ ਸਿੰਘ ਦੋਸਾਂਝ ਹਾਜਰ ਸਨ।

## ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਤੇ 15 ਜ਼ਖਮੀ



ਸਗੀਨਾਅ, ਮਿਸ਼ੀਗਨ ਵਿਚ ਗੋਲੀਬਾਰੀ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸਗੀਨਾਅ, ਮਿਸ਼ੀਗਨ ਵਿਚ ਇਕ ਵੱਡੀ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 2 ਵਿਅਕਤੀਆਂ ਦੀ ਮੌਤ ਹੋਣ ਤੇ 15 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਮਿਸ਼ੀਗਨ ਸਟੇਟ ਪੁਲਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਾਰਟੀ ਲਈ ਸੋਸ਼ਲ ਮੀਡੀਆ ਉਪਰ ਸੱਦਾ ਦਿੱਤਾ ਗਿਆ ਸੀ। ਗੋਲੀਬਾਰੀ ਦੀ ਘਟਨਾ ਤੋਂ ਪਹਿਲਾਂ ਪੁਲਿਸ ਨੇ ਭੀੜ ਨੂੰ ਉਥੋਂ ਹਟਾ ਦਿੱਤਾ ਸੀ। ਬਿਆਨ ਅਨੁਸਾਰ ਪੁਲਿਸ ਨੂੰ ਨਵੀਂ ਜਗਾ 'ਤੇ ਭੀੜ ਦੇ ਇਕੱਤਰ ਹੋਣ ਦੀ ਜਾਣਕਾਰੀ ਮਿਲੀ ਸੀ। ਇਸੇ ਦੌਰਾਨ ਪੁਲਿਸ ਨੂੰ ਸਵੇਰੇ 12 ਵਜੇ ਗੋਲੀ ਚਲਣ ਦੀ ਸੂਚਨਾ ਮਿਲੀ। ਪੁਲਿਸ ਅਨੁਸਾਰ ਪਾਰਟੀ ਵਿਚ ਸ਼ਾਮਿਲ ਲੋਕਾਂ ਨੇ ਇਕ ਦੂਸਰੇ ਉਪਰ ਗੋਲੀਆਂ ਚਲਾਈਆਂ ਤੇ ਉਥੋਂ ਫਰਾਰ ਹੋ ਗਏ। ਪੁਲਿਸ ਅਨੁਸਾਰ ਕੁਝ ਲੋਕ ਗੋਲੀਆਂ ਵਜਣ ਕਾਰਨ ਜ਼ਖਮੀ ਹੋਏ ਹਨ ਜਦ ਕਿ ਕੁਝ ਲੋਕ ਹਫੜਾ ਦਫੜੀ ਦੌਰਾਨ ਵਾਹਣ ਹੇਠਾਂ ਆ ਕੇ ਜ਼ਖਮੀ ਹੋਏ ਹਨ। ਮ੍ਰਿਤਕਾਂ ਵਿਚ ਇਕ 19 ਸਾਲਾ ਵਿਅਕਤੀ ਤੇ ਦੂਸਰੀ 51 ਸਾਲ ਦੀ ਔਰਤ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ ਹੈ ਤੇ ਮਾਮਲਾ ਜਾਂਚ ਅਧੀਨ ਹੈ।

## ਅਮਰੀਕਾ ਦੇ ਮੋਨਟਾਨਾ ਰਾਜ ਵਿਚ ਪੁਲ ਢਹਿ ਢੇਰੀ ਹੋ ਜਾਣ ਕਾਰਨ ਰੇਲ ਗੱਡੀ ਦੇ ਕਈ ਟੈਂਕਰ ਦਰਿਆ ਵਿਚ ਡਿੱਗੇ, ਜਾਨੀ ਨੁਕਸਾਨ ਤੋਂ ਹੋਇਆ ਬਚਾਅ




ਅਮਰੀਕਾ ਵਿਚ ਇਕ ਪੁਲ ਢਹਿ ਢੇਰੀ ਹੋ ਜਾਣ ਕਾਰਨ ਦਰਿਆ ਵਿਚ ਡਿੱਗੇ ਰੇਲ ਗੱਡੀ ਦੇ ਟੈਂਕਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਮੋਨਟਾਨਾ ਰਾਜ ਵਿਚ ਇਕ ਪੁਲ ਢਹਿ ਢੇਰੀ ਹੋ ਗਿਆ ਤੇ ਉਸ ਉਪਰੋਂ ਲੱਘ ਰਹੀ ਮਾਲ ਗੱਡੀ ਦੇ ਕਈ ਟੈਂਕਰ ਯੈਲੋਸਟੋਨ ਦਰਿਆ ਵਿਚ ਡਿੱਗ ਜਾਣ ਦੀ ਖਬਰ ਹੈ। ਸਟਿਲਵਾਟਰ ਕਾਊਂਟੀ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਮੋਨਟਾਨਾ ਰੇਲ ਲਿੰਕ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਰੇਲ ਟੈਂਕਰਾਂ ਵਿਚ ਮੋਲਟਨ ਸਲਫਰ ਤੇ ਐਸਫਾਲਟ ਭਰਿਆ ਪਿਆ ਸੀ। ਦੋ ਟੈਂਕਰਾਂ ਵਿਚ ਸੋਡੀਅਮ ਹਾਈਡਰੋਜਨ ਸਲਫੇਟ ਸੀ। ਸਟਿਲਵਾਟਰ ਕਾਊਂਟੀ ਡਿਜਾਸਟਰ ਐਂਡ ਐਮਰਜੈਂਸੀ ਸਰਵਿਸਜ ਅਨੁਸਾਰ ਇਹ ਹਾਦਸਾ ਸਥਾਨਕ ਸਮੇ ਅਨੁਸਾਰ ਸਵੇਰੇ 6 ਵਜੇ ਦੇ ਆਸ ਪਾਸ ਰੀਡ ਪੋਆਇੰਟ ਤੇ ਕੋਲੰਬਸ ਵਿਚਾਲੇ ਬਿਲਿੰਗਜ ਦੇ ਪੱਛਮ ਵਿਚ ਤਕਰੀਬਨ 60 ਮੀਲ ਦੂਰ ਵਾਪਰਿਆ। ਹਾਦਸੇ ਵਿਚ ਜਾਨੀ ਨੁਕਸਾਨ ਹੋਣ ਜਾਂ ਕਿਸ ਦੇ ਜ਼ਖਮੀ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਹਾਦਸੇ ਵਿਚ ਕਈ ਟੈਂਕਰਾਂ ਨੂੰ ਨੁਕਸਾਨ ਪੁੱਜਾ ਹੈ ਤੇ ਉਨਾਂ ਵਿਚੋਂ ਪੈਟਰੋਲੀਅਮ ਪਦਾਰਥ ਰਿਸਣ ਦੀ ਵੀ ਜਾਣਕਾਰੀ ਮਿਲੀ ਹੈ। ਖੇਤਰੀ ਰੇਲ ਕੰਪਨੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਗੱਡੀ ਦਾ ਅਮਲਾ ਸੁਰੱਖਿਅਤ ਹੈ ਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਰੇਲ ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕਿਆ । ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਯੈਲੋਸਟੋਨ ਦਰਿਆ ਰੇਲ ਪੁਲ ਤੋਂ ਦੂਰ ਰਹਿਣ। ਰਾਜ ਦੇ ਗਵਰਨਰ ਗਰੇਗ ਗਿਆਨਫੋਰਟ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਰੇਲ ਹਾਦਸੇ ਉਪਰੰਤ ਪੈਦਾ ਹੋਏ ਹਾਲਾਤ ਉਪਰ ਨਜ਼ਰ ਰੱਖ ਰਹੇ ਹਨ।

## ਅਮਰੀਕਾ ਦੇ ਕੰਸਾਸ ਸ਼ਹਿਰ ਵਿਚ ਹੋਈ ਗੋਲੀਬਾਰੀ ਕਾਰਨ 3 ਮੌਤਾਂ ਤੇ 5 ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਮਿਸੌਰੀ ਰਾਜ ਦੇ ਸ਼ਹਿਰ ਕੰਸਾਸ ਵਿਚ ਐਤਵਾਰ ਦੀ ਸਵੇਰ ਨੂੰ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਇਕ ਔਰਤ ਸਮੇਤ 3 ਲੋਕਾਂ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਗੋਲੀਆਂ ਚੱਲਣ ਦੀ ਸੂਚਨਾ ਸਵੇਰੇ 4.30 ਵਜੇ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਮੁੱਢਲੀ ਜਾਣਕਾਰੀ ਅਨੁਸਾਰ ਇਕ ਪਾਰਕਿੰਗ ਵਿਚ ਵੱਡੀ ਪੱਧਰ 'ਤੇ ਲੋਕ ਇਕੱਠੇ ਹੋਏ ਸਨ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ 2 ਮਰਦ ਤੇ ਇਕ ਔਰਤ ਮੌਕੇ ਉਪਰ ਹੀ ਦਮ ਤੋੜ ਚੁੱਕੇ ਸਨ ਜਦ ਕਿ 5 ਜ਼ਖਮੀ ਖੁਦ ਹੀ ਵੱਖ ਵੱਖ




ਹਸਪਤਾਲਾਂ ਵਿਚ ਪੁੱਜ ਗਏ ਸਨ ਜਿਨਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਕਿਸੇ ਵੀ ਸ਼ੱਕੀ ਨੂੰ ਹਿਰਾਸਤ ਵਿਚ ਨਹੀਂ ਲਿਆ ਹੈ ਪਰੰਤੂ ਪੁਲਿਸ ਨੂੰ ਵਿਸ਼ਵਾਸ਼ ਹੈ ਕਿ ਉਸ ਨੂੰ ਬਹੁਤ ਸਾਰੇ ਅਜਿਹੇ ਗਵਾਹ ਮਿਲ ਜਾਣਗੇ ਜਿਨਾਂ ਕੋਲੋਂ ਗੋਲੀਬਾਰੀ ਦੀ ਘਟਨਾ ਸਬੰਧੀ ਅਹਿਮ ਜਾਣਕਾਰੀ ਮਿਲ ਸਕਦੀ ਹੈ।

## ਅਮਰੀਕਾ ਦੇ ਹੋਸਟਨ ਸ਼ਹਿਰ ਵਿਚ ਤਲਾਬ ਵਿਚੋਂ ਗੈਸ ਚੜਨ ਨਾਲ 7 ਬੱਚਿਆਂ ਸਮੇਤ 12 ਲੋਕ ਬਿਮਾਰ, ਹਸਪਤਾਲ ਦਾਖਲ




ਵੈਸਟ ਹੋਸਟਨ ਕਲੱਬ ਦਾ ਪ੍ਰੇਵਸ਼ ਦੁਆਰ ਜਿਥੇ ਤਲਾਬ ਵਿਚੋਂ ਗੈਸ ਚੜ ਜਾਣ ਕਾਰਨ 12 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਪ੍ਰਸਿੱਧ ਸ਼ਹਿਰ ਹੋਸਟਨ (ਹੈਰਿਸ ਕਾਊਂਟੀ) ਦੇ ਇਕ ਤਲਾਬ ਵਿਚ ਨਹਾਉਣ ਗਏ 12 ਲੋਕਾਂ ਨੂੰ ਗੈਸ ਚੜ ਜਾਣ ਉਪਰੰਤ ਹਸਪਤਾਲ ਵਿਚ ਦਾਖਲ ਕਰਵਾਏ ਜਾਣ ਦੀ ਰਿਪੋਰਟ ਹੈ। ਹੋਸਟਨ ਫਾਇਰ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਤਕਰੀਬਨ ਸ਼ਾਮ 5 ਵਜੇ ਸੂਚਨਾ ਮਿਲੀ ਸੀ ਕਿ ਤਲਾਬ ਵਿਚ ਨਹਾਉਣ ਆਏ ਕੁਝ ਲੋਕ ਅਣਸੁਖਾਵਾਂ ਮਹਿਸੂਸ ਕਰ ਰਹੇ ਹਨ। ਹੋਸਟਨ ਫਾਇਰ ਵਿਭਾਗ ਦੇ ਮੁੱਖੀ ਸੈਮੂਏਲ ਪੇਨਾ ਨੇ ਕਿਹਾ ਹੈ ਕਿ ਤਲਾਬਾਂ ਵਿਚੋਂ ਕਿਟਾਣੂ ਖਤਮ ਕਰਨ ਲਈ ਕਲੋਰੀਨ ਦੀ ਵਰਤੋਂ ਕੀਤੀ ਜਾਂਦੀ ਹੈ। ਤਾਜਾ ਘਟਨਾ ਕਲੋਰੀਨ ਦੀ ਜਿਆਦਾ ਮਾਤਰਾ ਵਿਚ ਹੋਈ ਵਰਤੋਂ ਕਾਰਨ ਵਾਪਰੀ ਹੈ। ਉਨਾਂ ਕਿਹਾ ਕਿ ਤਲਾਬਾਂ ਵਿਚ ਕਲੋਰੀਨ ਦੀ ਜਿਆਦਾ ਮਾਤਰਾ ਵਿਚ ਵਰਤੋਂ ਕਾਰਨ ਚਮੜੀ ਜਾਂ ਅੱਖਾਂ ਵਿਚ ਜਲਣ ਹੋ ਸਕਦੀ ਹੈ ਜਾਂ ਸਾਹ ਲੈਣ ਵਿਚ ਤਕਲੀਫ ਵਰਗੇ ਲਛਣ ਨਜਰ ਆ ਸਕਦੇ ਹਨ। ਹੋਸਟਨ ਫਾਇਰ ਵਿਭਾਗ ਅਨੁਸਾਰ 7 ਬੱਚਿਆਂ ਤੇ 3 ਬਾਲਗਾਂ ਨੂੰ ਖੇਤਰ ਵਿਚਲੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਦ ਕਿ 2 ਜਣੇ ਖੁਦ ਹੀ ਹਸਪਤਾਲ ਪਹੁੰਚ ਗਏ ਸਨ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## ACCOUNTING SERVICES:

- Bookkeeping
- Payroll Service
- Monthly Sales Tax reports



## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

intuit quickbooks.

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@TOTALIRP.com

# ਨਿਊਯਾਰਕ 'ਚ ਹੁਣ ਦੀਵਾਲੀ ਤੇ ਸਕੂਲਾਂ 'ਚ ਹੋਵੇਗੀ ਛੁੱਟੀ, ਭਾਰਤੀਆਂ 'ਚ ਖ਼ੁਸ਼ੀ ਦੀ ਲਹਿਰ




ਨਿਊਯਾਰਕ : ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਮੌਕੇ ਨਿਊਯਾਰਕ ਸ਼ਹਿਰ ਦੇ ਸਕੂਲਾਂ ਵਿੱਚ ਛੁੱਟੀ ਰਹੇਗੀ। ਇਹ ਐਲਾਨ ਕਰਦਿਆਂ ਅਧਿਕਾਰੀਆਂ ਨੇ ਇਸ ਨੂੰ ਭਾਰਤੀ ਭਾਈਚਾਰੇ ਸਮੇਤ ਸ਼ਹਿਰ ਵਾਸੀਆਂ ਦੀ 'ਜਿੱਤ' ਦੱਸਿਆ। ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਸਟੇਟ ਹਾਊਸ ਅਤੇ ਸਟੇਟ ਸੈਨੇਟ ਨੇ ਨਿਊਯਾਰਕ ਸਿਟੀ ਦੇ ਪਬਲਿਕ ਸਕੂਲਾਂ ਵਿਚ ਦੀਵਾਲੀ 'ਤੇ ਛੁੱਟੀ ਦੇਣ ਸਬੰਧੀ ਬਿੱਲ ਨੂੰ ਪਾਸ ਕਰ ਦਿੱਤਾ ਹੈ। ਸੋਮਵਾਰ ਨੂੰ ਸਿਟੀ ਹਾਲ ਤੋਂ ਇੱਕ ਵਿਸ਼ੇਸ਼ ਘੋਸ਼ਣਾ ਵਿੱਚ ਉਨ੍ਹਾਂ ਕਿਹਾ, 'ਸਾਨੂੰ ਭਰੋਸਾ ਹੈ ਕਿ ਰਾਜਪਾਲ ਇਸ ਬਿੱਲ 'ਤੇ ਦਸਤਖ਼ਤ ਕਰਕੇ ਇਸ ਨੂੰ ਕਾਨੂੰਨ ਦਾ ਰੂਪ ਦੇਣਗੇ।'

ਐਡਮਜ਼ ਨੇ ਕਿਹਾ, 'ਇਹ ਇਕ ਜਿੱਤ ਹੈ... ਸਿਰਫ਼ ਭਾਰਤੀ ਭਾਈਚਾਰੇ ਦੀਆਂ ਔਰਤਾਂ ਅਤੇ ਮਰਦਾਂ ਅਤੇ ਦੀਵਾਲੀ ਮਨਾਉਣ ਵਾਲੇ ਸਾਰੇ ਭਾਈਚਾਰਿਆਂ ਦੀ ਨਹੀਂ, ਸਗੋਂ ਇਹ ਨਿਊਯਾਰਕ ਦੀ ਜਿੱਤ ਹੈ।' ਇਸ ਸਾਲ ਤੋਂ ਨਿਊਯਾਰਕ ਸ਼ਹਿਰ ਦੇ ਪਲਬਿਕ ਸਕੂਲਾਂ ਵਿਚ ਦੀਵਾਨੀ ਦੀ ਛੁੱਟੀ ਰਹੇਗੀ। ਨਿਊਯਾਰਕ ਹਾਊਸ ਆਫ ਰਿਪ੍ਰੇਜ਼ੈਂਟੇਟਿਵ ਦੀ ਮੈਂਬਰ ਜੈਨੀਫਰ ਰਾਜਕੁਮਾਰ ਨੇ ਕਿਹਾ ਕਿ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਦੱਖਣੀ ਏਸ਼ੀਆਈ ਅਤੇ ਇੰਡੋ-ਕੈਰੇਬੀਅਨ ਭਾਈਚਾਰੇ ਨੇ ਇਸ ਪਲ ਲਈ ਸੰਘਰਸ਼ ਕੀਤਾ ਹੈ। ਜੈਨੀਫਰ ਨਿਊਯਾਰਕ ਸਟੇਟ ਹਾਊਸ ਆਫ ਰਿਪ੍ਰੇਜ਼ੈਂਟੇਟਿਵ ਲਈ ਚੁਣੀ ਗਈ ਪਹਿਲੀ ਭਾਰਤੀ-ਅਮਰੀਕੀ ਔਰਤ ਹੈ। ਉਨ੍ਹਾਂ ਕਿਹਾ, "ਅੱਜ, ਮੇਅਰ ਅਤੇ ਮੈਨੂੰ ਪੂਰੀ ਦੁਨੀਆ ਦੇ ਸਾਹਮਣੇ ਖੜੇ ਹੋ ਕੇ ਇਹ ਕਹਿੰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਹੁਣ ਤੋਂ ਦੀਵਾਨੀ 'ਤੇ ਨਿਊਯਾਰਕ ਸ਼ਹਿਰ ਦੇ ਸਕੂਲਾਂ ਵਿੱਚ ਹਮੇਸ਼ਾ ਛੁੱਟੀ ਰਹੇਗੀ।'

ਜੈਨੀਫਰ ਨੇ ਕਿਹਾ ਕਿ ਦੀਵਾਲੀ ਦੀ ਛੁੱਟੀ ਨੂੰ ਕਾਨੂੰਨ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਕਮਿਊਨਿਟੀ ਅਤੇ ਪ੍ਰਵਾਸੀ ਨੇਤਾਵਾਂ ਦੇ ਨਾਲ-ਨਾਲ ਸ਼ਹਿਰ ਦੇ ਅਧਿਕਾਰੀਆਂ ਅਤੇ ਸੰਸਦ ਮੈਂਬਰਾਂ ਵਿਚਕਾਰ ਐਡਮਜ਼ ਨੇ ਕਿਹਾ ਕਿ ਨਿਊਯਾਰਕ ਸ਼ਹਿਰ ਲਗਾਤਾਰ ਬਦਲ ਰਿਹਾ ਹੈ ਅਤੇ ਦੁਨੀਆ ਭਰ ਦੇ ਭਾਈਚਾਰਿਆਂ ਦਾ ਸੁਆਗਤ ਕਰ ਰਿਹਾ ਹੈ। ਨਿਊਯਾਰਕ ਸਿਟੀ ਸਕੂਲ ਦੇ ਚਾਂਸਲਰ ਡੇਵਿਡ ਬੈਂਕਸ ਨੇ ਕਿਹਾ ਕਿ ਸ਼ਹਿਰ ਦੇ ਸਕੂਲੀ ਬੱਚਿਆਂ ਲਈ ਦੀਵਾਲੀ ਦੀ ਛੁੱਟੀ ਦਾ ਐਲਾਨ ਕਰਨਾ, 'ਦੀਵਾਲੀ 'ਤੇ ਸਕੂਲਾਂ ਨੂੰ ਬੰਦ ਰੱਖਣ ਨਾਲੋਂ ਜ਼ਿਆਦਾ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਅਸੀਂ ਆਪਣੀ ਸੋਚ ਦਾ ਦਾਇਰਾ ਵਧਾ ਰਹੇ ਹਾਂ, ਕਿਉਂਕਿ ਅਸੀਂ ਉਨ੍ਹਾਂ ਨੂੰ ਦੀਵਾਲੀ ਅਤੇ ਉਸ ਦੇ ਇਤਿਹਾਸ ਬਾਰੇ ਦੱਸਣ ਜਾ ਰਹੇ ਹਾਂ।' ਬੈਂਕਸ ਨੇ ਕਿਹਾ, 'ਮੈਂ ਉਨ੍ਹਾਂ ਸਾਰੇ ਬੱਚਿਆਂ, ਪਰਿਵਾਰਾਂ ਅਤੇ ਨਿਊਯਾਰਕ ਸ਼ਹਿਰ ਦੇ ਆਲੇ-ਦੁਆਲੇ ਦੇ ਭਾਈਚਾਰਿਆਂ ਲਈ ਖ਼ੁਸ਼ ਹਾਂ, ਜੋ ਇਸ ਤਿਉਹਾਰ ਦੀ ਵਿਰਾਸਤ ਅਤੇ ਇਤਿਹਾਸ ਬਾਰੇ ਹੋਰ ਜਾਣ ਸਕਣਗੇ।'

# ਵਿਧਾਇਕ ਕੁਲਵੰਤ ਸਿੰਘ ਵੱਲੋਂ ਨਿਊਯਾਰਕ ਵਿੱਚ ਸੜਕ ਦਾ ਉਦਘਾਟਨ



ਐਸ.ਏ.ਐਸ. ਨਗਰ (ਮੁਹਾਲੀ): ਸ੍ਰੀ ਗੁਰੂ ਰਵਿਦਾਸ ਸਭਾ ਅਤੇ ਬੇਗਮਪੁਰਾ ਕਲਚਰਲ ਸੁਸਾਇਟੀ ਵੱਲੋਂ 60 ਅਤੇ 62 ਸਟਰੀਟ ਰੋਡ ਨਿਊਯਾਰਕ (ਅਮਰੀਕਾ) ਦੀ ਸੜਕ ਦਾ ਨਾਂ ਡਾ. ਬੀ.ਆਰ. ਅੰਬੇਦਕਰ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਦਾ ਉਦਘਾਟਨ ਮੁਹਾਲੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਕੀਤਾ। ਹਾਲਾਂਕਿ, 'ਆਪ' ਵਿਧਾਇਕ ਕੁਲਵੰਤ ਸਿੰਘ ਦੇ ਆਪਣੇ ਹਲਕੇ ਮੁਹਾਲੀ ਦੇ ਸ਼ਹਿਰੀ ਖੇਤਰ ਅਤੇ ਕਈ ਨੇੜਲੇ ਪਿੰਡਾਂ ਦੀਆਂ ਸੜਕਾਂ ਦੀ ਹਾਲਤ ਕਾਫ਼ੀ ਤਰਸਯੋਗ ਬਣੀ ਹੋਈ ਹੈ। ਵਿਧਾਇਕ ਕੁਲਵੰਤ ਸਿੰਘ ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਭਰ ਵਿੱਚ ਵਿਕਾਸ ਕਾਰਜਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਬੰਗਾ ਨੇ 'ਆਪ' ਵਿਧਾਇਕ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੁਲਵੰਤ ਸਿੰਘ ਨੇ ਜ਼ਮੀਨੀ ਪੱਧਰ ਤੋਂ ਉੱਠ ਕੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਦਿਆਂ ਵੱਡਾ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਦੀ ਸੁਸਾਇਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਸੜਕ ਦਾ ਉਦਘਾਟਨ ਕੁਲਵੰਤ ਸਿੰਘ ਦੇ ਹੱਥੋਂ ਹੋਇਆ ਹੈ। ਉਨ੍ਹਾਂ ਇਹ ਉਮੀਦ ਜਤਾਈ ਕਿ ਭਵਿੱਖ ਵਿੱਚ ਕੁਲਵੰਤ ਸਿੰਘ ਘੱਟ-ਗਿਣਤੀ ਲੋਕਾਂ ਦੀ ਭਲਾਈ ਲਈ ਇਸ ਤਰ੍ਹਾਂ ਕਾਰਜ ਕਰਦੇ ਰਹਿਣਗੇ।

# ਪ੍ਰਧਾਨ ਮੰਤਰੀ ਮੋਦੀ ਦੀ 3 ਦਿਨਾ ਯਾਤਰਾ ਦੌਰਾਨ ਤਿਰੰਗੇ ਦੇ ਰੰਗ 'ਚ ਰੰਗਿਆ ਅਮਰੀਕਾ

ਨਿਊਯਾਰਕ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 3 ਦਿਨਾ ਇਤਿਹਾਸਕ ਯਾਤਰਾ ਦੌਰਾਨ ਪੂਰਾ ਅਮਰੀਕਾ ਤਿਰੰਗੇ ਦੇ ਰੰਗ 'ਚ ਰੰਗਿਆ ਦਿਖਾਈ ਦਿੱਤਾ। ਇਸ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਵਿਚਾਲੇ ਕਈ ਅਹਿਮ ਸਮਝੌਤੇ ਹੋਏ। ਭਾਰਤ ਦੇ ਅਮਰੀਕਾ ਸਥਿਤ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਮੋਦੀ ਦੀ ਇਸ ਇਤਿਹਾਸਕ ਯਾਤਰਾ ਨੂੰ ਲੈ ਕੇ ਟਵੀਟ ਕਰਦਿਆਂ ਕਿਹਾ ਕਿ ਭਾਰਤ ਤੇ ਅਮਰੀਕਾ ਵਿਚਾਲੇ ਸਥਾਈ ਦੋਸਤੀ ਤੇ ਭਾਈਵਾਲੀ।

ਉਨ੍ਹਾਂ ਅੱਗੇ ਲਿਖਿਆ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਯਾਤਰਾ ਦੌਰਾਨ ਪੂਰਾ ਦੇਸ਼ ਤਿਰੰਗੇ ਦੇ ਰੰਗ 'ਚ ਰੰਗਿਆ ਗਿਆ। ਪ੍ਰਧਾਨ ਮੰਤਰੀ ਮੋਦੀ ਦੀ ਇਸ ਯਾਤਰਾ ਦੌਰਾਨ ਵਾਸ਼ਿੰਗਟਨ ਡੀ. ਸੀ. ਦੀ ਇਮਾਰਤ ਤਿਰੰਗੇ ਦੇ ਰੰਗ ਵਾਲੀਆਂ ਲਾਈਟਾਂ ਨਾਲ ਜਗਮਗਾ ਉੱਠੀ। ਇਸੇ ਤਰ੍ਹਾਂ ਪੈਨਸਿਲਵੇਨੀਆ ਐਵੇਨਿਊ, ਡੀ.



ਸੀ., ਈ. ਈ. ਓ. ਬੀ. ਵ੍ਹਾਈਟ ਹਾਊਸ, ਨਿਊਯਾਰਕ, ਇੰਪਾਇਰ ਸਟੇਟ ਬਿਲਡਿੰਗ ਸਮੇਤ ਹਰ ਪਾਸੇ ਤਿਰੰਗੇ ਹੀ ਤਿਰੰਗੇ ਨਜ਼ਰ ਆ ਰਹੇ ਸਨ।

ਇਸੇ ਤਰ੍ਹਾਂ ਅਮਰੀਕਾ ਦੇ ਟਾਈਮ ਸਕੁਏਅਰ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਫੋਟੋ ਪ੍ਰਦਰਸ਼ਿਤ ਕੀਤੀ ਗਈ। ਅਮਰੀਕਾ ਦਾ ਵਰਲਡ ਟਰੇਡ ਸੈਂਟਰ ਵੀ ਤਿਰੰਗਾਮਈ ਹੋਇਆ ਪਿਆ ਸੀ। ਇਸੇ ਤਰ੍ਹਾਂ ਨਿਆਗਰਾ ਫਾਲਸ, ਐਟਲਾਂਟਾ, ਹਿਊਸਟਨ, ਮਿਨੀਸੋਟਾ, ਲਾਸ ਏਂਜਲਸ 'ਚ ਸਥਿਤ ਮੰਦਿਰ ਵੀ ਲਾਈਟਾਂ ਨਾਲ ਤਿਰੰਗੇ ਵਾਲੀ ਰੌਸ਼ਨੀ ਨਾਲ ਨਹਾਇਆ ਹੋਇਆ ਸੀ।

# ਅਮਰੀਕੀ ਮੰਤਰੀ ਬਲਿੰਕਨ ਨੇ ਰੂਸ ਦੇ ਪਰਮਾਣੂ ਹਥਿਆਰਾਂ ਦੀ ਸੁਰੱਖਿਆ ਪ੍ਰਤੀ ਜਤਾਈ ਚਿੰਤਾ

ਮਾਸਕੋ : ਵੈਗਨਰ ਗਰੁੱਪ ਦੇ ਮੁਖੀ ਯੇਵਗੇਨੀ ਪ੍ਰਿਗੋਜਿਨ ਦੀ ਬਗਾਵਤ ਅਤੇ ਮਾਸਕੋ ਮਾਰਚ ਤੋਂ ਬਾਅਦ ਦੁਨੀਆ ਭਰ ਵਿੱਚ ਰੂਸ ਦੇ ਪ੍ਰਮਾਣੂ ਹਥਿਆਰਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਵਧ ਗਈ ਹੈ। ਸਿਪਰੀ ਦੀ ਹਾਲ ਹੀ ਵਿੱਚ ਜਾਰੀ ਕੀਤੀ ਗਈ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਰੂਸ ਕੋਲ ਦੁਨੀਆ ਦੇ ਸਭ ਤੋਂ ਵੱਧ 6 ਹਜ਼ਾਰ ਦੇ ਕਰੀਬ ਮਤਲਬ ਤਕਰੀਬਨ 5,889 ਪ੍ਰਮਾਣੂ ਬੰਬ ਹਨ। ਜੋ ਕਿ ਅਮਰੀਕਾ ਦੇ 5,224 ਤੋਂ ਵੱਧ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਸੋਮਵਾਰ ਨੂੰ ਕਿਹਾ ਕਿ ਰੂਸ ਦੇ ਪਰਮਾਣੂ ਹਥਿਆਰਾਂ 'ਚ ਅਜੇ ਤੱਕ ਕੋਈ ਬਦਲਾਅ ਨਹੀਂ ਆਇਆ ਹੈ, ਪਰ ਅਸੀਂ ਬਹੁਤ ਸੁਚੇਤ ਹਾਂ।

ਵੈਗਨਰ ਸਮੂਹ ਨੇ ਸ਼ੁੱਕਰਵਾਰ ਨੂੰ ਦੱਖਣੀ ਰੂਸ ਦੇ ਮਹੱਤਵਪੂਰਨ ਫੌਜੀ ਟਿਕਾਣਿਆਂ 'ਤੇ ਕਬਜ਼ਾ ਕਰ ਲਿਆ ਸੀ। ਪ੍ਰਿਗੋਜਿਨ ਦੀ ਅਗਵਾਈ ਵਿੱਚ ਵੈਗਨਰ ਨੇ ਵੋਰੋਨੇਜ਼ ਪ੍ਰਾਂਤ ਰਾਹੀਂ ਮਾਸਕੋ ਵੱਲ ਵਧਣਾ ਸ਼ੁਰੂ ਕੀਤਾ। ਰੂਸੀ ਰੱਖਿਆ ਮੰਤਰਾਲੇ ਦੇ ਅਧੀਨ ਵੋਰੋਨੇਜ਼ ਵਿੱਚ ਇੱਕ ਪ੍ਰਮਾਣੂ ਸਟੋਰੇਜ ਸਹੂਲਤ ਬਣਾਈ ਗਈ ਹੈ। ਸ਼ਨੀਵਾਰ ਨੂੰ ਪ੍ਰਿਗੋਜਿਨ ਨੇ ਕ੍ਰੇਮਲਿਨ ਨਾਲ ਸਮਝੌਤੇ ਤੋਂ ਬਾਅਦ ਆਪਣਾ 'ਜਸਟਿਸ ਮਾਰਚ' ਮੁਲਤਵੀ ਕਰ ਦਿੱਤਾ। ਦੂਜੇ ਪਾਸੇ ਵੈਗਨਰ ਦੇ ਮੁਖੀ ਨੇ ਸੋਮਵਾਰ ਨੂੰ ਇਕ ਆਡੀਓ ਸੰਦੇਸ਼ 'ਚ ਕਿਹਾ ਕਿ ਉਨ੍ਹਾਂ ਦਾ ਮਾਸਕੋ ਤੱਕ ਮਾਰਚ ਇਕ ਵਿਰੋਧ ਸੀ, ਨਾ ਕਿ ਤਖਤਾਪਲਟ ਦੀ ਕੋਸ਼ਿਸ਼। ਉਹ ਉਨ੍ਹਾਂ ਲੋਕਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ ਜਿਨ੍ਹਾਂ ਨੇ ਫੌਜੀ ਮੁਹਿੰਮ ਦੌਰਾਨ ਕਈ ਗ਼ਲਤੀਆਂ ਕੀਤੀਆਂ ਅਤੇ ਵੈਗਨਰ ਦੀ ਨਿੱਜੀ ਫੌਜ ਨੂੰ ਨੁਕਸਾਨ ਪਹੁੰਚਾਇਆ।



ਫੌਜੀ ਮਾਹਰ ਪਾਵੇਲ ਪੋਡਵਿਗ ਦਾ ਕਹਿਣਾ ਹੈ ਕਿ ਰੂਸ ਨੇ 12 ਥਾਵਾਂ 'ਤੇ ਪ੍ਰਮਾਣੂ ਹਥਿਆਰ ਰੱਖੇ ਹੋਏ ਹਨ। ਇਨ੍ਹਾਂ ਵਿੱਚ ਵੋਰੋਨੇਜ਼-45 ਅਤੇ 35 ਬੇਸ ਲੈਵਲ ਸਟੋਰੇਜ ਸੁਵਿਧਾਵਾਂ ਸ਼ਾਮਲ ਹਨ। ਰੂਸ ਪਰਮਾਣੂ ਹਥਿਆਰਾਂ ਨੂੰ ਜਹਾਜ਼ਾਂ ਅਤੇ ਮਿਜ਼ਾਈਲਾਂ ਤੋਂ ਵੱਖ ਰੱਖਦਾ ਹੈ। ਵੈਗਨਰ ਹਥਿਆਰਾਂ ਦਾ ਕਬਜ਼ਾ ਨਹੀਂ ਲਵੇਗਾ ਜਿਸ ਕੋਲ ਲਾਂਚ ਕਰਨ ਦੇ ਸਾਧਨ ਨਹੀਂ ਹਨ।

ਮਾਸਕੋ ਦਾ ਵੈਗਨਰ ਸੰਕਟ ਟਲਣ ਤੋਂ ਬਾਅਦ ਰਾਸ਼ਟਰਪਤੀ ਪੁਤਿਨ ਪਹਿਲੀ ਵਾਰ ਮਾਸਕੋ 'ਤੇ ਨਜ਼ਰ ਆਏ। ਪੁਤਿਨ ਨੇ ਉਦਯੋਗਪਤੀਆਂ ਦੇ ਇੱਕ ਪ੍ਰੋਗਰਾਮ ਨੂੰ ਆਨਲਾਈਨ ਸੰਬੋਧਨ ਕੀਤਾ। ਇਹ ਪ੍ਰੋਗਰਾਮ ਗੋਲਾ ਬਾਰੂਦ ਲਈ ਮਸ਼ਹੂਰ ਸ਼ਹਿਰ ਤੁਲਾ ਵਿੱਚ ਹੋਇਆ। ਸ਼ਨੀਵਾਰ ਨੂੰ ਵੈਗਨਰ ਲੜਾਕਿਆਂ ਨੇ ਉਸੇ ਸ਼ਹਿਰ 'ਤੇ ਕਬਜ਼ਾ ਕਰ ਲਿਆ ਸੀ। ਰੱਖਿਆ ਮੰਤਰੀ ਸਰਗੇਈ ਸ਼ੋਇਗੂ ਮਿਲਟਰੀ ਮੀਟਿੰਗਾਂ ਵਿੱਚ ਨਜ਼ਰ ਆਏ, ਜਦੋਂ ਕਿ ਪ੍ਰਿਗੋਜਿਨ ਨੇ ਸੌਦੇ ਦੇ ਹਿੱਸੇ ਵਜੋਂ ਉਸਨੂੰ ਹਟਾਉਣ ਦੀ ਮੰਗ ਕੀਤੀ। ਰਿਪੋਰਟਾਂ ਮੁਤਾਬਕ ਰੂਸੀ ਏਜੰਸੀਆਂ ਨੇ ਪ੍ਰਿਗੋਜਿਨ ਖ਼ ?ਲਾਫ਼ ਕੇਸਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਦਕਿ ਇਸ ਤੋਂ ਪਹਿਲਾਂ ਕ੍ਰੇਮਲਿਨ ਨੇ ਵਾਅਦਾ ਕੀਤਾ ਸੀ ਕਿ ਇਸ ਮਾਮਲੇ ਦੀ ਸੁਣਵਾਈ ਨਹੀਂ ਕੀਤੀ ਜਾਵੇਗੀ। ਰੂਸ ਦੇ ਪ੍ਰਧਾਨ ਮੰਤਰੀ ਮਿਖਾਇਲ ਮਿਸ਼ੁਸਤੀਨ ਨੇ ਲੋਕਾਂ ਨੂੰ ਪੁਤਿਨ ਨਾਲ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ।

ਪ੍ਰਮਾਣੂ ਸੁਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰਿਗੋਜਿਨ ਜਾਂ ਵੈਗਨਰ ਗਰੁੱਪ ਪ੍ਰਮਾਣੂ ਹਥਿਆਰ ਹਾਸਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਉਹ ਵੋਰੋਨੇਜ਼-45 ਬੇਸ ਜਾਂ ਕਿਸੇ ਹੋਰ ਪ੍ਰਮਾਣੂ ਸਟੋਰੇਜ ਸਹੂਲਤ ਨੂੰ ਨਿਸ਼ਾਨਾ ਬਣਾ ਸਕਦੇ ਹਨ। ਇੱਥੋਂ ਤੱਕ ਕਿ ਰੂਸ ਦਾ ਇੱਕ ਵੀ ਪ੍ਰਮਾਣੂ ਹਥਿਆਰ ਕਿਸੇ ਅੱਤਵਾਦੀ ਜਾਂ ਅਰਾਜਕ ਦੇਸ਼ ਜਾਂ ਕਿਸੇ ਗੈਰ-ਜ਼ਿੰਮੇਵਾਰ ਸਮੂਹ ਦੇ ਹੱਥਾਂ ਵਿੱਚ ਡਿੱਗਣ ਦੇ ਡਰ ਦਾ ਸਾਹਮਣਾ ਕਰ ਰਿਹਾ ਹੈ।

ਕੁਝ ਰਿਪੋਰਟਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਵੈਗਨਰ ਲੜਾਕਿਆਂ ਦੇ ਮਾਸਕੋ ਵੱਲ ਮਾਰਚ ਕਰਨ ਤੋਂ ਬਾਅਦ ਪ੍ਰਿਗੋਜ਼ਿਨ ਦੇ ਪਰਿਵਾਰ ਨੂੰ ਰੂਸੀ ਖੁਫੀਆ ਸੇਵਾ ਦੇ ਅਫਸਰਾਂ ਦੁਆਰਾ ਧਮਕੀਆਂ ਦਿੱਤੀਆਂ ਜਾਣ ਲੱਗੀਆਂ। ਬ੍ਰਿਟਿਸ਼ ਸੁਰੱਖਿਆ ਸੂਤਰਾਂ ਨੇ ਅੰਗਰੇਜ਼ੀ ਅਖ਼ਬਾਰ 'ਦ ਟੈਲੀਗ੍ਰਾਫ' ਨੂੰ ਦੱਸਿਆ ਕਿ ਸ਼ਾਇਦ ਇਸੇ ਕਾਰਨ ਪ੍ਰਿਗੋਜਿਨ ਨੇ ਆਪਣੇ ਮਾਸਕੋ ਜਸਟਿਸ ਮਾਰਚ ਨੂੰ ਰੋਕ ਦਿੱਤਾ ਸੀ।

# ਟਰੰਪ ਵਿਰੁੱਧ ਨਿਆਂ ਵਿਭਾਗ ਨੇ ਦਸੰਬਰ 'ਚ ਸੁਣਵਾਈ ਕਰਨ ਦੀ ਕੀਤੀ ਅਪੀਲ

ਵਾਸ਼ਿੰਗਟਨ : ਅਮਰੀਕਾ ਦੇ ਨਿਆਂ ਵਿਭਾਗ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ ਗੁਪਤ ਦਸਤਾਵੇਜ਼ ਰੱਖਣ ਦੇ ਮਾਮਲੇ 'ਚ ਅਪਰਾਧਿਕ ਮੁਕੱਦਮੇ ਨੂੰ ਮੁਲਤਵੀ ਕਰਨ ਦੀ ਬੇਨਤੀ ਕੀਤੀ ਹੈ। ਜ਼ਿਲ੍ਹਾ ਜੱਜ ਏਲੀਨ ਕੈਨਨ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਮਾਮਲੇ ਦੀ ਸੁਣਵਾਈ 14 ਅਗਸਤ ਨੂੰ ਤੈਅ ਕੀਤੀ ਸੀ। ਟਰੰਪ ਨੂੰ ਨਿਆਂ ਵਿਭਾਗ ਦੀਆਂ ਕਲਾਸੀਫਾਈਡ ਦਸਤਾਵੇਜ਼ਾਂ ਨੂੰ ਇਕੱਠਾ ਕਰਨ ਅਤੇ ਮੁੜ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਰੁਕਾਵਟ ਪਾਉਣ ਦੇ 37 ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਿਸ਼ੇਸ਼ ਵਕੀਲ ਜੈਕ ਸਮਿਥ ਦੀ ਟੀਮ ਸਮੇਤ ਸਰਕਾਰੀ ਵਕੀਲਾਂ ਨੇ ਜਸਟਿਸ ਕੈਨਨ ਨੂੰ 11 ਦਸੰਬਰ ਲਈ ਮੁਕੱਦਮੇ ਦੀ ਤਰੀਕ ਤੈਅ ਕਰਨ ਦੀ ਅਪੀਲ ਕੀਤੀ। ਉਸ ਨੇ ਕਿਹਾ



ਕਿ ਸੁਣਵਾਈ ਨੂੰ ਮੁਲਤਵੀ ਕਰਨਾ ਜ਼ਰੂਰੀ ਸੀ ਕਿਉਂਕਿ ਇਸ ਮਾਮਲੇ ਵਿਚ ਕਲਾਸੀਫਾਈਡ ਦਸਤਾਵੇਜ਼ ਸ਼ਾਮਲ ਸਨ ਅਤੇ ਟਰੰਪ ਦੇ ਵਕੀਲਾਂ ਨੂੰ ਸੁਰੱਖਿਆ ਮਨਜ਼ੂਰੀ ਦੀ ਲੋੜ ਹੋਵੇਗੀ, ਜੋ ਪ੍ਰਕਿਰਿਆ ਅਧੀਨ ਹੈ। ਨਿਆਂ ਵਿਭਾਗ ਨੇ ਇਸ ਹਫਤੇ ਕਿਹਾ ਕਿ ਉਸ ਨੇ ਟਰੰਪ ਦੀ ਕਾਨੂੰਨੀ ਟੀਮ ਨਾਲ ਮਾਮਲੇ ਨਾਲ ਸਬੰਧਤ ਸਬੂਤ ਸਾਂਝੇ ਕਰਨੇ ਸ਼ੁਰੂ ਕਰ ਦਿੱਤੇ ਹਨ।

ਹਾਲਾਂਕਿ ਸ਼ੁੱਕਰਵਾਰ ਨੂੰ ਦਾਇਰ ਅਪੀਲ 'ਚ ਵਿਭਾਗ ਨੇ ਕਿਹਾ,"ਸਰਕਾਰ ਨੇ ਟਰੰਪ ਨਾਲ ਸਬੂਤ ਸਾਂਝੇ ਕਰਨ ਦੀ ਤਿਆਰੀ ਦਿਖਾਈ ਹੈ ਪਰ ਬਚਾਅ ਧਿਰ ਦੇ ਵਕੀਲਾਂ ਨੂੰ ਸਬੂਤਾਂ ਨੂੰ ਦੇਖਣ , ਇਨ੍ਹਾਂ ਦੀ ਸਮੀਖਿਆ ਕਰਨ, ਅਦਾਲਤ ਦੇ ਸਾਹਮਣੇ ਦਲੀਲਾਂ ਪੇਸ਼ ਕਰਨ ਸਬੰਧੀ ਫੈਸਲਾ ਲੈਣ ਅਤੇ ਸਰਕਾਰ ਨੂੰ ਉਪਰੋਕਤ ਬੇਨਤੀਆਂ 'ਤੇ ਵਿਚਾਰ ਕਰਨ ਲਈ ਸੁਣਵਾਈ ਮੁਲਤਵੀ ਕਰਨਾ ਜ਼ਰੂਰੀ ਹੈ।


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਪਿਤਾ ਜੀ ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ਼ ਕਰਨੀ'

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬਾਬਾ ਜੀ ਨੇ ਮੇਰੇ ਵੱਲ ਗਹਿਰੀਆਂ ਨਜ਼ਰਾਂ ਨਾਲ ਦੇਖਿਆ ਅਤੇ ਗਹਿਰੀ ਆਵਾਜ਼ ਵਿੱਚ ਕਿਹਾ, ਓਏ ਮੁੰਡਿਆ ਹੋਟਲ ਦਾ ਖਾਣਾ ਅਸੀਂ ਨੀਂ ਗੁਰੂ ਘਰ ਵਾੜਨਾ।'

ਮੈਂ ਆਪਣੇ ਹੀ ਮਨ ਵਿੱਚ ਸੋਚਿਆ ਕਿ ਫਿਰ ਪੇਸਟਰੀਆਂ ਕਿਉਂ, ਪਰ ਮੈਂ ਚੁੱਪ ਰਿਹਾ। ਉਨ੍ਹਾਂ ਦਿਨਾਂ ਵਿੱਚ ਹੋਟਲਾਂ ਵਿੱਚ ਖਾਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਹ ਓਨੇ ਸਾਫ਼ ਵੀ ਨਹੀਂ ਹੁੰਦੇ ਸਨ ਅਤੇ ਇਹ ਗੈਰ ਜ਼ਰੂਰੀ ਖਰਚਾ ਵੀ ਸੀ। ਉਨ੍ਹਾਂ ਦੀ ਸੋਚ ਸੀ ਕਿ ਹਰ ਕੋਈ ਪਰਿਵਾਰ ਵਿੱਚ ਬੈਠ ਕੇ ਘਰ ਦਾ ਬਣਿਆ ਹੋਇਆ ਖਾਣਾ ਖਾਵੇ। ਇਸ ਮਾਮਲੇ ਵਿੱਚ ਅਜਿਹਾ ਸੀ ਕਿ ਉਹ ਜੋ ਬਣਾ ਨਹੀਂ ਸਕਦੇ, ਉਸਨੂੰ ਖਰੀਦ ਲਿਆ ਜਾਵੇ ਜਿਵੇਂ ਕਿ ਪੇਸਟਰੀਜ਼।

ਜਿਵੇਂ ਹੀ 28 ਮਈ ਆਈ, ਅਸੀਂ ਸਾਰੇ ਜਲਦੀ ਜਾਗ ਗਏ ਅਤੇ ਮੁੜ ਤੋਂ ਸਭ ਵਸਤੂਆਂ ਦੀ ਸਮੀਖਿਆ ਕੀਤੀ ਜਿਹੜੀਆਂ ਭਾਈਚਾਰੇ ਨਾਲ ਸਬੰਧਿਤ ਸਨ ਅਤੇ ਇਹ ਸਾਡੇ 7 ਨੰਬਰ ਰੈੱਡ ਲੇਨ ਕੋਵੈਂਟਰੀ ਵਾਲੇ ਘਰ ਤੋਂ ਗੁਰਦੁਆਰੇ ਭੇਜੀਆਂ ਜਾਣੀਆਂ ਸਨ।

ਖਾਲਸਾ ਸਵੇਰੇ ਸਾਢੇ ਅੱਠ ਵਜੇ ਦੇ ਲਗਪਗ ਸਭ ਤੋਂ ਪਹਿਲਾਂ ਪੁੱਜਿਆ, ਫਿਰ ਬਾਬਾ ਜੀ, ਫਿਰ ਸੁੱਚਾ ਸਿੰਘ ਆਪਣੇ ਭਰਾ ਅਤੇ ਬੇਟਿਆਂ ਨਾਲ, ਫਿਰ ਸੋਹਣ ਸਿੰਘ ਗੱਫਾ ਭੱਜਿਆ ਆਇਆ ਕਿ ਉਹ ਲੇਟ ਹੋ ਗਿਆ ਸੀ। ਪਾਪਾ ਜੀ ਨੇ ਉਸਨੂੰ ਆਪਣਾ ਸਾਹ ਠੀਕ ਕਰਨ ਲਈ ਕਿਹਾ।

ਅੰਤ ਵਿੱਚ ਗਿਆਨੀ ਨੌਨਿਹਾਲ ਸਿੰਘ ਆਇਆ। ਉਹ ਵਿਅਕਤੀ ਵੀ ਜਿਨ੍ਹਾਂ ਨੂੰ ਵਸਤੂਆਂ ਲੈਣ ਅਤੇ ਪ੍ਰਾਪਤ ਕਰਨ ਲਈ ਤਾਇਨਾਤ ਕੀਤਾ ਗਿਆ ਸੀ। ਕਮੇਟੀ ਪ੍ਰਤੀਨਿਧੀਆਂ ਗਿਆਨੀ ਨੌਨਿਹਾਲ ਸਿੰਘ ਅਤੇ ਸੁੱਚਾ ਸਿੰਘ ਵੱਲੋਂ ਇਨ੍ਹਾਂ ਲੋਕਾਂ ਨੂੰ ਭਾਈਚਾਰੇ ਵਿੱਚੋਂ ਚੁਣਿਆ ਗਿਆ ਸੀ। ਪਾਪਾ ਜੀ ਨੇ ਉਨ੍ਹਾਂ ਨੂੰ ਸਮੁੱਚੀਆਂ ਵਸਤੂਆਂ ਦੀ ਸੂਚੀ ਦੇ ਦਿੱਤੀ ਅਤੇ ਕਿਹਾ ਕਿ ਉਹ ਇਨ੍ਹਾਂ ਨੂੰ ਗਿਣ ਲੈਣ। ਉਨ੍ਹਾਂ ਨੇ ਵਸਤੂਆਂ ਗਿਣਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਪਰਿਵਾਰ ਜਿਹੜਾ ਕਿੰਨੇ ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿੱਚ ਲੱਗਿਆ ਹੋਇਆ ਹੈ, ਇਹ ਉਨ੍ਹਾਂ ਦਾ ਨਿਰਾਦਰ ਹੈ।

ਇੱਕ ਪਾਸੇ ਇਹ ਦਿਨ ਸਾਡੇ ਸਾਰਿਆਂ ਲਈ ਬਹੁਤ ਭਾਵੁਕ ਸੀ। ਦੂਜੇ ਪਾਸੇ ਅਸੀਂ ਖੁਸ਼ ਸੀ ਕਿ ਅਸੀਂ ਉਸ ਮੰਜ਼ਿਲ 'ਤੇ ਪਹੁੰਚ ਰਹੇ ਹਾਂ ਜਿਸ ਦੀ ਅਸੀਂ ਕਈ ਸਾਲ ਪਹਿਲਾਂ ਸ਼ੁਰੂਆਤ ਕੀਤੀ ਸੀ। ਇਸਦਾ ਇਹ ਮਤਲਬ ਵੀ ਸੀ ਕਿ ਗੁਰੂ ਗ੍ਰੰਥ ਸਾਹਿਬ ਹੁਣ ਸਾਡੇ ਘਰ ਵਿੱਚ ਬਿਰਾਜਮਾਨ ਨਹੀਂ ਹੋਵੇਗਾ। ਇਸਨੂੰ ਗੁਰਦੁਆਰੇ ਲੈ ਕੇ ਜਾਇਆ ਜਾਵੇਗਾ। ਇਹ ਇਸ ਤਰ੍ਹਾਂ ਸੀ ਜਿਵੇਂ ਕਿ ਪਿਆਰਾ ਕੋਈ ਵੱਡਾ ਵਿਅਕਤੀ ਘਰ ਤੋਂ ਜਾਂਦਾ ਹੈ ਤਾਂ ਅਸੀਂ ਅਨਾਥ ਮਹਿਸੂਸ ਕਰਦੇ ਹਾਂ। ਹਰ ਕੋਈ ਸਾਡੇ 7 ਨੰਬਰ ਰੈੱਡ ਲੇਨ ਵਾਲੇ ਘਰ ਵਿੱਚ ਛੱਤ 'ਤੇ ਚੜ੍ਹ ਕੇ ਪਿਛਲੇ ਕਮਰੇ ਵਿੱਚ ਗਏ ਅਤੇ ਗਿਆਨੀ ਨੌਨਿਹਾਲ ਸਿੰਘ ਨੇ ਅਰਦਾਸ ਕੀਤੀ। ਪਾਪਾ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਸਿਰ 'ਤੇ ਸਵਾਰ ਕੀਤਾ ਅਤੇ ਹੇਠ ਲੈ ਕੇ ਆਏ ਜਿੱਥੇ ਬੀਜੀ, ਕਸ਼ਮੀਰ, ਸੌਦਾਗਰ ਅਤੇ ਮੈਂ ਹੱਥ ਜੋੜ ਕੇ ਖੜ੍ਹੇ ਸੀ। ਜਿਵੇਂ ਹੀ ਪਾਪਾ ਜੀ ਪੌੜੀਆਂ ਤੋਂ ਪਰਿਵਾਰਕ ਕਮਰੇ ਵੱਲ ਆ ਕੇ ਰੁਕੇ ਤਾਂ ਬੀਜੀ ਇੰਨੇ ਭਾਵੁਕ ਹੋ ਗਏ ਕਿ ਉਹ ਟੁੱਟ ਗਏ ਅਤੇ ਰੋਣਾ ਸ਼ੁਰੂ ਕਰ ਦਿੱਤਾ।

ਮੈਨੂੰ ਯਾਦ ਹੈ ਉਨ੍ਹਾਂ ਨੇ ਉਸ ਦਿਨ ਕੀ ਕਿਹਾ, 'ਪਿਤਾ ਜੀ ਕੋਈ ਗਲਤੀ ਹੋ ਗਈ ਹੋਵੇ ਤਾਂ ਮਾਫ਼ ਕਰਨੀ।'

ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਇੱਕ ਜੀਵਤ ਹਸਤੀ ਹੈ ਜੋ ਅਨੰਤ ਹੈ। ਇਹ ਗੁਰੂ ਹੋਵੇ ਵੀ ਕਿਉਂ ਨਾ। ਇਸ ਵਿੱਚ ਛੇ ਗੁਰੂਆਂ ਅਤੇ ਭਾਰਤ ਦੇ ਕਈ ਸੰਤਾਂ ਦੀ ਬਾਣੀ ਦਰਜ ਹੈ। ਜਿਵੇਂ ਜਿਵੇਂ ਇਸਦੇ ਸ਼ਬਦ ਬੋਲੇ ਜਾਂਦੇ ਹਨ, ਇਹ ਸ਼ਬਦ ਵਿਅਕਤੀ ਨੂੰ ਜੀਵਤ ਰੱਖਦੇ ਹਨ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਪਵਿੱਤਰ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਸ਼ਾਖਸਾਤ ਗੁਰੂ ਬਣਾਉਂਦੇ ਹਨ ਜਿਵੇਂ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਕਿਹਾ ਹੈ।

ਪਾਪਾ ਜੀ ਮੁੱਖ ਦਰਵਾਜ਼ੇ ਤੋਂ ਹੌਲੀ ਹੌਲੀ ਅੱਗੇ ਵਧੇ ਅਤੇ ਜਿਵੇਂ ਉਹ ਪਹਿਲਾਂ ਖੜ੍ਹ ਕੇ ਸੱਜੇ ਅਤੇ ਖੱਬੇ ਪਾਸੇ ਦੇਖਦੇ ਸਨ, ਫਿਰ ਪੋਰਚ ਤੋਂ ਬਾਹਰ ਜਾਂਦੇ ਸਨ, ਪਰ ਅੱਜ ਉਹ ਸਿੱਧੇ ਕਾਰ ਵੱਲ ਗਏ। ਮੈਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਦੇਖੇ, ਪਰ ਉਨ੍ਹਾਂ ਨੇ ਇਨ੍ਹਾਂ ਨੂੰ ਬਾਹਰ ਨਹੀਂ ਨਿਕਲਣ ਦਿੱਤਾ। ਕਾਰ ਹਾਰਨੈੱਲ ਲੇਨ ਵੈਸਟ ਦੇ ਗੁਰਦੁਆਰੇ ਵੱਲ ਰਵਾਨਾ ਹੋ ਗਈ। ਲੋਕ ਬਾਹਰ ਇਹ ਸਭ ਦੇਖਣ ਲਈ ਕਤਾਰਾਂ ਵਿੱਚ ਲੱਗੇ ਹੋਏ ਸਨ। ਅਸੀਂ ਘਰ ਨੂੰ ਤਾਲਾ ਲਗਾਇਆ ਅਤੇ ਕਾਰ ਰਾਹੀਂ ਗੁਰਦੁਆਰੇ ਨੂੰ ਚੱਲ ਪਏ। ਜਦੋਂ ਅਸੀਂ ਉੱਥੇ ਪਹੁੰਚੇ ਤਾਂ ਬੀਜੀ ਨੇ ਮੁੱਖ ਦਰਵਾਜ਼ਿਆਂ 'ਤੇ ਤੇਲ ਚੋਣ ਦੀ ਰਸਮ ਕੀਤੀ। ਇਹ ਰਸਮ ਉਦੋਂ ਕੀਤੀ ਜਾਂਦੀ ਹੈ ਜਦੋਂ ਦਰਵਾਜ਼ੇ 'ਤੇ ਕੋਈ ਵਿਸ਼ੇਸ਼ ਵਿਅਕਤੀ ਆਉਂਦਾ ਹੈ, ਤੇਲ ਨੂੰ ਦਰਵਾਜ਼ੇ ਦੀਆਂ ਦੋਨੋਂ ਫਰੇਮਾਂ 'ਤੇ ਪਾਇਆ ਜਾਂਦਾ ਹੈ, ਫਿਰ ਉਹ ਵਿਅਕਤੀ ਘਰ ਦੇ ਅੰਦਰ ਪ੍ਰਵੇਸ਼ ਕਰਦਾ। ਮੈਨੂੰ ਇਸ ਰਸਮ ਦੇ ਮਹੱਤਵ ਦਾ ਪਤਾ ਨਹੀਂ, ਪਰ ਇਹ ਮਹੱਤਵਪੂਰਨ ਹੈ ਜੋ ਉਸ ਆਉਣ ਵਾਲੇ ਵਿਅਕਤੀ ਦਾ ਮਹੱਤਵ ਦਰਸਾਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਇੱਥੇ ਲਿਆਂਦਾ ਗਿਆ ਅਤੇ ਉਸ ਥਾਂ 'ਤੇ ਸੁਸ਼ੋਭਿਤ ਕਰ ਦਿੱਤਾ, ਜੋ ਉਸ ਲਈ ਬਣਾਈ ਗਈ ਸੀ। ਉਨ੍ਹਾਂ ਨੇ ਇਸ ਲਈ ਜੋ ਬਣਾਇਆ ਸੀ, ਉਸਨੂੰ ਇੱਥੇ ਮੰਚ 'ਤੇ ਸਥਾਪਿਤ ਨਹੀਂ ਕੀਤਾ ਸੀ। ਇਹ ਫੈਸਲਾ ਕੀਤਾ ਕਿ ਅਸੀਂ ਐਤਵਾਰ ਦੀ ਸਵੇਰ ਨੂੰ ਇਸ ਨੂੰ ਸੈੱਟ ਕਰ ਦਿਆਂਗੇ।

ਲੋਕ ਪਹਿਲਾਂ ਹੀ ਮਦਦ ਲਈ ਆ ਚੁੱਕੇ ਸਨ। ਬੀਜੀ ਨੇ ਕੁਝ ਨੌਜਵਾਨ ਔਰਤਾਂ ਦੀ ਡਿਊਟੀ ਪੱਛਮੀ ਖਾਣੇ ਸੈਂਡਵਿਚ ਆਦਿ ਬਣਾਉਣ ਲਈ ਲਗਾਈ ਹੋਈ ਸੀ ਅਤੇ ਲੋਕ ਸੱਚੀ ਸੇਵਾ ਦੀ ਭਾਵਨਾ ਨਾਲ ਅੱਗੇ ਆ ਰਹੇ ਸਨ, ਜਿਹੜੀ ਕਿ ਸਿੱਖ ਧਰਮ ਦੀ ਪਛਾਣ ਹੈ। ਹਰ ਕੋਈ ਸੇਵਾ ਕਰਨੀ ਚਾਹੁੰਦਾ ਸੀ, ਪਰ ਇੰਨਾ ਵੀ ਕੰਮ ਨਹੀਂ ਸੀ ਕਿ ਸਭ ਨੂੰ ਦਿੱਤਾ ਜਾ ਸਕੇ। ਬੀਜੀ ਨੇ ਸਿਰਫ਼ ਉਨ੍ਹਾਂ ਨੂੰ ਇਸ ਲਈ ਕਰਨ ਨੂੰ ਦਿੱਤਾ ਸੀ ਕਿ ਤਾਂ ਕਿ ਹਰ ਕੋਈ ਇਸ ਵਿੱਚ ਖੁਦ ਨੂੰ ਸ਼ਾਮਲ ਕੀਤਾ ਹੋਇਆ ਮਹਿਸੂਸ ਕਰ ਸਕੇ।

ਲੋਕ ਹੱਸ ਰਹੇ ਸਨ ਅਤੇ ਇੱਕ ਦੂਜੇ ਨੂੰ ਮਜ਼ਾਕ ਕਰ ਰਹੇ ਸਨ, ਸਭ ਬਹੁਤ ਖੁਸ਼ ਸਨ। ਕਈ ਔਰਤਾਂ ਨੇ ਮੈਨੂੰ ਚਿੜਾਇਆ, 'ਬਲਬੀਰ ਤੇਰੇ ਵਿਆਹ 'ਤੇ ਵੀ ਅਸੀਂ ਐਦਾਂ ਕੰਮ ਕਰਨਾ।'

ਮੈਂ ਉਨ੍ਹਾਂ ਵੱਲ ਦੇਖਦਾ, ਮੁਸਕਰਾਉਂਦਾ ਪਰ ਕੁਝ ਨਾ ਕਹਿੰਦਾ।

ਸਮਾਗਮ ਲਗਪਗ ਪੰਜ ਵਜੇ ਖਤਮ ਹੋ ਗਿਆ, ਪਰ ਲੋਕ ਆਪਣੇ ਘਰਾਂ ਨੂੰ ਜਾਣ ਲਈ ਤਿਆਰ ਨਹੀਂ ਸਨ। ਉਹ ਉੱਥੇ ਹੋਰ ਰਹਿਣਾ ਚਾਹੁੰਦੇ ਸਨ ਅਤੇ ਇੱਕ ਦੂਜੇ ਨੂੰ ਹਾਸਾ ਮਜ਼ਾਕ ਕਰਕੇ ਖੁਸ਼ ਹੋਣਾ ਚਾਹੁੰਦੇ ਸਨ। ਲੋਕ ਆਪਸ ਵਿੱਚ ਇੱਕ ਦੂਜੇ ਨੂੰ ਜਾਣਦੇ ਨਹੀਂ ਸਨ, ਉਹ ਇੱਕ ਦੂਜੇ ਦੇ ਦੋਸਤ ਬਣ ਰਹੇ ਸਨ, ਦੂਜਿਆਂ ਨੂੰ ਪੁੱਛ ਰਹੇ ਸਨ ਕਿ ਉਹ ਪੰਜਾਬ ਤੋਂ ਕਿੱਥੋਂ ਹਨ, ਕਿਵੇਂ ਦੂਰੋਂ ਨੇੜਿਓ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਵਿਆਹ ਹੋਏ। ਜਦੋਂ ਉਹ ਇੱਕ ਦੂਜੇ ਨੂੰ ਜਾਣਦੇ ਤਾਂ ਇੱਕ ਦੂਜੇ ਨਾਲ ਰਿਸ਼ਤੇ ਜੋੜਦੇ। (ਚਲਦਾ)




# ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਗੁਰਦੁਆਰਾ ਸੋਧ ਬਿੱਲ ਰੱਦ

- *ਪੰਜਾਬ ਸਰਕਾਰ ਦੀ ਕਾਰਵਾਈ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਦਖ਼ਲ ਕਰਾਰ*
- *ਬਿਲ ਤੁਰੰਤ ਵਾਪਸ ਨਾ ਲੈਣ ਦੀ ਸੂਰਤ ਵਿੱਚ ਮੋਰਚਾ ਸ਼ੁਰੂ ਕਰਨ ਦੀ ਚਿਤਾਵਨੀ*





ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਦੇ ਕੀਰਤਨ ਦੇ ਪ੍ਰਸਾਰਨ ਦੇ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿਲ 2023 ਨੂੰ ਅੱਜ ਇੱਥੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਰੱਦ ਕਰ ਦਿੱਤਾ ਹੈ। ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਇਕ ਨੁਕਾਤੀ ਏਜੰਡੇ 'ਤੇ ਸੱਦੇ ਗਏ ਹੰਗਾਮੀ ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧੀ ਮਤਾ ਪੜ੍ਹਿਆ, ਜਿਸ ਨੂੰ ਉਥੇ ਮੌਜੂਦ ਸਮੂਹ ਮੈਂਬਰਾਂ ਨੇ ਇਕਸੁਰ ਨਾਲ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ। ਇਜਲਾਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂ ਨਾਲ ਸਿੰਘ ਸ਼ਬਦ ਲਾਉਣ 'ਤੇ ਵੀ ਇਤਰਾਜ਼ ਕੀਤਾ ਗਿਆ। ਇਹ ਇਤਰਾਜ਼ ਬੀਬੀ ਕਿਰਨਜੋਤ ਕੌਰ ਨੇ ਕੀਤਾ, ਜਿਸ ਨੂੰ ਪ੍ਰਵਾਨ ਕਰਦਿਆਂ ਮਤੇ ਵਿਚ ਮੁੱਖ ਮੰਤਰੀ ਦਾ ਨਾਂਅ ਸ੍ਰੀ ਭਗਵੰਤ ਸਿੰਘ ਮਾਨ ਦੀ ਥਾਂ ਸ੍ਰੀ ਭਗਵੰਤ ਮਾਨ ਕਰ ਦਿੱਤਾ ਗਿਆ।

ਇਜਲਾਸ ਵਿੱਚ ਪੇਸ਼ ਮਤੇ ਰਾਹੀਂ ਪੰਜਾਬ ਸਰਕਾਰ ਦੀ ਕਾਰਵਾਈ ਨੂੰ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਾਰ ਦਿੰਦਿਆਂ ਇਸ ਦਾ ਸਖਤ ਵਿਰੋਧ ਕੀਤਾ ਗਿਆ। ਬਿਲ ਰੱਦ ਕਰਦਿਆਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਪਾਸ ਕੀਤੇ ਬਿਲ ਨੂੰ ਤੁਰੰਤ ਵਾਪਸ ਲਵੇ ਨਹੀਂ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖ਼ਤ ਦੀ ਅਗਵਾਈ ਹੇਠ ਮੋਰਚਾ ਸ਼ੁਰੂ ਕੀਤਾ ਜਾਵੇਗਾ। ਸਿੱਖ ਗੁਰਦੁਆਰਾ ਐਕਟ 1925 ਵਿਚ ਕੋਈ ਵੀ ਸੋਧ ਸ਼੍ਰੋਮਣੀ ਕਮੇਟੀ ਦੀ ਸਿਫਾਰਸ਼ ਨਾਲ ਹੀ ਸੰਭਵ ਹੈ। ਉਨ੍ਹਾਂ ਇਸ ਮਾਮਲੇ ਵਿਚ ਮਾਸਟਰ ਤਾਰਾ ਸਿੰਘ ਅਤੇ ਜਵਾਹਰਲਾਲ ਨਹਿਰੂ ਵਿਚਾਲੇ 1959 ਵਿੱਚ ਹੋਏ ਸਮਝੌਤੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਿਚ ਪ੍ਰਵਾਨ ਕੀਤਾ ਗਿਆ ਸੀ ਕਿ ਸਿੱਖ ਗੁਰਦੁਆਰਾ ਐਕਟ ਵਿਚ ਕੋਈ ਵੀ ਸੋਧ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਦੋ ਤਿਹਾਈ ਮੈਂਬਰਾਂ ਦੀ ਸਹਿਮਤੀ ਜ਼ਰੂਰੀ ਹੋਵੇਗੀ। ਧਾਮੀ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਨੇ ਆਪਣੇ ਆਕਾ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਿੱਖ ਵਿਰੋਧੀ ਸੋਚ ਨੂੰ ਲਾਗੂ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਹਥਿਆਉਣ ਦੇ ਮੰਤਵ ਨਾਲ ਇਹ ਕਾਰਵਾਈ ਕੀਤੀ ਹੈ। ਉਨ੍ਹਾਂ ਮਤੇ ਵਿਚ ਕਿਹਾ ਕਿ ਕਿਸੇ ਵੀ ਕੀਮਤ 'ਤੇ ਪੰਜਾਬ ਸਰਕਾਰ ਦੀ ਸਿੱਖ ਵਿਰੋਧੀ ਮਨਸ਼ਾ ਪੂਰੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਇਸ ਵਿਰੁੱਧ ਸੰਘਰਸ਼ ਲੜਿਆ ਜਾਵੇਗਾ।

ਮਤੇ ਵਿਚ ਅੱਗੇ ਕਿਹਾ ਗਿਆ ਕਿ ਗੁਰਦੁਆਰਾ ਪ੍ਰਬੰਧਾਂ ਵਿਚ ਦਖ਼ਲ ਦੇਣ, ਕੇਸਾਂ ਦੀ ਤੌਹੀਨ ਕਰਨ, ਰਾਗੀ ਸਿੰਘਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਅਤੇ ਭੱਟ ਸਾਹਿਬਾਨ ਤੇ ਭਗਤ ਸਾਹਿਬਾਨ ਦਾ ਨਾਂ ਸਤਿਕਾਰਹੀਣ ਭਾਸ਼ਾ ਵਿਚ ਲੈਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਬੁੱਧ ਰਾਮ ਸਿੱਖ ਕੌਮ ਤੋਂ ਜਨਤਕ ਤੌਰ 'ਤੇ ਮੁਆਫ਼ੀ ਮੰਗਣ। ਚੇਤੇ ਰਹੇ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਵੀ ਪੰਜਾਬ ਸਰਕਾਰ ਦੇ ਇਸ ਬਿਲ ਨੂੰ ਰੱਦ ਕੀਤਾ ਜਾ ਚੁੱਕਾ ਹੈ ਅਤੇ ਹੁਣ ਸ਼ ?ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਸਰਬ ਸੰਮਤੀ ਨਾਲ ਇਸ ਬਿਲ ਨੂੰ ਰੱਦ ਕਰ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਹਵਾਲਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਅੰਗਰੇਜ਼ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ ਸਨ, ਪਰ ਸਿੱਖ ਪੰਥ ਵੱਲੋਂ ਸਰਕਾਰ ਦੀ ਸਥਾਪਤ ਕਮੇਟੀ ਨੂੰ ਰੱਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਿੱਖ ਧਾਰਮਿਕ ਮਾਮਲਿਆਂ ਵਿੱਚ ਸਰਕਾਰਾਂ ਦੀ ਦਖ਼ਲਅੰਦਾਜ਼ੀ ਕਦਾਚਿਤ ਬਰਦਾਸ਼ਤ ਨਹੀਂ ਅਤੇ ਇਨ੍ਹਾਂ ਸਿੱਖ ਰਵਾਇਤਾਂ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ। ਇਜਲਾਸ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਤੇ ਹੋਰ ਹਾਜ਼ਰ ਸਨ। ਇਜਲਾਸ ਵਿਚ ਵੱਖ ਵੱਖ ਧਿਰਾਂ ਅਤੇ ਧੜਿਆਂ ਦੇ ਮੈਂਬਰ ਵੀ ਸ਼ਾਮਲ ਸਨ।

ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਰਾਮ ਸਿੰਘ, ਜਸਵੰਤ ਸਿੰਘ ਪੁੜੈਣ, ਕੁਲਵੰਤ ਸਿੰਘ ਮੰਨਣ, ਬੀਬੀ ਕਿਰਨਜੋਤ ਕੌਰ ਆਦਿ ਸਣੇ ਲਗਪਗ 23 ਬੁਲਾਰਿਆਂ ਨੇ ਸੰਬੋਧਨ ਕੀਤਾ। ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ 90 ਤੋਂ ਵੱਧ ਮੈਂਬਰ ਹਾਜ਼ਰ ਸਨ।

ਇਜਲਾਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਖਿਲਾਫ ਆਰੰਭੇ ਜਾਣ ਵਾਲੇ ਸੰਘਰਸ਼ ਬਾਰੇ ਸਪੱਸ਼ਟ ਕੀਤਾ ਕਿ ਪੁਰਾਤਨ ਰਵਾਇਤਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜਾਂ ਦੀ ਅਗਵਾਈ ਵਿਚ ਹੋਵੇਗਾ। ਪਰ ਇਸ ਤੋਂ ਪਹਿਲਾਂ ਸੰਵਿਧਾਨਕ ਤੌਰ 'ਤੇ ਦੇਸ਼ ਦੇ ਰਾਸ਼ਟਰਪਤੀ, ਗ੍ਰਹਿ ਮੰਤਰੀ ਨੂੰ ਮਿਲਿਆ ਜਾਵੇਗਾ, ਜਿਸ ਬਾਰੇ ਦਸਤਾਵੇਜ਼ੀ ਕਾਰਵਾਈ ਆਰੰਭੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੰਗਤ ਤੱਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਨਿਰਵਿਘਨ ਪਹੁੰਚਾਉਣਾ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹੈ ਅਤੇ ਇਸ ਵਾਸਤੇ ਅਗਲੀ ਕਾਰਵਾਈ ਤੇਜ਼ੀ ਨਾਲ ਕੀਤੀ ਜਾ ਰਹੀ ਹੈ। ਸਬ-ਕਮੇਟੀ ਦੀਆਂ ਕੁਝ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਹੋਏ ਆਦੇਸ਼ ਅਤੇ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਫੈਸਲਾ ਕੀਤਾ ਜਾਵੇਗਾ।

**ਸਾਰੇ ਮੈਂਬਰ ਸਰਕਾਰ ਦੇ ਫੈਸਲੇ ਖਿਲਾਫ਼ ਇਕਜੁੱਟ ਨਜ਼ਰ ਆਏ :** ਜਨਰਲ ਇਜਲਾਸ ਦੌਰਾਨ ਕੁਝ ਬੁਲਾਰਿਆਂ ਵੱਲੋਂ ਸ਼੍ਰੋਮਣੀ ਕਮੇਟੀ ਖਿਲਾਫ ਸੁਰ ਤਿੱਖੀ ਰੱਖਣ ਦੇ ਬਾਵਜੂਦ ਸਾਰੇ ਮੈਂਬਰ ਮਤੇ ਨੂੰ ਲੈ ਕੇ ਇਕਜੁੱਟ ਨਜ਼ਰ ਆਏ। ਬੁਲਾਰਿਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਗਲਤੀ ਮੁਆਫ਼ੀਯੋਗ ਨਹੀਂ ਹੈ ਅਤੇ ਇਸ ਦਾ ਸਖ਼ਤ ਜਵਾਬ ਦੇਣਾ ਲਾਜ਼ਮੀ ਹੈ। ਇਹ ਵੀ ਮੰਗ ਕੀਤੀ ਗਈ ਕਿ ਮੁੱਖ ਮੰਤਰੀ ਤੇ ਵਿਧਾਇਕਾਂ ਵੱਲੋਂ ਸਿੱਖ ਵਿਰੋਧੀ ਟਿੱਪਣੀਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਹਾਜ਼ਰੀ ਵਿਚ ਹੋਈਆਂ ਹਨ, ਜੋ ਖੁਦ ਅੰਮ੍ਰਿਤਧਾਰੀ ਹਨ। ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਇਨ੍ਹਾਂ ਇਤਰਾਜ਼ਯੋਗ ਟਿੱਪਣੀਆਂ ਦਾ ਨੋਟਿਸ ਲੈਂਦੇ, ਪਰ ਉਹ ਵੀ ਅਜਿਹਾ ਨਾ ਕਰਕੇ ਦੋਸ਼ੀਆਂ ਦੀ ਕਤਾਰ ਵਿਚ ਸ਼ਾਮਲ ਹੋਏ ਹਨ। ਇਸ ਲਈ ਸਪੀਕਰ ਵੀ ਕੌਮ ਪਾਸੋਂ ਮੁਆਫ਼ੀ ਮੰਗਣ।

## ਸਿੱਖ ਸੰਸਥਾ ਦੀ ਰਾਖੀ ਲਈ ਹਰ ਕੁਰਬਾਨੀ ਲਈ ਤਿਆਰ: ਬੀਬੀ ਜਗੀਰ ਕੌਰ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਗੁਰਦੁਆਰਾ ਸੋਧ ਬਿੱਲ ਗੁਰੂ ਘਰ ਦੇ ਪ੍ਰਬੰਧ ਵਿੱਚ ਸਿੱਧੀ ਦਖ਼ਲ-ਅੰਦਾਜ਼ੀ ਹੈ। ਉਨ੍ਹਾਂ ਨੇ ਸਰਕਾਰ ਵੱਲੋਂ ਪਾਸ ਕੀਤੇ ਗਏ ਬਿੱਲ ਦੀ ਨਿੰਦਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਖਿਲਾਫ਼ ਚੁੱਪ ਧਾਰੀ ਬੈਠਾ ਹੈ। ਉਨ੍ਹਾਂ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅੰਦਰ ਝਾਤੀ ਮਾਰਨ। ਇਹ ਮਸਲਾ ਸਿਰਫ ਇੱਕ ਟੀਵੀ ਚੈਨਲ ਦਾ ਏਕਾਧਿਕਾਰ ਖਤਮ ਕਰਨ ਦਾ ਨਹੀਂ ਸਗੋਂ ਇਕ ਪਰਿਵਾਰ ਦੇ ਹਿੱਤਾਂ ਲਈ ਪੰਥਕ ਸੋਚ ਤੇ ਸਿਧਾਂਤ ਨੂੰ ਤਿਲਾਂਜਲੀ ਦੇਣ ਵਾਲਾ ਹੈ। ਸ਼੍ਰੋਮਣੀ ਕਮੇਟੀ ਵਿਚ ਸਰਕਾਰੀ ਦਖਲ ਨੂੰ ਕਿਸੇ ਵੀ ਰੂਪ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਉਹ ਸਿੱਖ ਸੰਸਥਾ ਦੀ ਰਾਖੀ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹਨ।

## ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਸ਼ੇਸ਼ ਇਜਲਾਸ 'ਚ ਨਹੀਂ ਹੋਏ ਸ਼ਾਮਿਲ



ਸ਼੍ਰੋਮਣੀ ਕਮੇਟੀ ਦੇ ਵਿਸ਼ੇਸ਼ ਇਜਲਾਸ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਤਾਂ ਸ਼ਾਮਿਲ ਹੋਏ, ਪਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸ਼ਾਮਿਲ ਨਹੀਂ ਹੋਏ। ਆਮ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸਾਂ 'ਚ ਤਖ਼ਤ ਸਾਹਿਬਾਨ ਦੇ ਜਥੇਦਾਰ ਵੀ ਸ਼ਾਮਿਲ ਹੁੰਦੇ ਹਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬੀਤੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗਿਆਨੀ ਸੁਲਤਾਨ ਸਿੰਘ ਦੇ ਸੇਵਾ ਸੰਭਾਲ ਸਮਾਗਮ ਵਿਚ ਵੀ ਸ਼ਾਮਿਲ ਨਹੀਂ ਸਨ ਹੋਏ। ਸ਼੍ਰੋਮਣੀ ਕਮੇਟੀ ਦੇ ਦੋਵਾਂ ਅਹਿਮ ਸਮਾਗਮਾਂ 'ਚ ਗਿਆਨੀ ਹਰਪ੍ਰੀਤ ਸਿੰਘ ਦੀ ਗ਼ੈਰ ਹਾਜ਼ਰੀ ਨੂੰ ਲੈ ਕੇ ਅੱਜ ਪੰਥਕ ਗਲਿਆਰਿਆਂ ਵਿਚ ਕਾਫੀ ਚਰਚਾ ਰਹੀ ਤੇ ਇਸ ਦਾ ਕਾਰਨ ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਨਾਲ ਚੱਲ ਰਹੀ ਨਰਾਜ਼ਗੀ ਸਮਝਿਆ ਜਾ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ 22 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵ ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਸੇਵਾ ਸੰਭਾਲ ਸਮਾਗਮ 'ਚ ਜ਼ਰੂਰ ਸ਼ਾਮਿਲ ਹੋਏ ਸਨ।

## ਇਜਲਾਸ ਸਿਰ.ਫ ਮੈਨੂੰ ਭੰਡਣ ਲਈ ਸੱਦਿਆ ਗਿਐ: ਮੁੱਖ ਮੰਤਰੀ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਗਏ ਜਨਰਲ ਇਜਲਾਸ 'ਤੇ ਉਜ਼ਰ ਜਤਾਉਂਦਿਆਂ ਸਵਾਲ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਇਸ ਵਿਸ਼ੇਸ਼ ਇਜਲਾਸ ਦੌਰਾਨ ਉਨ੍ਹਾਂ 'ਤੇ ਦੋਸ਼ ਲਾਉਣ ਤੋਂ ਇਲਾਵਾ ਹੋਰ ਕੀ ਕੀਤਾ ਹੈ। ਮੁੱਖ ਮੰਤਰੀ ਨੇ ਇਕ ਬਿਆਨ ਵਿੱਚ ਕਿਹਾ ਕਿ ਸ਼ ?ਰੋਮਣੀ ਕਮੇਟੀ ਵੱਲੋਂ ਸੱਦੇ ਵਿਸ਼ੇਸ਼ ਇਜਲਾਸ ਨੂੰ ਸਿਰਫ ਉਨ੍ਹਾਂ ਨੂੰ ਭੰਡਣ ਲਈ ਇਕ ਮੰਚ ਵਜੋਂ ਵਰਤਿਆ ਗਿਆ। ਉਨ੍ਹਾਂ ਕਿਹਾ ਕਿ ਇਜਲਾਸ ਵਿੱਚੋਂ ਪਵਿੱਤਰ ਗੁਰਬਾਣੀ ਦੇ ਮੁਫ਼ਤ ਪ੍ਰਸਾਰਣ ਦਾ ਮੁੱਦਾ ਕਿੱਥੇ ਗੁਆਚ ਗਿਆ, ਇਸ ਨੂੰ ਉਭਾਰਿਆ ਕਿਉਂ ਨਹੀਂ ਗਿਆ। ਉਨ੍ਹਾਂ ਕਿਹਾ ਕਿ ਇਹ ਇਜਲਾਸ ਸ਼੍ਰੋਮਣੀ ਕਮੇਟੀ 'ਤੇ ਰਾਜ ਕਰ ਰਹੇ ਪਰਿਵਾਰ ਨੂੰ ਬਚਾਉਣ ਲਈ ਆਗੂਆਂ ਦੇ ਇਕੱਠ ਤੋਂ ਵੱਧ ਕੁਝ ਨਹੀਂ। ਸ੍ਰੀ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਿਰਫ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਚੱਲ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਵਜੋਂ ਵਿਚਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਭ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਇਸ ਦੇ ਪ੍ਰਧਾਨ ਕਿਵੇਂ ਅਕਾਲੀ ਦਲ 'ਚ ਇਕ ਪਰਿਵਾਰ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੇ ਹਨ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ ’ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਕੈਰੋਂ ਸਰਕਾਰ ਵਲੋਂ ਗੁਰਦੁਆਰਾ ਸਿੱਖ ਐਕਟ 'ਚ ਕੀਤੀ ਸੋਧ ਕਿਵੇਂ ਬਣੀ ਨਹਿਰੂ-ਤਾਰਾ ਸਿੰਘ ਸਮਝੌਤਾ ?





ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸਿੱਖ ਗੁਰਦੁਆਰਾ ਸੋਧ ਬਿੱਲ-ਸਰਬਸੰਮਤੀ ਨਾਲ ਪਾਸ ਕਰ ਦਿਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 21 ਜੁਲਾਈ ਤੋਂ ਬਾਅਦ ਜਿਹੜਾ ਮਰਜ਼ੀ ਚੈਨਲ ਲਗਾ ਲਉ, ਗੁਰਬਾਣੀ ਮੁਫ਼ਤ ਸੁਣਨ ਨੂੰ ਮਿਲੇਗੀ। ਪੰਜਾਬ ਸਰਕਾਰ ਵਲੋਂ 64 ਸਾਲਾਂ ਦੇ ਵਕਫ਼ੇ ਬਾਅਦ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਗਈ। ਇਸ ਤੋਂ ਪਹਿਲਾਂ ਜਨਵਰੀ 1959 ਵਿਚ ਪ੍ਰਤਾਪ ਸਿੰਘ ਕੈਰੋਂ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਜਲਦਬਾਜ਼ੀ ਵਿਚ ਇਕ ਸੋਧ ਪਾਸ ਕਰ ਦਿਤੀ, ਜਿਸ ਦਾ ਸਿੱਖ ਸੰਗਤ ਵਲੋਂ ਵਿਰੋਧ ਕੀਤਾ ਗਿਆ ਤੇ ਗੱਲਬਾਤ ਮਗਰੋਂ ਅਪ੍ਰੈਲ 1959 ਵਿਚ ਇਹ ਨਹਿਰੂ-ਤਾਰਾ ਸਿੰਘ ਸਮਝੌਤਾ ਬਣ ਗਈ। ਇਤਿਹਾਸਕ ਰਿਕਾਰਡਾਂ ਅਨੁਸਾਰ ਗੁਰਦੁਆਰਿਆਂ ਦੇ ਮਾਮਲਿਆਂ ਵਿਚ ਕੋਈ ਸਰਕਾਰੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ ਅਤੇ ਗੁਰਦੁਆਰਾ ਐਕਟ ਵਿਚ ਕੋਈ ਵੀ ਸੋਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੋ ਤਿਹਾਈ ਜਨਰਲ ਬਾਡੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ।

**ਮਾਸਟਰ ਤਾਰਾ ਸਿੰਘ ਨੂੰ ਐਸ.ਜੀ.ਪੀ.ਸੀ. ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਵਿਚ ਕਿਵੇਂ ਕਾਮਯਾਬ ਹੋਈ ਕੈਰੋਂ ਸਰਕਾਰ :** ਕੈਰੋਂ ਸਰਕਾਰ ਵਲੋਂ ਕੀਤੀ ਸੋਧ ਦੇ ਤਰੀਕੇ ਨੇ ਸਪੱਸ਼ਟ ਕਰ ਦਿਤਾ ਕਿ ਇਸ ਦਾ ਅਸਲ ਮਕਸਦ ਮਾਸਟਰ ਤਾਰਾ ਸਿੰਘ ਨੂੰ ਸ਼ ?ਰੋਮਣੀ ਕਮੇਟੀ ਤੋਂ ਬਾਹਰ ਰੱਖਣਾ ਸੀ, 1958 ਵਿਚ ਕਮਿਊਨਿਸਟ ਪਾਰਟੀਆਂ ਪ੍ਰਤੀ ਵਫ਼ਾਦਾਰੀ ਕਾਰਨ 22 ਐਸ.ਜੀ.ਪੀ.ਸੀ. ਮੈਂਬਰਾਂ ਦੇ ਸਮਰਥਨ ਦੀ ਬਦੌਲਤ ਸੱਤਾਧਾਰੀ ਪਾਰਟੀ ਮਾਸਟਰ ਤਾਰਾ ਸਿੰਘ ਨੂੰ ਸ਼ ?ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਵਿਚ ਕਾਮਯਾਬ ਰਹੀ। 16 ਨਵੰਬਰ 1958 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹੋਈ ਅਤੇ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ 77 ਵੋਟਾਂ ਨਾਲ ਜਿੱਤ ਗਏ। ਮਾਸਟਰ ਤਾਰਾ ਸਿੰਘ ਦੀ ਵਾਪਸੀ ਦੇ ਡਰੋਂ ਕਾਂਗਰਸ ਨੇ ਪੈਪਸੂ (ਪਟਿਆਲਾ ਅਤੇ ਈਸਟ ਪੰਜਾਬ ਸਟੇਟ ਯੂਨੀਅਨ) ਤੋਂ ਸ਼੍ਰੋਮਣੀ ਕਮੇਟੀ ਬੋਰਡ ਦੇ 35 ਵਾਧੂ ਮੈਂਬਰਾਂ ਨੂੰ ਸ਼ਾਮਲ ਕਰਕੇ ਸ਼੍ਰੋਮਣੀ ਕਮੇਟੀ ਵਿਚ ਹੋਰ ਪਾਰਟੀ ਵਫ਼ਾਦਾਰਾਂ ਲਈ ਜਗ ?ਹਾ ਬਣਾਉਣ ਲਈ ਇਕ ਸੋਧ ਤਜਵੀਜ਼ ਕੀਤੀ।

**ਗੁਰਦਵਾਰਾ ਐਕਟ ਵਿਚ ਸੋਧ ਵਿਰੁੱਧ ਨਹਿਰੂ ਨੂੰ ਦਿੱਤਾ ਸੀ ਮੰਗ ਪੱਤਰ :** ਮਾਸਟਰ ਤਾਰਾ ਸਿੰਘ ਵਲੋਂ 1958 'ਚ ਮੁੜ ਪੰਜਾਬੀ ਸੂਬੇ ਦਾ ਮੁੱਦਾ ਉਠਾਉਣ ਦਾ ਐਲਾਨ ਕੀਤਾ ਗਿਆ ਕਿਉਂਕਿ ਸੱਤਾਧਾਰੀ ਸਰਕਾਰ ਇਸ ਮੰਗ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਸਕੀ, ਜਿਸ ਤੋਂ ਬਾਅਦ ਇਸ ਵਿਰੁੱਧ ਮਾਸਟਰ ਤਾਰਾ ਸਿੰਘ ਨੇ ਰੋਸ ਜ਼ਾਹਰ ਕਰਨ ਦਾ ਐਲਾਨ ਕੀਤਾ। ਮਾਸਟਰ ਜੀ ਨੇ ਨਹਿਰੂ ਨੂੰ ਗੁਰਦਵਾਰਾ ਐਕਟ ਵਿਚ ਸੋਧ ਵਿਰੁਧ ਮੰਗ ਪੱਤਰ ਵੀ ਦਿਤਾ ਪਰ ਕੋਈ ਹੱਲ ਨਾ ਨਿਕਲਿਆ। ਫਿਰ 31 ਦਸੰਬਰ 1958 ਨੂੰ ਪੰਜਾਬੀ ਅਸੈਂਬਲੀ ਨੇ ਗੁਰਦਵਾਰਾ (ਸੋਧ) ਬਿਲ ਪਾਸ ਕਰ ਦਿਤਾ। ਮਰਹੂਮ ਲੇਖਕ ਅਜੀਤ ਸਿੰਘ ਸਰਹੱਦੀ ਅਪਣੀ ਕਿਤਾਬ 'ਪੰਜਾਬੀ ਸੂਬਾ 'ਸੰਘਰਸ਼ ਦੀ ਕਹਾਣੀ' ਵਿਚ ਲਿਖਦੇ ਹਨ, 'ਮਾਸਟਰ ਤਾਰਾ ਸਿੰਘ ਨੇ ਅਕਤੂਬਰ 1958 ਦੇ ਸ਼ੁਰੂਆਤ ਵਿਚ ਇਹ ਐਲਾਨ ਕੀਤਾ ਸੀ ਕਿ ਪੰਜਾਬ ਦੀ ਸਾਰੀ ਸਰਕਾਰੀ ਮਸ਼ੀਨਰੀ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਜੁਟ ਗਈ ਹੈ'।

ਸਰਹੱਦੀ ਲਿਖਦੇ ਹਨ, "ਪ੍ਰੇਮ ਸਿੰਘ ਲਾਲਪੁਰਾ (ਪ੍ਰਧਾਨ ਬਣਨ ਮਗਰੋਂ), ਮੁੱਖ ਮੰਤਰੀ ਕੈਰੋਂ ਕੋਲ ਗਏ ਅਤੇ ਉਨ੍ਹਾਂ ਨੂੰ ਗੁਰਦੁਆਰਾ ਸੋਧ ਬਿੱਲ ਨੂੰ ਜਲਦੀ ਪਾਸ ਕਰਵਾਉਣ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਤਜਵੀਜ਼ ਨਾਲ ਸਹਿਮਤੀ ਪ੍ਰਗਟਾਈ। ਮਾਸਟਰ ਤਾਰਾ ਸਿੰਘ ਨੂੰ ਲਾਂਭੇ ਕਰਨ ਲਈ ਦਿਖਾਈ ਗਈ ਇਸ ਬੇਰਹਿਮੀ ਨੇ ਸਿੱਖਾਂ ਵਿਚ ਭਾਰੀ ਰੋਸ ਪੈਦਾ ਕੀਤਾ।

**ਸਿੱਖਾਂ ਨੇ ਮਾਸਟਰ ਤਾਰਾ ਸਿੰਘ ਦੀ ਤਸਵੀਰ ਟਰੱਕ 'ਤੇ ਰੱਖ ਕਢਿਆ ਸੀ ਜਲੂਸ :** ਇਸ ਤੋਂ ਪਹਿਲਾਂ ਕਿ ਜਨਵਰੀ 1959 ਵਿਚ ਬਿੱਲ ਨੂੰ ਪੰਜਾਬ ਵਿਧਾਨ ਸਭਾ ਦੁਆਰਾ ਇਕ ਐਕਟ ਦਾ ਰੂਪ ਦਿਤਾ ਜਾਂਦਾ ਅਤੇ 35 ਮੈਂਬਰਾਂ ਨੂੰ ਨਾਮਜ਼ਦ ਕੀਤਾ ਜਾਂਦਾ, ਲੋਕਾਂ ਵਿਚ ਭਾਰੀ ਰੋਸ ਦੇ ਚਲਦੇ ਸਰਕਾਰ ਨੂੰ ਇਸ ਪ੍ਰਕਿਰਿਆ ਲਈ ਲੋਕਤੰਤਰੀ ਢੰਗ ਅਪਨਾਉਣ ਲਈ ਮਜਬੂਰ ਹੋਣਾ ਪਿਆ। ਇਸ ਮਗਰੋਂ ਮਾਸਟਰ ਤਾਰਾ ਸਿੰਘ ਨੇ ਦੂਜੀ ਪੰਜਾਬੀ ਸੂਬਾ ਕਾਨਫ਼ਰੰਸ ਵਿਚ ਚੰਡੀਗੜ੍ਹ ਵਿਖੇ ਸਿੱਖਾਂ ਦੇ ਇਕ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ ਅਤੇ ਬਾਅਦ ਵਿਚ 15 ਮਾਰਚ, 1959 ਨੂੰ ਦਿੱਲੀ ਵਿਚ ਇਕ ਸ਼ਾਂਤਮਈ ਰੋਸ ਮਾਰਚ ਕਰਨ ਦਾ ਐਲਾਨ ਕੀਤਾ। ਗੁਰਦੁਆਰਾ ਪ੍ਰਬੰਧਾਂ ਵਿਚ ਸਰਕਾਰ ਦੀ ਦਖ਼ਲਅੰਦਾਜ਼ੀ ਦੇ ਵਿਰੋਧ ਵਿਚ ਸਿੱਖਾਂ ਵਲੋਂ ਪ੍ਰਦਰਸ਼ਨ ਕੀਤਾ ਗਿਆ। 14 ਮਾਰਚ 1959 ਨੂੰ ਜਦੋਂ ਮਾਸਟਰ ਤਾਰਾ ਸਿੰਘ ਦਿੱਲੀ ਰਵਾਨਾ ਹੋਣ ਲੱਗੇ ਤਾਂ ਕੈਰੋਂ ਸਰਕਾਰ ਨੇ ਉਨ੍ਹਾਂ ਗ੍ਰਿਫਤਾਰ ਕਰ ਲਿਆ।

ਇਥੋਂ ਤੱਕ ਕਿ ਪ੍ਰਦਰਸ਼ਨਕਾਰੀਆਂ ਨੂੰ ਦਿੱਲੀ ਲਿਜਾਣ ਲਈ ਪੰਜਾਬ ਦੇ ਵੱਖ-ਵੱਖ ਜਥਿਆਂ ਲਈ ਤਿਆਰ ਕੀਤੀਆਂ ਸਾਰੀਆਂ ਵਿਸ਼ੇਸ਼ ਰੇਲ ਗੱਡੀਆਂ ਨੂੰ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਗਏ। ਸਰਕਾਰ ਦੇ ਇਸ ਰਵੱਈਏ ਨੇ ਦਿੱਲੀ ਪਹੁੰਚਣ ਲਈ ਸਿੱਖਾਂ ਦੇ ਉਤਸ਼ਾਹ ਵਿਚ ਵਾਧਾ ਕੀਤਾ ਤੇ ਸਿੱਖ ਦੇਸ਼ ਦੇ ਸਾਰੇ ਹਿੱਸਿਆਂ ਤੋਂ ਵੱਡੀ ਗਿਣਤੀ ਵਿਚ ਉਥੇ ਇਕੱਠੇ ਹੋਏ। ਦਿੱਲੀ ਵਿਚ ਕੀਤੇ ਗਏ ਪ੍ਰਦਰਸ਼ਨ ਦੌਰਾਨ ਕਿਸੇ ਨੂੰ ਵੀ ਇਸ ਦੀ ਅਗਵਾਈ ਕਰਨ ਲਈ ਨਹੀਂ ਚੁਣਿਆ ਗਿਆ ਸਗੋਂ ਸਿੱਖਾਂ ਨੇ ਇਕ ਟਰੱਕ 'ਤੇ ਮਾਸਟਰ ਤਾਰਾ ਸਿੰਘ ਦੀ ਤਸਵੀਰ ਰੱਖ ਕੇ ਵੱਡਾ ਜਲੂਸ ਕੱਢਿਆ। ਮਾਸਟਰ ਤਾਰਾ ਸਿੰਘ ਨੂੰ 21 ਮਾਰਚ ਨੂੰ ਰਿਹਾਅ ਕਰ ਦਿਤਾ ਗਿਆ।

**ਕੀ ਹੈ ਨਹਿਰੂ-ਤਾਰਾ ਸਿੰਘ ਸਮਝੌਤਾ ?**

ਇਸ ਮਗਰੋਂ ਮਾਸਟਰ ਤਾਰਾ ਸਿੰਘ ਨੂੰ ਤਤਕਾਲੀ ਪ੍ਰਧਾਨ ਮੰਤਰੀ ਨਹਿਰੂ ਦਾ ਜਵਾਬ ਮਿਲਿਆ, ਜਿਸ ਵਿਚ ਉਨ੍ਹਾਂ ਨੇ ਗੁਰਦੁਆਰਾ ਪ੍ਰਬੰਧਾਂ ਵਿਚ ਸਰਕਾਰ ਦੀ ਦਖ਼ਲਅੰਦਾਜ਼ੀ ਰੋਕਣ ਦੀ ਅਪੀਲ ਰੱਦ ਕਰ ਦਿਤੀ। ਸਿੱਖ ਮਸਲਿਆਂ ਵਿਚ ਕਾਂਗਰਸ ਸਰਕਾਰ ਦੀ ਦਖ਼ਲਅੰਦਾਜ਼ੀ ਨਾ ਰੋਕਣ ਦੇ ਵਿਰੋਧ ਵਿਚ ਮਾਸਟਰ ਤਾਰਾ ਸਿੰਘ ਨੇ 16 ਅਪ੍ਰੈਲ ਤੋਂ ਦਿੱਲੀ ਵਿਚ ਮਰਨ ਵਰਤ ਦਾ ਐਲਾਨ ਕਰ ਦਿਤਾ। 11 ਅਪ੍ਰੈਲ ਨੂੰ ਤਤਕਾਲੀ ਪ੍ਰਧਾਨ ਮੰਤਰੀ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਗੱਲਬਾਤ ਲਈ ਚਾਹ 'ਤੇ ਬੁਲਾਇਆ , ਦੋਵਾਂ ਵਿਚਾਲੇ ਗਲਬਾਤ ਹੋਈ ਜਿਸ ਤੋਂ ਬਾਅਦ ਸਿੱਖਾਂ ਦੇ ਧਾਰਮਕ ਮਾਮਲਿਆਂ ਵਿਚ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਘੋਖ ਕਰਨ ਲਈ ਚਾਰ ਮੈਂਬਰੀ ਕਮੇਟੀ ਦੀ ਨਿਯੁਕਤੀ ਲਈ ਸਹਿਮਤੀ ਬਣੀ। ਇਸ ਤੋਂ ਬਾਅਦ ਨਹਿਰੂ ਨੇ ਐਲਾਨ ਕੀਤਾ ਕਿ ਧਾਰਮਕ ਮਾਮਲਿਆਂ ਵਿਚ ਸਰਕਾਰੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ।

ਸਿੱਖ ਐਨਸਾਈਕਲੋਪੀਡੀਆ ਮੁਤਾਬਕ, ਇਸ ਸਮਝੌਤੇ ਵਿਚ ਤੈਅ ਹੋਇਆ ਕਿ ਜੇਕਰ ਸਰਕਾਰ ਵਲੋਂ ਸਿੱਖ ਗੁਰਦੁਆਰਾ ਐਕਟ ਵਿਚ ਕੋਈ ਸੋਧ ਕੀਤੀ ਜਾਣੀ ਹੈ ਤਾਂ ਇਸ ਦੇ ਲਈ ਐਸ.ਜੀ.ਪੀ.ਸੀ. ਦੀ ਜਨਰਲ ਬਾਡੀ ਦੀ ਸਹਿਮਤੀ ਲਾਜ਼ਮੀ ਹੈ। ਇਸ ਸਮਝੌਤੇ ਮਗਰੋਂ ਸਿੱਖ ਗੁਰਦੁਆਰਾ ਐਕਟ 1925, ਪੰਜਾਬ ਵਿਧਾਨ ਸਭਾ ਦੇ ਦਾਇਰੇ ਵਿਚ ਸੀ। ਪੰਜਾਬ ਦੇ ਪੁਨਰਗਠਨ ਤੋਂ ਬਾਅਦ ਐਸ.ਜੀ.ਪੀ.ਸੀ. ਅੰਤਰਰਾਜੀ ਸੰਸਥਾ ਬਣ ਗਈ ਤੇ ਇਹ ਐਕਟ ਕੇਂਦਰ ਸਰਕਾਰ ਅਤੇ ਸੰਸਦ ਦੇ ਦਾਇਰੇ ਵਿਚ ਆ ਗਿਆ। ਕਾਨੂੰਨੀ ਅਤੇ ਸਿੱਖ ਮਾਹਰਾਂ ਦਾ ਮੰਨਣਾ ਹੈ ਕਿ ਗੁਰਦੁਆਰਾ ਐਕਟ ਵਿਚ ਕੋਈ ਵੀ ਸੋਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਿਮਤੀ ਦੇ ਨਾਲ ਹੀ ਕੀਤੀ ਜਾ ਸਕੇਗੀ।

# ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਾ ਐਕਟ ਸੋਧ ਦੇ ਮਾਮਲੇ 'ਚ ਬੋਲਣ ਦਾ ਕੋਈ ਹੱਕ ਨਹੀਂ : ਬਲਦੇਵ ਸਿੰਘ ਚੁੰਘਾ



ਚੰਡੀਗੜ੍ਹ : ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕੀਤੇ ਜਾਣ 'ਤੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਵਿਵਾਦ ਵਧਦਾ ਜਾ ਰਿਹਾ ਹੈ। ਅੱਜ ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਚੁੰਘਾ ਨੇ ਕਿਹਾ, "ਮੈਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਕਿਹਾ ਕਿ ਤੁਸੀਂ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਮਾਮਲੇ 'ਚ ਦਖ਼ਲਅੰਦਾਜੀ ਕਰਨ ਤੋਂ ਰੋਕ ਕਿਉਂ ਰਹੇ ਹੋ ? ਤੁਸੀਂ ਉਦੋਂ ਕਿਉਂ ਨਹੀਂ ਬੋਲੇ ਜਦੋਂ ਪੰਥ ਦੀ ਬਾਂਹ ਮਰੋੜ ਕੇ ਸੁਖਬੀਰ ਸਿੰਘ ਬਾਦਲ ਨੇ (ਸੌਦਾ ਸਾਧ ਨੂੰ ਮੁਆਫ਼ੀ ਦੇਣ ਵਾਲਾ) ਹੁਕਮਨਾਮਾ ਜਾਰੀ ਕਰਵਾਇਆ ਗਿਆ ਸੀ। ਕੀ ਉਹ ਦਖ਼ਲ ਅੰਦਾਜੀ ਨਹੀਂ ਸੀ ?"

ਉਨ੍ਹਾਂ ਅੱਗੇ ਕਿਹਾ,"ਜਦੋਂ (ਸੌਦਾ ਸਾਧ ਨੂੰ ਮੁਆਫ਼ੀ ਦੇਣ ਨੂੰ ਜਾਇਜ਼ ਠਹਿਰਾਉਣ ਲਈ) 90 ਲੱਖ ਦੇ ਇਸ਼ਤਿਹਾਰ ਦਿਤੇ ਕੀ ਉਹ ਰਾਜਨੀਤਕ ਦਖ਼ਲਅੰਦਾਜੀ ਨਹੀਂ ਸੀ ? ਜੇ ਅੱਜ ਭਗਵੰਤ ਮਾਨ ਨੇ ਗੁਰਬਾਣੀ ਪ੍ਰਸਾਰਣ ਦਾ ਮੁੱਦਾ ਚੁਕਿਆ ਤਾਂ ਤੁਸੀਂ ਚੀਕਾਂ ਮਾਰਨ ਲੱਗ ਗਏ ਹੋ।" ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੋਕਾਂ ਨੇ 92 ਸੀਟਾਂ ਦੇ ਕੇ ਜਿਤਾਇਆ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ 'ਚ ਕਮੀਆਂ ਸਨ। ਉਨ੍ਹਾਂ ਅੱਗੇ ਕਿਹਾ, "ਪ੍ਰਕਾਸ਼ ਸਿੰਘ ਬਾਦਲ ਕਹਿੰਦੇ ਸਨ ਕਿ 'ਹਰਿਆਣਾ ਗੁਰਦੁਆਰਾ ਕਮੇਟੀ ਸਾਡੀਆਂ ਲਾਸ਼ਾਂ 'ਤੇ ਬਣੇਗੀ'। ਹੁਣ ਉਹ ਲਾਸ਼ਾਂ ਕਿੱਥੇ ਗਈਆਂ ? ਫਿਰ ਵੀ ਹਰਿਆਣਾ ਕਮੇਟੀ ਹੋਂਦ 'ਚ ਆ ਗਈ। ਇਹ ਕੁੱਝ ਨਹੀਂ ਕਰ ਸਕੇ।"

ਉਨ੍ਹਾਂ ਕਿਹਾ, "ਅੱਜ ਇਹ ਭੁੱਲ ਜਾਣ ਕਿ ਧਰਮ ਯੁੱਧ ਸ਼ੁਰੂ ਕਰ ਕੇ ਲੱਖਾਂ ਲੋਕ ਇਨ੍ਹਾਂ ਪਿੱਛੇ ਗਿ ?ਰਫ਼ਤਾਰੀਆਂ ਦੇਣਗੇ। ਲੋਕ ਅੱਕੇ ਹੋਏ ਹਨ। ਉਹ ਸ਼੍ਰੋਮਣੀ ਅਕਾਲੀ ਦਲ ਤੇ ਦਰਬਾਰ ਸਾਹਿਬ ਨੂੰ ਚਾਹੁੰਦੇ ਹਨ ਪਰ ਸੁਖਬੀਰ ਸਿੰਘ ਬਾਦਲ ਨੂੰ ਨਹੀਂ ਚਾਹੁੰਦੇ। ਲੋਕ ਨਹੀਂ ਚਾਹੁੰਦੇ ਕਿ ਸੁਖਬੀਰ ਸਿੰਘ ਬਾਦਲ ਪੰਜਾਬ ਦੀ ਨੁਮਾਇੰਦਗੀ ਕਰੇ।" ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਾਲ-ਦੋ ਸਾਲ 'ਚ ਵੋਟਾਂ ਹੋਣਗੀਆਂ ਫਿਰ ਇਹ ਕੀ ਕਰਨਗੇ ? ਉਨ੍ਹਾਂ ਗੁਰਬਾਣੀ ਦੇ ਪ੍ਰਸਾਰਣ ਮੁੱਦੇ 'ਤੇ ਬੋਲਦਿਆਂ ਕਿਹਾ, "ਜੇਕਰ ਗੁਰਬਾਣੀ ਪ੍ਰਸਾਰਣ ਨਾਲ ਪੀ.ਟੀ.ਸੀ. ਨੂੰ ਕੋਈ ਲਾਭ ਨਹੀਂ ਹੈ ਤਾਂ ਉਹ ਇਸ ਮਸਲੇ ਨੂੰ ਛੱਡ ਦੇਵੇ ਕਿਉਂਕਿ ਉਨ੍ਹਾਂ ਨੇ ਹਰ ਸਮੇਂ ਅਪਣੇ ਚੈਨਲ 'ਤੇ ਬੀਬਾ ਜੀ.. ਬੀਬਾ ਜੀ... ਹਰਸਿਮਰਤ ਜੀ.. ਹਰਸਿਮਰਤ ਜੀ... ਸੁਖਬੀਰ ਜੀ... ਸੁਖਬੀਰ ਜੀ..., ਮਜੀਠੀਆ ਜੀ... ਮਜੀਠੀਆ ਜੀ...ਕਰੀ ਜਾਣਾ ਤੇ ਸਾਡੇ ਵਰਗਿਆਂ ਤੋਂ ਮਾਈਕ ਖੋਹੀ ਜਾਣੇ। ਸੱਚ ਬੋਲਣ ਨਾਲ ਇਨ੍ਹਾਂ ਨੂੰ ਤਕਲੀਫ਼ ਹੁੰਦੀ ਹੈ ਤੇ ਉਹ ਏਕਾਧਿਕਾਰ ਖ਼ਤਮ ਹੋਣਾ ਚਾਹੀਦਾ ਹੈ।"

ਉਨ੍ਹਾਂ ਕਿਹਾ, "ਗਿਆਨੀ ਹਰਪ੍ਰੀਤ ਸਿੰਘ ਨੇ ਇਕ ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚੈਨਲ ਖੋਲ੍ਹਣ ਲਈ ਕਿਹਾ ਸੀ ਉਦੋਂ ਤੋਂ ਪੀ.ਟੀ.ਸੀ. ਦਾ ਰੌਲਾ ਪਿਆ ਸੀ। ਇਨ੍ਹਾਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਕੱਢ ਦਿਤਾ। ਇਹ ਸਾਰੇ ਸੁਖਬੀਰ ਬਾਦਲ ਦੀ ਬੋਲੀ ਬੋਲਦੇ ਹਨ।"

# ਸਿੱਧੂ ਮੂਸੇਵਾਲਾ ਦੇ ਕਤਲ ਨੂੰ 394 ਦਿਨ ਹੋ ਗਏ ਪਰ ਹਾਲੇ ਤੱਕ ਇਨਸਾਫ਼ ਨਹੀਂ ਮਿਲਿਆ: ਬਲਕੌਰ ਸਿੰਘ ਸਿੱਧੂ



ਮਾਨਸਾ: ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਨੌਜਵਾਨ ਪੁੱਤ ਦੇ ਕਤਲ ਨੂੰ ਅੱਜ 394 ਦਿਨ ਹੋ ਗਏ ਹਨ ਪਰ ਭਗਵੰਤ ਮਾਨ ਦੀ ਸਰਕਾਰ ਨੇ ਹਾਲੇ ਤੱਕ ਇਨਸਾਫ਼ ਲਈ ਕੋਈ ਸਾਥ ਨਹੀਂ ਦਿੱਤਾ। ਉਨ੍ਹਾਂ ਟਵੀਟ ਕਰਦਿਆਂ ਕਿਹਾ ਕਿ 28 ਜੂਨ ਨੂੰ ਮਾਨਸਾ ਵਿਖੇ ਸੀਜੇਐੱਮ ਅਦਾਲਤ ਵਿੱਚ ਮਰਹੂਮ ਪੰਜਾਬੀ ਗਾਇਕ ਦੇ ਕਥਿਤ ਕਾਤਲਾਂ ਦੀ ਪੇਸ਼ੀ ਹੈ, ਜਿਨ੍ਹਾਂ ਉਪਰ ਹਾਲੇ ਤੱਕ ਦੋਸ਼ ਆਇਦ ਨਹੀਂ ਹੋ ਸਕੇ। ਜ਼ਿਕਰਯੋਗ ਹੈ ਕਿ ਮਾਨਸਾ ਦੇ ਸੀਜੇਐੱਮ ਵਲੋਂ ਪੰਜਾਬ ਦੀਆਂ ਜੇਲ੍ਹਾਂ ਦੇ ਸੁਪਰਡੈਂਟਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ ਮੂਸੇਵਾਲਾ ਕਤਲ ਨਾਲ ਜੁੜੇ ਸਾਰੇ ਮੁਲਜ਼ਮਾਂ ਨੂੰ 28 ਜੂਨ ਦੀ ਪੇਸ਼ੀ ਮੌਕੇ ਅਦਾਲਤ ਵਿੱਚ ਨਿੱਜੀ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕਰਨ। ਇਸੇ ਦੌਰਾਨ ਹੀ ਬਲਕੌਰ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਤੋਂ 394 ਦਿਨ ਬੀਤਣ ਉਤੇ ਵੀ ਇਨਸਾਫ਼ ਦੀ ਕੋਈ ਆਸ ਨਹੀਂ ਰਹੀ। ਇਸੇ ਕਰਕੇ ਹੀ ਸਭ ਪ੍ਰਸ਼ੰਸਕਾਂ ਨੂੰ ਆਪੋ ਆਪਣੇ ਧਰਮਾਂ ਮੁਤਾਬਕ ਇਨਸਾਫ਼ ਲਈ ਦੁਆਵਾਂ ਕਰਨ ਲਈ ਅਪੀਲ ਕੀਤੀ ਗਈ ਹੈ।

# ਸਿਰਸਾ ਦੀ ਅਗਵਾਈ ਹੇਠ ਸਿੱਖ ਵਫਦ ਉਤਰਾਖੰਡ ਦੇ ਮੁੱਖ ਮੰਤਰੀ ਨੂੰ ਮਿਲਿਆ



ਨਵੀਂ ਦਿੱਲੀ : ਭਾਜਪਾ ਆਗੂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਹੇਠ ਸਿੱਖ ਆਗੂਆਂ ਦੇ ਵਫ਼ਦ ਵੱਲੋਂ ਦੇਹਰਾਦੂਨ ਵਿੱਚ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ ਗਈ। ਵਫ਼ਦ ਵਿੱਚ ਸਿਰਸਾ ਤੋਂ ਇਲਾਵਾ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਬਾਬਾ ਪ੍ਰਤਾਪ ਸਿੰਘ ਬਾਜਪੁਰ ਤੇ ਕਾਸ਼ੀਪੁਰ ਤੋਂ ਸੰਗਤ ਸ਼ਾਮਲ ਸੀ। ਮੀਟਿੰਗ ਮਗਰੋਂ ਸਿਰਸਾ ਨੇ ਦੱਸਿਆ ਕਿ ਮੀਟਿੰਗ ਵਿੱਚ ਉਨ੍ਹਾਂ ਉੱਤਰਾਖੰਡ ਦੇ ਸਿੱਖਾਂ ਦੇ ਮਸਲਿਆਂ ਬਾਰੇ ਵਿਚਾਰ-ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਸਾਰੇ ਮਸਲਿਆਂ ਦੇ ਹੱਲ ਦਾ ਭਰੋਸਾ ਦਿੱਤਾ ਹੈ।

# ਪਾਕਿਸਤਾਨ ਸਰਕਾਰ ਪਿਸ਼ਾਵਰ ਵਿੱਚ ਸਿੱਖਾਂ ਤੇ ਹੋ ਰਹੇ ਜਾਨਲੇਵਾ ਹਮਲੇ ਰੋਕਣ ਵਿੱਚ ਅਸਫਲ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ : ਪਾਕਿਸਤਾਨ ਦੇ ਸ਼ਹਿਰ ਪਿਸ਼ਾਵਰ ਵਿੱਚ ਦੁਕਾਨਦਾਰ ਸ. ਮਨਮੋਹਨ ਸਿੰਘ ਨੂੰ ਅੱਤਵਾਦੀਆਂ ਵੱਲੋਂ ਗੋਲੀਆਂ ਮਾਰ ਕੇ ਜਾਨੋ ਮਾਰ ਦਿੱਤੇ ਦੇਣ ਅਤੇ ਹਕੀਮ ਤਰਲੋਕ ਸਿੰਘ ਨੂੰ ਜ਼ਖ਼ਮੀ ਕੀਤੇ ਜਾਣ ਦੀਆਂ ਦੋ ਵੱਖ-ਵੱਖ ਵਾਪਰੀਆਂ ਦੁਖਦਾਈ ਅਤੇ ਅਫਸੋਸਜਨਕ ਘਟਨਾਵਾਂ ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਗਹਿਰੀ ਚਿੰਤਾ ਪ੍ਰਗਟਾਈ ਹੈ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਦਲ ਦੇ ਹੈਡ ਕਵਾਟਰ ਤੋਂ ਜਾਰੀ ਇੱਕ ਲਿਖਤੀ ਪ੍ਰੈਸ ਨੋਟ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਦਸਿਆ ਹੈ ਕਿ ਪਿਸ਼ਾਵਰ ਦੇ ਪਖਤੋਨੋਂਵਾ ਵਿੱਚ ਸਿੱਖਾਂ ਤੇ ਲਗਾਤਾਰ ਜਾਨਲੇਵਾ ਹਮਲੇ ਹੋ ਰਹੇ ਹਨ ਕਈ ਸਿੱਖਾਂ ਨੂੰ ਪਿਛਲੇ ਸਮੇਂ ਵਿੱਚ ਅਗਵਾ ਕਰ ਕੇ ਜਾਨੋ ਮਾਰ ਦਿਤਾ ਗਿਆ ਹੈ। ਫਿਰੌਤੀਆਂ ਦੀ ਮੰਗ ਵਿੱਚ ਕੀਮਤੀ ਜਾਨਾਂ ਬਰੂਦੀ ਗੋਲੀਆਂ ਨਾਲ ਭੁੰਨ ਦਿਤੀਆਂ ਜਾ ਰਹੀਆਂ ਹਨ, ਸਿੱਖ ਵਿਉਪਾਰੀਆਂ ਤੇ ਦੁਕਾਨਦਾਰਾਂ ਨੂੰ ਇਹ ਗੁੰਡਾਅਨਸਰ ਸਿਧੇ ਤੌਰ ਤੇ ਨਿਸ਼ਾਨਾ ਬਣਾ ਰਹੇ ਹਨ। ਪਾਕਿਸਤਾਨ ਸਰਕਾਰ ਉਥੇ ਰਹਿ ਰਹੇ ਘੱਟ ਗਿਣਤੀ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਿੱਚ ਫੇਲ ਹੋਈ ਹੈ ਉਨ੍ਹਾਂ ਦੀ ਸੁਰੱਖਿਆਂ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਹੋ ਸਕੇ। ਜਿਸ ਵਿੱਚ ਸਿੱਖ ਅਮਨਸ਼ਾਂਤੀ ਤੇ ਸੁੱਖ ਦਾ ਸਾਹ ਲੈ ਸਕਣ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਰਹਿੰਦੇ ਸਿੱਖ ਖੌਫਜੁਦਾ ਹਨ, ਪਾਕਿਸਤਾਨ ਸਰਕਾਰ ਨੂੰ ਅਜਿਹੇ ਹਮਲੇ ਕਰਨ ਵਾਲੇ ਮੁਲਜਮਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਤੁਰੰਤ ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ। ਨਿਹੰਗ ਮੁਖੀ ਨੇ ਸ. ਮਨਮੋਹਣ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਸ. ਤਰਲੋਕ ਸਿੰਘ ਦੇ ਜਲਦ ਤੁੰਦਰਸਤ ਹੋਣ ਦੀ ਕਾਮਨਾ ਕੀਤੀ ਹੈ।

# ਗੁਰਦੁਆਰਾ ਸਿੱਖ ਰਿਲੀਜਸ ਸੋਸਾਇਟੀ ਸਿਲਵਿਸ ਅਮਰੀਕਾ ਵਿਖੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਦਾ ਵਿਸ਼ੇਸ਼ ਸਨਮਾਨ

ਦਮਦਮਾ ਸਾਹਿਬ/ਤਲਵੰਡੀ ਸਾਬੋ : ਗੁਰਦੁਆਰਾ ਸਿੱਖ ਰਿਲੀਜਸ ਸੁਸਾਇਟੀ ਸਿਲਵਿਸ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਅਜੋਕੇ ਦੌਰ ਵਿਚ ਸਭ ਧਰਮ, ਸਿੱਖ ਧਰਮ ਦੀਆਂ ਬਹੁਮੁੱਲੀਆਂ ਕਦਰਾਂ ਕੀਮਤਾਂ ਅਤੇ ਗੁਰੂ ਉਪਦੇਸ਼ ਦੇ ਧਾਰਨੀ ਹੋ ਰਹੇ ਹਨ। ਸਮੁੱਚੇ ਧਰਮਾਂ ਦੇ ਖੋਜੀ ਵਿਦਵਾਨ ਵੀ ਗੁਰਬਾਣੀ ਤੋਂ ਅਗਵਾਈ ਲੈ ਕੇ ਸਿੱਖ ਧਰਮ ਦੇ ਬਹੁਮੁਲੇ ਸਿਧਾਤਾਂ ਦੀ ਰੋਸ਼ਨੀ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਨੇ ਬੁੱਢਾ ਦਲ ਵੱਲੋਂ ਇੰਡਿਆਨਾ ਵਿਖੇ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਸਥਾਪਿਤ ਕਰਨ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਹੋਣ ਵਾਲੇ ਗੁਰਮਤਿ ਸਮਾਗਮ ਸਬੰਧੀ ਵੀ ਜਾਣਕਾਰੀ ਦਿੱਤੀ।



ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਪ੍ਰੈਸ ਨੋਟ ਵਿਚ ਦਸਿਆ ਹੈ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਪੰਥ ਦੀ ਚੜ੍ਹਦੀਕਲਾ ਅਤੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਅਮਰੀਕਾ ਦੌਰੇ ਤੇ ਹਨ। ਉਹ ਕੱਲ ਸਿੱਖ ਰਿਲੀਜਸ ਸੋਸਾਇਟੀ ਸਿਲਵਿਸ ਦੇ ਸੱਦੇ ਤੇ ਉਚੇਚੇ ਤੌਰ ਤੇ ਗੁਰੂ ਘਰ ਪਹੁੰਚੇ ਜਿਥੇ ਪ੍ਰਬੰਧਕਾਂ ਵੱਲੋਂ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਜਥੇਦਾਰ ਬੁੱਢਾ ਦਲ ਦਾ ਵਿਸ਼ੇਸ਼ ਤੌਰ ਤੇ ਸ. ਬਲਵਿੰਦਰ ਸਿੰਘ, ਸ. ਚਰਨਜੀਤ ਸਿੰਘ ਕਾਹਲੋਂ, ਸ. ਸਤਨਾਮ ਸਿੰਘ ਰੰਧਾਵਾ, ਸ. ਕੁਲਜਿੰਦਰ ਸਿੰਘ ਧਾਲੀਵਾਲ, ਸ. ਵੀਰਦੇਵਿੰਦਰ ਸਿੰਘ, ਸ. ਸੰਪੂਰਨ ਸਿੰਘ ਨੇ ਸਾਂਝੇ ਤੌਰ ਤੇ ਸਨਮਾਨ ਕੀਤਾ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਭਰੋਸਾ ਦਿੱਤਾ। ਉਨ੍ਹਾਂ ਬੁੱਢਾ ਦਲ ਦੇ ਸਮੁੱਚੇ ਇਤਿਹਾਸ ਬਾਰੇ ਭਾਵਪੂਰਤ ਤਰੀਕੇ ਨਾਲ ਸੰਗਤਾਂ ਨਾਲ ਸਾਂਝ ਪਾਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੰਗਤਾਂ ਨੂੰ ਗੁਰੂ ਸਾਹਿਬਾਨ ਅਤੇ ਬੁੱਢਾ ਦਲ ਦੇ ਮੁੱਖੀ ਸਾਹਿਬਾਨਾਂ ਅਤੇ ਪੁਰਾਤਨ ਸਿੰਘ ਸ਼ਹੀਦਾਂ ਦੇ ਜੰਗੀ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ ਅਤੇ ਸ਼ਸਤਰਾਂ ਦਾ ਇਤਿਹਾਸ ਵੀ ਬਾਬਾ ਬਲਬੀਰ ਸਿੰਘ ਨੇ ਸੰਗਤਾਂ ਨੂੰ ਸਰਵਣ ਕਰਵਾਇਆ। ਇਸ ਸਮੇਂ ਬਾਬਾ ਜਸਵਿੰਦਰ ਸਿੰਘ ਜੱਸੀ, ਬਾਬਾ ਹਰਜੀਤ ਸਿੰਘ ਬਟਾਲਾ, ਬਾਬਾ ਘੱਗਰ ਸਿੰਘ, ਸ. ਪਰਮਿੰਦਰ ਸਿੰਘ ਗੋਲਡੀ, ਸ. ਨਰਿੰਦਰ ਸਿੰਘ ਬਿੱਲਾ, ਸ. ਗੁਰਮੀਤ ਸਿੰਘ ਸੱਲ੍ਹਾਂ, ਸ. ਬਲਦੇਵ ਸਿੰਘ ਸੱਲ੍ਹਾਂ, ਸ. ਸਰਬਜੀਤ ਸਿੰਘ ਸੱਲ੍ਹਾਂ ਆਦਿ ਹਾਜ਼ਰ ਸਨ।

# ਬੁੱਢਾ ਦਲ ਵੱਲੋਂ ਨਿਹੰਗ ਸਿੰਘਾਂ ਦੀ ਛਾਉਣੀ ਅਮਰੀਕਾ ਵਿਖੇ ਸਥਾਪਤ

## *ਬਾਣੀ ਬੋਧ, ਸੰਥਿਆ ਦੇ ਨਾਲ ਨਾਲ ਘੋੜ ਸਵਾਰੀ ਤੇ ਗਤਕਾ ਵੀ ਸਿਖਾਇਆ ਜਾਵੇਗਾ*

ਸ੍ਰੀ ਫਤਿਹਗੜ੍ਹ ਸਾਹਿਬ : ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਸ਼ਹੀਦੀ ਦੀ ਦੂਜੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਜਥੇ: ਜਸਵਿੰਦਰ ਸਿੰਘ ਜੱਸੀ ਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਅਮਰੀਕਾ ਸਥਿਤ ਪਲੇਨਫੀਲਡ ਇੰਡਆਨਾ ਵਿਖੇ ਗੁਰਦੁਆਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਅੱਜ ਖਾਲਸਾਈ ਜਾਹੋ ਜਲਾਲ ਨਾਲ ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਨਿਸ਼ਾਨ ਸਾਹਿਬ ਲਹਿਰਾਉਣ ਉਪਰੰਤ ਗੁਰਦੁਆਰਾ ਸਾਹਿਬ ਦੀ ਮੁਕੰਮਲ ਰੂਪ ਵਿਚ ਰੋਜ਼ਾਨਾ ਦੀ ਮਰਯਾਦਾ ਲਾਗੂ ਹੋ ਗਈ ਹੈ।



ਅਮਰੀਕਾ ਸਥਿਤ ਬੁੱਢਾ ਦਲ ਦੇ ਇੰਚਾਰਜ ਜਥੇ: ਜਸਵਿੰਦਰ ਸਿੰਘ ਜੱਸੀ ਨੇ ਅੱਜ ਏਥੇ ਪ੍ਰੋਗਰਾਮ ਸਬੰਧੀ ਵੇਰਵਾ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨਾਲ ਫੋਨ ਤੇ ਸਾਂਝਾ ਕਰਦਿਆਂ ਦਸਿਆ ਕਿ 22 ਜੂਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ ਦੇ ਪਾਠ ਅਰੰਭ ਹੋਏ ਸਨ ਜਿਨ੍ਹਾਂ ਦੇ ਭੋਗ ਬੀਤੀ ਕੱਲ 24 ਜੂਨ ਨੂੰ ਨਿਹੰਗ ਸਿੰਘਾਂ ਨੇ ਦਲ ਪੰਥ ਦੀ ਮਰਯਾਦਾ ਅਨੁਸਾਰ ਪਾਏ ਗਏ ਉਪਰੰਤ ਵੱਖ-ਵੱਖ ਨਿਹੰਗ ਸਿੰਘਾਂ ਦੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਤੋਂ ਪਹਿਲਾਂ ਸਿੱਖ ਰਹੁਰੀਤਾਂ ਤੇ ਪਰੰਪਰਾਵਾਂ ਤੇ ਮਰਯਾਦਾ ਅਨੁਸਾਰ ਖਾਲਸਾਈ ਜੈਕਾਰਿਆਂ ਨਾਲ ਸ੍ਰੀ ਨਿਸ਼ਾਨ ਸਾਹਿਬ ਲਹਿਰਾਏ ਗਏ।

ਗੁਰਦੁਆਰਾ ਸਾਹਿਬ ਦੇ ਸ਼ੁਭ ਅਰੰਭ ਮੌਕੇ ਗੁ: ਸਾਹਿਬ ਵਿਖੇ ਜੁੜੀਆਂ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਬੁੱਢਾ ਦਲ ਨੇ ਦਲਪੰਥ ਦੇ ਸਮੁੱਚੇ ਇਤਿਹਾਸ ਅਤੇ ਮੁਖੀ ਜਰਨੈਲਾਂ ਦੀ ਮਹਾਨ ਕੁਰਬਾਨੀ ਸਬੰਧੀ ਵਿਸਥਾਰ ਪੂਰਵਕ ਸੰਗਤਾਂ ਨਾਲ ਸਾਂਝ ਪਾਈ ਅਤੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ। ਉਨ੍ਹਾਂ ਕਿਹਾ ਕਿ ਸੈਕਸ਼ਨ ਪਲੇਨਫੀਲਡ ਇੰਡਆਨਾ ਵਿਖੇ ਗੁਰਦੁਆਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਦੀ ਅਰੰਭਤਾ ਨਾਲ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਨਿਹੰਗ ਸਿੰਘਾਂ ਦੀ ਛਾਉਣੀ ਸਥਾਪਤ ਹੋ ਗਈ ਹੈ। ਹੁਣ ਵੱਖ-ਵੱਖ ਦੇਸ਼ਾਂ ਵਿਚ ਬੁੱਢਾ ਦਲ ਦੀਆਂ ਛਾਉਣੀਆਂ ਬਣਾਈਆਂ ਜਾਣਗੀਆਂ। ਇਸ ਧਾਰਮਿਕ ਗੁਰਮਤਿ ਸਮਾਗਮ ਮੌਕੇ ਗਿਆਨੀ ਸ਼ੇਰ ਸਿੰਘ ਅੰਬਾਲੇ ਵਾਲੇ, ਬਾਬਾ ਮਨਮੋਹਣ ਸਿੰਘ ਬਾਰਨ ਵਾਲੇ, ਬਾਬਾ ਹਰਜੀਤ ਸਿੰਘ ਖੰਡਾ ਖੜਕੇਗਾ ਬਟਾਲਾ ਵਾਲਿਆਂ ਨੇ ਦਸਮ ਦੀ ਬਾਣੀ ਦਾ ਕੀਰਤਨ ਕੀਤਾ ਅਤੇ ਨਿਹੰਗ ਸਿੰਘਾਂ ਦੀ ਸਿੱਖ ਇਤਿਹਾਸ ਵਿੱਚ ਭੂਮਿਕਾ ਸਬੰਧੀ ਵੀ ਸੰਗਤਾਂ ਨੂੰ ਚਾਨਣਾ ਪਾਇਆ। ਇਸ ਸਮਾਗਮ ਵਿੱਚ ਸ਼ਿਕਾਗੋ ਤੋਂ ਬਾਬਾ ਦਲਜੀਤ ਸਿੰਘ, ਬਾਬਾ ਮੁਖਤਿਆਰ ਸਿੰਘ, ਜਥੇ: ਰਘਬੀਰ ਸਿੰਘ ਕਨੇਡਾ, ਭਾਈ ਅਮਰੀਕ ਸਿੰਘ ਨਿਹੰਗ ਸਿੰਘ ਅਮਰੀਕਾ, ਬਾਬਾ ਸੁਖਬੀਰ ਸਿੰਘ, ਬਾਬਾ ਗੁਰਮੇਲ ਸਿੰਘ ਕਨੇਡਾ, ਸ. ਗੁਰਮੀਤ ਸਿੰਘ ਸੱਲ੍ਹਾ, ਸ. ਸਰਬਜੀਤ ਸਿੰਘ ਸੱਲ੍ਹਾ, ਸ. ਹਰਪਾਲ ਸਿੰਘ ਢਿੱਲੋਂ, ਸ. ਬਲਦੇਵ ਸਿੰਘ ਸੱਲ੍ਹਾ, ਹੈਰੀ ਘੁੰਮਣ, ਸ. ਹਜ਼ੂਰ ਸਿੰਘ, ਸ. ਪ੍ਰਬੋਧ ਸਿੰਘ, ਸ. ਜਸਮੀਤ ਸਿੰਘ, ਸ. ਕੁਲਦੀਪ ਸਿੰਘ, ਸ. ਸਿਮਰਨ ਸਿੰਘ, ਸ. ਗੁਰਜੰਟ ਸਿੰਘ, ਸ. ਹਰਸਿਮਰਨ ਸਿੰਘ ਬਾਬਾ ਸਤਨਾਮ ਸਿੰਘ ਸਲੂਜਾ ਤੇ ਬੀਬੀ ਪਰਮਜੀਤ ਕੌਰ ਪਿੰਕੀ ਗੁਰੂ ਅੰਗਦ ਦੇਵ ਨਿਵਾਸ ਅੰਮ੍ਰਿਤਸਰ ਤੋਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦਾ ਵੱਖ-ਵੱਖ ਗੁਰਦੁਆਰਾ ਕਮੇਟੀ, ਵੱਖ-ਵੱਖ ਸੰਸਥਾਵਾਂ ਤੇ ਸਿੱਖ ਜਥੇਬੰਦੀਆਂ ਵੱਲੋਂ ਨਿੱਘਾ ਸੁਆਗਤ ਕੀਤਾ ਜਾ ਰਿਹਾ ਹੈ ਅਤੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਲਈ ਸੰਗਤਾਂ ਹੁੰਮਹੁਮਾ ਕੇ ਪੁੱਜ ਰਹੀਆਂ ਹਨ।

# ਨਿਊਯਾਰਕ ਦੀ ਸੰਗਤਾਂ ਨੇ ਹੁੰਮਹੁੰਮਾ ਬੁੱਢਾ ਦਲ ਪਾਸ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕੀਤੇ : ਨਿਹੰਗ ਮੁਖੀ ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ : ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਅਮਰੀਕਾ ਦੀ ਰਾਜਧਾਨੀ ਨਿਊਯਾਰਕ ਵਿਖੇ ਸਿੱਖਾਂ ਦੇ ਕੇਂਦਰੀ ਅਸਥਾਨ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਬੁੱਢਾ ਦਲ ਪਾਸ ਪੁਰਾਤਨ ਇਤਿਹਾਸਕ ਗੁਰੂ ਸਾਹਿਬਾਨ ਅਤੇ ਸਿੱਖ ਜਰਨੈਲਾਂ ਦੇ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ। ਉਨ੍ਹਾਂ ਨੇ ਦਸਿਆ ਕਿ ਬੁੱਢਾ ਦਲ ਪਾਸ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਗੁਰੂ ਮਹਿਲਾਂ, ਸਾਹਿਬਜ਼ਾਦਿਆਂ ਅਤੇ ਬੁੱਢਾ ਦਲ ਦੇ ਪਹਿਲੇ ਮੁਖੀ ਬਾਬਾ ਬਿਨੋਦ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਅਕਾਲੀ ਬਾਬਾ ਫੂਲਾ ਸਿੰਘ ਦੇ ਸ਼ਸਤਰਾਂ ਤੋਂ ਇਲਾਵਾ ਉਹ ਇਤਿਹਾਸਕ ਨਗਾਰਾ ਮੌਜੂਦ ਹੈ ਜਿਸ ਦੀ ਤਾਬਿਆ ਦਿਲੀ ਨੂੰ ਖਾਲਸਾ ਪੰਥ ਨੇ 19 ਵਾਰ ਫਤਿਹ ਕੀਤਾ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀਵੱਲੋਂ ਜਾਰੀ ਇਕ ਲਿਖਤੀ ਬਿਆਨ ਵਿਚ ਦਸਿਆ ਗਿਆ ਕਿ ਅਮਰੀਕਾ ਵਿਚ ਵੱਖ-ਵੱਖ ਗੁਰੂ ਘਰਾਂ ਵਿਚ ਇਨ੍ਹਾਂ ਸ਼ਸਤਰਾਂ ਦੇ ਇਤਿਹਾਸਕ ਪਿਛੋਕੜ ਦੀ ਜਾਣਕਾਰੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨਾਲ ਸਾਂਝੀ ਕੀਤੀ ਹੈ। ਉਨ੍ਹਾਂ ਦਸਿਆ ਕਿ ਦਸਮ ਪਾਤਸ਼ਾਹ ਵੱਲੋਂ ਬੁੱਢਾ ਦਲ ਨੂੰ ਬਖਸ਼ਿਸ਼ ਕੀਤੇ ਇਤਿਹਾਸਕ ਸ਼ਸਤਰ ਪੀੜੀ ਦਰ ਪੀੜੀ ਬੁੱਢਾ ਦਲ ਦੇ ਮੁਖੀ ਇਨ੍ਹਾਂ ਦੀ ਸਾਂਭ ਸੰਭਾਲ ਕਰਦੇ ਆ ਰਹੇ ਹਨ, ਇਨ੍ਹਾਂ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਵੱਖ-ਵੱਖ ਜੋੜ ਮੇਲਿਆਂ ਸਮੇਂ ਕਰਵਾਏ ਜਾਂਦੇ ਹਨ। ਉਨਾਂ ?ਹ ਕਿਹਾ ਪਿਉ ਦਾਦੇ ਦਾ ਅਖੁਟ ਖਜਾਨਾ ਸ਼ਸਤਰ ਸ਼ਾਸਤਰ ਤੇ ਦਰਲੱਭ ਲਿਖਤਾਂ ਨਿਸ਼ਾਨੀਆਂ ਜੋ ਦਲਪੰਥ ਪਾਸ ਮੌਜੂਦ ਹਨ ਜੋ ਇਤਿਹਾਸ ਦੀ ਉਹ ਕੜੀ ਹਨ ਜੋ ਬੁੱਢਾ ਦਲ ਨੂੰ ਸ਼੍ਰੋਮਣੀ ਪੰਥ ਦੀ ਪ੍ਰਮਾਣਿਕਤਾ ਬਖਸ਼ਦੀਆਂ ਹਨ। ਉਨ੍ਹਾਂ ਦਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਸ. ਭੁਪਿੰਦਰ ਸਿੰਘ ਬੋਪਾਰਾਏ, ਸ. ਜਰਨੈਲ ਸਿੰਘ ਗਿਲਚੀਆ, ਗਿਆਨੀ ਭੁਪਿੰਦਰ ਸਿੰਘ, ਸ. ਹਰਬੰਸ ਸਿੰਘ ਢਿੱਲੋਂ, ਬਾਬਾ ਦਲਬਾਗ ਸਿੰਘ, ਸ. ਅਮਰੀਕ ਸਿੰਘ ਪਹੋਵਾ, ਸ. ਸੰਦੀਪ ਸਿੰਘ ਤੇ ਹੋਰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ। ਬਾਬਾ ਬਲਬੀਰ ਸਿੰਘ ਨੇ ਆਪਣੇ ਜਥੇ ਸਮੇਤ ਗੁਰਦੁਆਰਾ ਬਾਬਾ ਦੀਪ ਸਿੰਘ ਨਿਊਯਾਰਕ ਵਿਖੇ ਵੀ ਸੰਗਤਾਂ ਦੇ ਦਰਸ਼ਨ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ ਪ੍ਰੋ: ਮਨਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਮਨਮੋਹਣ ਸਿੰਘ ਬਾਰਨਵਾਲੇ, ਬਾਬਾ ਜਸਵਿੰਦਰ ਸਿੰਘ ਜੱਸੀ, ਬਾਬਾ ਹਰਜੀਤ ਸਿੰਘ ਯੂ.ਕੇ ਹਾਜ਼ਰ ਸਨ।

# ਪੰਜਾਬ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜ ਵਿਚ ਦਖਲਅੰਦਾਜ਼ੀ ਕਰਨਾ ਬੰਦ ਕਰੇ : ਪਰਮਜੀਤ ਸਿੰਘ ਸਰਨਾ


ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਆਪਣੇ ਹੋਛੇਪਣ ਦਾ ਦਿਖਾਵਾ ਕਰਦੇ ਹੋਏ ਜਾਣਬੁਝ ਕੇ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਰ ਰਹੀ ਹੈ।

ਇੱਥੇ ਜਾਰੀ ਇੱਕ ਬਿਆਨ ਵਿਚ ਸਰਦਾਰ ਸਰਨਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਪੰਥ ਦੀਆਂ ਸਿਰਮੌਰ ਜੱਥੇਬੰਦੀਆਂ ਹਨ ਲੇਕਿਨ ਪੰਜਾਬ ਸਰਕਾਰ ਸਿੱਖ ਵਿਰੋਧੀ ਮਾਨਸਿਕਤਾ ਨਾਲ ਕੰਮ ਕਰ ਰਹੀ ਹੈ ਇਸ ਲਈ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਸੰਬੰਧ ਵਿਚ ਜੋ ਬਿਆਨ ਆਇਆ ਹੈ ਉਹ ਨਿੰਦਣਯੋਗ ਹੈ। ਗੁਰੂ ਸਾਹਿਬਾਨ ਨੇ ਸਿੱਖ ਕੌਮ ਨੂੰ ਮੀਰੀ-ਪੀਰੀ ਦਾ ਸਿਧਾਂਤ ਬਖ਼ਸ਼ਿਆ ਹੈ ਅਤੇ ਸ਼੍ਰੋਮਣੀ ਕਮੇਟੀ ਇਸੇ ’ਤੇ ਡਟ ਕੇ ਪਹਿਰਾ ਦਿੰਦੇ ਹੋਏ ਸਿੱਖ ਕੌਮ ਦੇ ਮਸਲਿਆਂ ਨੂੰ ਚੁਕਦੀ ਹੈ ਅਤੇ ਰਾਜਨੀਤਕ ਮਾਮਲਿਆਂ ’ਚ ਵੀ ਕਮੇਟੀ ਨੇ ਲਗਾਤਾਰ ਪੈਰਵੀ ਕੀਤੀ ਹੈ।



# ਸਿਆਸੀ ਰੋਸਾ: ਰਾਜਪਾਲ ਵੱਲੋਂ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਬੰਦ..!

## ਆਮ ਫਲਾਈਟ ਵਿੱਚ ਸ੍ਰੀਨਗਰ ਦਾ ਦੌਰਾ ਕਰਕੇ ਆਏ ਰਾਜਪਾਲ



ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਸਰਕਾਰ ਦਾ ਹੈਲੀਕਾਪਟਰ ਵਰਤਣਾ ਬੰਦ ਕਰ ਦਿੱਤਾ ਹੈ। ਰਾਜਪਾਲ ਪੁਰੋਹਿਤ ਪ੍ਰਾਈਵੇਟ ਹਵਾਈ ਕੰਪਨੀ ਦੀ ਆਮ ਫਲਾਈਟ 'ਤੇ ਸ੍ਰੀਨਗਰ ਦਾ ਦੌਰਾ ਕਰ ਕੇ ਆਏ ਹਨ। ਚੇਤੇ ਰਹੇ ਕਿ ਰਾਜਪਾਲ ਨੇ 21 ਜੂਨ ਨੂੰ ਐਲਾਨ ਕੀਤਾ ਸੀ ਕਿ ਉਹ ਪੰਜਾਬ ਸਰਕਾਰ ਦਾ ਹੈਲੀਕਾਪਟਰ ਨਹੀਂ ਵਰਤਣਗੇ। ਰਾਜਪਾਲ ਅੱਜ ਸਵੇਰੇ ਹੀ ਸ੍ਰੀਨਗਰ ਤੋਂ ਚੰਡੀਗੜ੍ਹ ਪਰਤੇ ਹਨ। ਐਤਵਾਰ ਨੂੰ ਰਾਜਪਾਲ ਪੁਰੋਹਿਤ ਨੇ ਸ੍ਰੀਨਗਰ ਵਿੱਚ ਕਲਚਰਲ ਫ਼ੈਸਟੀਵਲ 'ਚ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕੀਤੀ।

ਇਹ ਪਹਿਲਾ ਮੌਕਾ ਹੋਵੇਗਾ ਕਿ ਜਦੋਂ ਰਾਜਪਾਲ ਨੇ ਹਵਾਈ ਸਫ਼ਰ ਲਈ ਪੰਜਾਬ ਸਰਕਾਰ ਦੀ ਮਦਦ ਨਹੀਂ ਲਈ ਹੈ। ਸੂਤਰ ਦੱਸਦੇ ਹਨ ਕਿ ਪਹਿਲਾਂ ਜਦੋਂ ਵੀ ਰਾਜਪਾਲ ਨੇ ਸੂਬਾ ਸਰਕਾਰ ਤੋਂ ਹੈਲੀਕਾਪਟਰ ਦੀ ਮੰਗ ਕੀਤੀ ਤਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਹੈਲੀਕਾਪਟਰ ਮੁਹੱਈਆ ਕਰਵਾਇਆ ਜਾਂਦਾ ਰਿਹਾ ਹੈ। ਇੱਥੋਂ ਤੱਕ ਕਿ ਪੰਜਾਬ ਸਰਕਾਰ ਨੇ ਕਈ ਮੌਕਿਆਂ 'ਤੇ ਰਾਜਪਾਲ ਨੂੰ ਹੈਲੀਕਾਪਟਰ ਦੇਣ ਲਈ ਤਰਜੀਹ ਦਿੱਤੀ। ਰਾਜਪਾਲ ਵੱਲੋਂ ਸਰਹੱਦੀ ਜ਼ਿਲ੍ਹਿਆਂ ਦੇ ਦੌਰਿਆਂ ਮੌਕੇ ਵੀ ਹੈਲੀਕਾਪਟਰ ਵਰਤਿਆ ਜਾਂਦਾ ਰਿਹਾ ਹੈ। ਪਹਿਲੇ ਸਰਹੱਦੀ ਦੌਰੇ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਤੇ ਰਾਜਪਾਲ ਪੁਰੋਹਿਤ ਨੇ ਇਕੱਠਾ ਹਵਾਈ ਸਫ਼ਰ ਵੀ ਕੀਤਾ ਸੀ।

ਪੰਜਾਬ ਦੇ ਰਾਜਪਾਲ 'ਨੌਰਥ ਜ਼ੋਨ ਕਲਚਰ ਸੈਂਟਰ' ਦੇ ਚੇਅਰਮੈਨ ਵੀ ਹਨ ਅਤੇ ਉਨ੍ਹਾਂ ਨੇ ਸ੍ਰੀਨਗਰ ਵਿਚ ਚੱਲ ਰਹੇ 'ਕਲਚਰਲ ਫ਼ੈਸਟੀਵਲ' ਦੇ ਐਤਵਾਰ ਨੂੰ ਹੋਏ ਸਮਾਪਤੀ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕੀਤੀ। ਤਾਮਿਲ ਨਾਡੂ ਦੇ ਰਾਜਪਾਲ ਵੀ ਇਨ੍ਹਾਂ ਸਮਾਗਮਾਂ ਵਿਚ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਸੂਤਰਾਂ ਅਨੁਸਾਰ ਰਾਜਪਾਲ ਪੁਰੋਹਿਤ ਮੁਹਾਲੀ ਹਵਾਈ ਅੱਡੇ ਤੋਂ ਰੋਜ਼ਾਨਾ ਜਾਣ ਵਾਲੀ ਏਅਰਲਾਈਨ 'ਤੇ ਸ੍ਰੀਨਗਰ ਲਈ ਰਵਾਨਾ ਹੋਏ ਸਨ ਅਤੇ ਅੱਜ ਵਾਪਸ ਪਰਤੇ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ ਦੇ ਲੰਘੇ ਦੋ ਦਿਨਾਂ ਵਿਸ਼ੇਸ਼ ਸੈਸ਼ਨ ਦੌਰਾਨ ਕਿਹਾ ਸੀ ਕਿ ਰਾਜਪਾਲ ਉਨ੍ਹਾਂ ਦਾ ਹੈਲੀਕਾਪਟਰ ਵੀ ਵਰਤਦੇ ਹਨ ਅਤੇ ਉਨ੍ਹਾਂ ਨੂੰ ਗਾਲ੍ਹਾਂ ਵੀ ਕੱਢਦੇ ਹਨ। ਇਸ ਦੇ ਰੋਸ ਵਜੋਂ ਰਾਜਪਾਲ ਨੇ ਸਰਕਾਰੀ ਹੈਲੀਕਾਪਟਰ ਨਾ ਵਰਤਣ ਦਾ ਫ਼ੈਸਲਾ ਕੀਤਾ ਸੀ। ਚੇਤੇ ਰਹੇ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਪਿਛਲੇ ਹਫ਼ਤੇ ਸ੍ਰੀਨਗਰ ਦੇ ਦੋ ਦਿਨਾਂ ਦੌਰੇ 'ਤੇ ਸਨ। ਸੂਤਰ ਆਖਦੇ ਹਨ ਕਿ ਆਉਂਦੇ ਦਿਨਾਂ ਵਿਚ ਪੰਜਾਬ ਦੇ ਦੌਰੇ ਵੀ ਰਾਜਪਾਲ ਸੜਕੀ ਰਸਤੇ ਹੀ ਕਰਨਗੇ। ਰਾਜਪਾਲ ਨੇ ਕਿਹਾ ਸੀ ਕਿ ਉਹ ਜਦੋਂ ਸੜਕੀ ਰਸਤੇ ਦੌਰੇ ਕਰਨਗੇ ਤਾਂ ਉਨ੍ਹਾਂ ਨੂੰ ਲੋਕਾਂ ਨੂੰ ਹੋਰ ਨੇੜਿਓਂ ਜਾਣਨ ਦਾ ਮੌਕਾ ਮਿਲੇਗਾ।

# ਸਬਕ ਸਿੱਖਣ ਦੀ ਲੋੜ



ਸੈਂਕੜੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਵੀਜ਼ਾ ਲੈਣ ਲਈ ਦਾਖਲੇ ਦੇ ਜਾਅਲੀ ਦਸਤਾਵੇਜ਼ਾਂ ਨਾਲ ਠੱਗਣ ਦੇ ਦੋਸ਼ਾਂ ਤਹਿਤ ਜਲੰਧਰ ਦੇ ਟਰੈਵਲ ਏਜੰਟ ਬ੍ਰਿਜੇਸ਼ ਮਿਸ਼ਰਾ ਨੂੰ ਕੈਨੇਡਾ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਇਹ ਇਸ ਮਾਮਲੇ ਵਿਚ ਨਵਾਂ ਮੋੜ ਹੈ। ਬ੍ਰਿਜੇਸ਼ ਮਿਸ਼ਰਾ ਨੂੰ ਭਾਰਤ ਵਾਪਸ ਲਿਆ ਕੇ ਉਸ 'ਤੇ ਮੁਕੱਦਮਾ ਚਲਾਉਣ ਦੀ ਚਾਰਾਜੋਈ ਗ਼ਲਤ ਢੰਗ ਨਾਲ ਵਿਦੇਸ਼ ਭੇਜਣ ਦਾ ਝਾਂਸਾ ਦੇਣ ਵਾਲੇ ਹੋਰ ਏਜੰਟਾਂ ਤੇ ਸਿੱਖਿਆ ਸਲਾਹਕਾਰਾਂ ਲਈ ਸਖ਼ਤ ਸੁਨੇਹਾ ਹੈ। ਗ਼ੈਰ-ਕਾਨੂੰਨੀ ਢੰਗ ਨਾਲ ਕੈਨੇਡਾ ਵੜਨ ਅਤੇ ਵੀਜ਼ਾ ਘੁਟਾਲੇ 'ਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਮਿਸ਼ਰਾ ਖਿਲਾਫ਼ ਜਲੰਧਰ ਵਿਖੇ 17 ਮਾਰਚ ਨੂੰ ਕੇਸ ਦਰਜ ਹੋਣ ਕਾਰਨ ਲੁਕਆਊਟ ਸਰਕੂਲਰ ਵੀ ਜਾਰੀ ਹੋਇਆ। ਵੱਡੇ ਵਿਰੋਧ ਪ੍ਰਦਰਸ਼ਨਾਂ ਅਤੇ ਭਾਰਤ ਤੇ ਪੰਜਾਬ ਸਰਕਾਰ ਦੇ ਦਖ਼ਲ ਮਗਰੋਂ ਕੈਨੇਡਾ ਸਰਕਾਰ ਨੇ ਵਿਦਿਆਰਥੀਆਂ ਨੂੰ ਵਾਪਸ ਭੇਜਣ ਸਬੰਧੀ ਨੋਟਿਸ ਰੋਕ ਲਏ ਹਨ ਤੇ ਉਨ੍ਹਾਂ ਨੂੰ ਧੋਖਾਧੜੀ ਦੇ ਸ਼ਿਕਾਰ ਆਖਦਿਆਂ ਜਾਂਚ ਲਈ ਕਮੇਟੀ ਬਣਾ ਦਿੱਤੀ ਹੈ। ਲੋਕਾਂ ਨਾਲ ਧੋਖਾ ਕਰਨ ਵਾਲੇ ਗਠਜੋੜ ਨੂੰ ਬੇਪਰਦ ਕਰਨਾ ਲਾਜ਼ਮੀ ਹੈ। ਪਰਵਾਸ ਪੰਜਾਬੀਆਂ ਦੀ ਜ਼ਿੰਦਗੀ ਦੀ ਅਜਿਹੀ ਸਚਾਈ ਬਣ ਚੁੱਕਿਆ ਹੈ ਜਿਸ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਇਸ ਲਈ ਇਸ ਨੂੰ ਨਿਯਮਤ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ।

ਪ੍ਰਭਾਵਿਤ ਹੋਏ ਜ਼ਿਆਦਾਤਰ ਵਿਦਿਆਰਥੀ 2017 ਤੋਂ 2019 ਦਰਮਿਆਨ ਕੈਨੇਡਾ ਪੁੱਜੇ ਸਨ। ਪੱਕੇ ਤੌਰ 'ਤੇ ਰਹਿਣ (ਪੀਆਰ) ਲਈ ਉਨ੍ਹਾਂ ਦੀਆਂ ਅਰਜ਼ੀਆਂ ਦੀ ਘੋਖ-ਪੜਤਾਲ ਸਮੇਂ ਪਤਾ ਲੱਗਿਆ ਕਿ ਉਹ ਜਾਅਲੀ ਕਾਗਜ਼ਾਤ ਪੇਸ਼ ਕਰ ਕੇ ਕੈਨੇਡਾ 'ਚ ਦਾਖ਼ਲ ਹੋਏ ਸਨ। ਇਸ ਘੁਟਾਲੇ ਤੋਂ ਸਿੱਖੇ ਸਬਕਾਂ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ। ਰੈਗੂਲੇਟਰੀ ਪ੍ਰਕਿਰਿਆ ਦੀ ਸਖ਼ਤ ਪੜਚੋਲ ਹੀ ਇਸ ਦਾ ਹੱਲ ਹੋਵੇਗੀ। ਇਹ ਮੰਗ ਵੀ ਉੱਠ ਰਹੀ ਹੈ ਕਿ ਹਰ ਸੰਭਾਵੀ ਕੌਮਾਂਤਰੀ ਵਿਦਿਆਰਥੀ ਨੂੰ ਵਿਸਤਾਰ ਸਹਿਤ ਅਗਵਾਈ ਦੇਣਾ ਕਾਲਜਾਂ ਲਈ ਲਾਜ਼ਮੀ ਬਣਾਇਆ ਜਾਵੇ ਕਿਉਂਕਿ ਉਨ੍ਹਾਂ ਨੇ ਸਥਾਨਕ ਵਿਦਿਆਰਥੀਆਂ ਨਾਲੋਂ ਕਿਤੇ ਜ਼ਿਆਦਾ ਫੀਸ ਭਰਨੀ ਹੁੰਦੀ ਹੈ। ਅਜੋਕੇ ਡਿਜੀਟਲ ਯੁੱਗ 'ਚ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਇਹ ਬਹਾਨਾ ਨਹੀਂ ਬਣਾ ਸਕਦੇ ਕਿ ਉਨ੍ਹਾਂ ਨੇ ਮੁੱਢਲੀ ਛਾਣਬੀਣ ਨਹੀਂ ਕੀਤੀ ਜਾਂ ਫੀਸ ਵਜੋਂ ਵੱਡੀਆਂ ਰਕਮਾਂ ਤਾਰਨ ਵੇਲੇ ਵਿਦਿਅਕ ਅਦਾਰਿਆਂ ਨਾਲ ਸੰਪਰਕ ਨਹੀਂ ਕੀਤਾ। ਬ੍ਰਿਜੇਸ਼ ਮਿਸ਼ਰਾ ਜਿਹਾ ਕੋਈ ਮਾਮਲਾ ਸਾਹਮਣੇ ਆਉਣ 'ਤੇ ਕਾਰਵਾਈ ਕਰਨਾ ਤਸਵੀਰ ਦਾ ਇਕ ਪਾਸਾ ਹੈ। ਚਾਹੀਦਾ ਇਹ ਹੈ ਕਿ ਪਰਵਾਸ ਲਈ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ। ਵੱਖ ਵੱਖ ਅਨੁਮਾਨਾਂ ਅਨੁਸਾਰ ਪੰਜਾਬ ਤੋਂ ਹਰ ਸਾਲ ਵਿਦੇਸ਼ਾਂ 'ਚ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਇਕ ਲੱਖ ਦੇ ਨਜ਼ਦੀਕ ਪਹੁੰਚ ਰਹੀ ਹੈ। ਇਸ ਸਮੇਂ ਕੈਨੇਡਾ 'ਚ 3 ਲੱਖ ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ; ਇਨ੍ਹਾਂ ਵਿਚੋਂ 65-70% ਪੰਜਾਬੀ ਹਨ। ਪੰਜਾਬ ਦੇ ਲੱਖਾਂ ਪਰਿਵਾਰ ਦੋ ਤੋਂ ਚਾਰ ਸਾਲ ਤਕ ਕਰੋੜਾਂ ਰੁਪਏ ਵਿਦੇਸ਼ ਭੇਜਦੇ ਹਨ। ਵਿਦੇਸ਼ੀ ਵਿਦਿਆਰਥੀਆਂ ਦੀ ਪੜ੍ਹਾਈ ਕੈਨੇਡਾ ਸਰਕਾਰ ਦੀ ਆਰਥਿਕ ਨੀਤੀ ਦਾ ਮੁੱਖ ਹਿੱਸਾ ਹੈ। ਅਜਿਹੇ ਹਾਲਾਤ 'ਚ ਕੈਨੇਡਾ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਹਰ ਵਿਦਿਆਰਥੀ ਦੇ ਕਾਗਜ਼ਾਤ ਦੀ ਘੋਖ ਉਸ ਦੇ ਕੈਨੇਡਾ ਦਾਖ਼ਲ ਹੋਣ ਸਮੇਂ ਕਰੇ ਕਿਉਂਕਿ ਉਸ ਵਿਦਿਆਰਥੀ ਨੇ ਕਈ ਸਾਲ ਕੈਨੇਡਾ 'ਚ ਰਹਿਣਾ ਅਤੇ ਪੈਸੇ ਖਰਚ ਕੇ ਪੜ੍ਹਾਈ ਕਰਨੀ ਹੁੰਦੀ ਹੈ।

# ਗਿਆਨੀ ਸੁਲਤਾਨ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਦਾ ਅਹੁਦਾ ਸੰਭਾਲਿਆ

## ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲਅੰਦਾਜ਼ੀ ਕਰ ਰਹੀ ਹੈ ਸਰਕਾਰ: ਧਾਮੀ




ਸ੍ਰੀ ਆਨੰਦਪੁਰ ਸਾਹਿਬ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਅੱਜ ਪੰਥਕ ਰਵਾਇਤਾਂ ਅਨੁਸਾਰ ਜਥੇਦਾਰ ਵਜੋਂ ਸੇਵਾ ਸੰਭਾਲ ਲਈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਏ ਸੇਵਾ ਸੰਭਾਲ ਸਮਾਗਮ ਮੌਕੇ ਸਕੱਤਰ ਪ੍ਰਤਾਪ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ 16 ਜੂਨ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦਾ ਮਤਾ ਪੜ੍ਹ ਕੇ ਸੁਣਾਇਆ। ਇਸ ਉਪਰੰਤ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਗਿਆਨੀ ਸੁਲਤਾਨ ਸਿੰਘ ਦੇ ਨਾਮ ਦਾ ਐਲਾਨ ਕੀਤਾ ਜਿਸ ਨੂੰ ਪੰਥਕ ਸ਼ਖ਼ਸੀਅਤਾਂ ਅਤੇ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਬਾਬਾ ਮਲੂਕ ਸਿੰਘ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਆਦਿ ਨੇ ਜਥੇਦਾਰ ਸੁਲਤਾਨ ਸਿੰਘ ਨੂੰ ਦਸਤਾਰਾਂ ਤੇ ਸਿਰੋਪਾਓ ਭੇਟ ਕੀਤੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਮੌਜੂਦਾ ਸਮਾਂ ਚੁਣੌਤੀਆਂ ਭਰਿਆ ਹੈ ਜਦੋਂ ਸਰਕਾਰਾਂ ਸਿੱਖ ਸੰਸਥਾਵਾਂ ਵਿਚ ਘੁਸਪੈਠ ਕਰ ਕੇ ਭਰਾ ਮਾਰੂ ਜੰਗ ਕਰਵਾਉਣ ਦੇ ਰਾਹ ਤੁਰੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ 103 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਸਰਕਾਰ ਨੇ ਇਸ ਤਰੀਕੇ ਨਾਲ ਦਖਲਅੰਦਾਜ਼ੀ ਕੀਤੀ ਹੈ ਜਿਸ ਨੂੰ ਖ਼ਾਲਸਾ ਪੰਥ ਕਦੇ ਵੀ ਪ੍ਰਵਾਨ ਨਹੀਂ ਕਰੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅੱਜ ਸੰਗਤ ਤੇ ਖ਼ਾਸਕਰ ਨੌਜਵਾਨੀ ਨੂੰ ਗੁਰਮਤਿ ਨਾਲ ਜੋੜਨ ਦਾ ਸਮਾਂ ਹੈ। ਉਨ੍ਹਾਂ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਆਪ ਅਗਵਾਈ ਕਰਦਿਆਂ ਸੰਗਤ ਨੂੰ ਗੁਰੂ ਘਰ ਨਾਲ ਜੋੜਨ। ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਉਹ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ।

# ਖੇਤੀਬਾੜੀ ਮੰਤਰੀ ਨੇ ਗੁਰੂ ਨਾਨਕ ਬਿਰਧ ਆਸ਼ਰਮ ਦੇਹਰੀਵਾਲ ਦੇ ਸਥਾਪਨਾ ਦਿਵਸ ਸਮਾਗਮ ਵਿਚ ਕੀਤੀ ਸ਼ਿਰਕਤ



ਟਾਂਡਾ ਉੜਮੁੜ, (ਰਵਿੰਦਰ ਸਿੰਘ) : ਖੇਤੀ ਦੀ ਪ੍ਰਫੁੱਲਿਤਾ ਅਤੇ ਕਿਸਾਨਾਂ ਦੀ ਖੁਸ਼ਹਾਲੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ। ਇਹ ਪ੍ਰਗਟਾਵਾ ਖੇਤੀਬਾੜੀ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਟਾਂਡਾ ਨੇੜੇ ਗੁਰੂ ਨਾਨਕ ਬਿਰਧ ਆਸ਼ਰਮ ਦੇਹਰੀਵਾਲ ਵਿਖੇ ਆਸ਼ਰਮ ਦੇ 4 ਸਾਲਾ ਸਥਾਪਨਾ ਦਿਵਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਵਲੋਂ ਉਨ੍ਹਾਂ ਨੂੰ ਖੇਤੀਬਾੜੀ ਦੇ ਅਹਿਮ ਮਹਿਕਮੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਉਹ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਨਾਲ ਕਿਸਾਨਾਂ ਤੋਂ ਇਲਾਵਾ ਮਜ਼ਦੂਰ ਅਤੇ ਆੜ੍ਹਤੀਏ ਵੀ ਜੁੜੇ ਹੋਏ ਹਨ, ਜਿਨ੍ਹਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਫੂਡ ਪ੍ਰੋਸੈਸਿੰਗ ਦੇ ਛੋਟੇ-ਛੋਟੇ ਯੂਨਿਟ ਸਥਾਪਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਖੇਤੀ ਨਾਲ ਜੁੜੇ ਸਹਾਇਕ ਧੰਦਿਆਂ ਜਿਵੇਂ ਕਿ ਡੇਅਰੀ ਫਾਰਮਿੰਗ ਅਤੇ ਮੱਛੀ ਪਾਲਣ ਆਦਿ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਘੱਟ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਸਰਕਾਰੀ ਸਕੀਮਾਂ ਦਾ ਜ਼ਮੀਨੀ ਪੱਧਰ 'ਤੇ ਲਾਭ ਦੇਣ ਲਈ ਵੱਡੀ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਗੁਰੂ ਨਾਨਕ ਬਿਰਧ ਆਸ਼ਰਮ ਦੇਹਰੀਵਾਲ ਦੇ ਪ੍ਰਬੰਧਕ ਪੱਡਾ ਪਰਿਵਾਰ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਪਰਿਵਾਰ ਵਲੋਂ ਬਜ਼ੁਰਗਾਂ ਅਤੇ ਨਿਆਸਰਿਆਂ ਲਈ ਕੀਤੀ ਜਾ ਰਹੀ ਸੇਵਾ ਬੇਹੱਦ ਅਹਿਮ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਨੂੰ ਇਥੇ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਅਤੇ ਆਪਣੇ ਸਮਝ ਕੇ ਦਿੱਤਾ ਜਾ ਰਿਹਾ ਪਿਆਰ ਆਪਣੇ-ਆਪ ਵਿਚ ਇਕ ਮਿਸਾਲ ਹੈ। ਉਨ੍ਹਾਂ ਇਸ ਕੰਮ ਲਈ ਕੈਨੇਡਾ ਰਹਿੰਦੇ ਪੱਡਾ ਪਰਿਵਾਰ ਦੇ ਸੁਖਮਿੰਦਰ ਸਿੰਘ ਪੱਡਾ, ਹਰਜਿੰਦਰ ਸਿੰਘ ਪੱਡਾ ਅਤੇ ਜਵਾਹਰ ਸਿੰਘ ਪੱਡਾ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਦੌਰਾਨ ਆਸ਼ਰਮ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਜਸਵੀਰ ਸਿੰਘ ਰਾਜਾ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਅਤੇ ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ, ਗੁਰੂ ਨਾਨਕ ਬਿਰਧ ਆਸ਼ਰਮ ਦੇ ਮੁੱਖ ਪ੍ਰਬੰਧਕ ਹਰਜਿੰਦਰ ਸਿੰਘ ਪੱਡਾ, ਡਾ. ਕੇਵਲ ਸਿੰਘ ਕਾਜਲ, ਡੀ.ਐਸ.ਪੀ ਕੁਲਵੰਤ ਸਿੰਘ, ਤਹਿਸੀਲਦਾਰ ਮਨਬੀਰ ਸਿੰਘ ਢਿੱਲੋਂ, ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੇਵ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਹਰੂਨ ਰਤਨ, ਖੇਤੀਬਾੜੀ ਵਿਕਾਸ ਅਫ਼ਸਰ ਡਾ. ਕਿਰਨਦੀਪ ਸਿੰਘ, ਡਾ. ਲਵਪ੍ਰੀਤ ਸਿੰਘ ਪਾਬਲਾ, ਸਰਪੰਚ ਹਰਦਿਆਲ ਸਿੰਘ, ਸਾਬਕਾ ਸਰਪੰਚ ਹਰਵਿੰਦਰ ਸਿੰਘ, ਮਨਜੋਤ ਸਿੰਘ ਤਲਵੰਡੀ, ਜਵਾਹਰ ਖੁਰਾਣਾ, ਗੁਰਵੀਰ ਚੌਟਾਲਾ, ਦਵਿੰਦਰ ਸਿੰਘ ਮੂਨਕ, ਸੁਧੀਰ ਸੋਂਧੀ, ਹਰਵਿੰਦਰ ਓਹੜਪੁਰੀ, ਨੰਬਰਦਾਰ ਮਨਪ੍ਰੀਤ ਸਿੰਘ, ਪਰਮਜੀਤ ਸਿੰਘ ਦੇਹਰੀਵਾਲ, ਸੁਖਵੀਰ ਸਿੰਘ ਚੌਹਾਨ, ਕਰਨੈਲ ਸਿੰਘ ਮਾਲਵਾ, ਡਾ. ਰਣਜੀਤ ਸਿੰਘ ਤੋਂ ਇਲਾਵਾ ਇਲਾਕੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

# ਪਿੰਡ ਢਡਿਆਲਾ ਦੀ ਪੰਚਾਇਤ ਨੂੰ ਸੋਲਰ ਲਾਈਟਾਂ ਲਈ ਚੈੱਕ ਭੇਟ



ਟਾਂਡਾ ਉੜਮੁੜ, (ਰਵਿੰਦਰ ਸਿੰਘ) : ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਸਰਪ੍ਰਸਤੀ ਹੇਠ ਵੱਖ-ਵੱਖ ਪਿੰਡਾਂ ਵਿਚ ਵਿਕਾਸ ਕਾਰਜ ਜ਼ੋਰਾਂ ਨਾਲ ਚੱਲ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇੱਥੇ ਪਿੰਡ ਢਡਿਆਲਾ ਦੀ ਪੰਚਾਇਤ ਨੂੰ ਚੈਕ ਭੇਟ ਕਰਨ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਨੇ ਪੱਤਰਕਾਰਾਂ ਨਾਲ ਕੀਤਾ। ਅੱਜ ਪਿੰਡ ਦੀ ਪੰਚਾਇਤ ਨੂੰ ਸੋਲਰ ਲਾਈਟਾਂ ਵਾਸਤੇ 168000 ਦਾ ਚੈੱਕ ਦਿੱਤਾ ਗਿਆ ਤਾਂ ਜੋ ਪਿੰਡ ਦੀਆਂ ਗਲੀਆਂ ਵਿੱਚ ਲਾਈਟਾਂ ਲਗਾਇਆ ਜਾ ਸਕਣ। ਇਸ ਮੌਕੇ ਹਾਜ਼ਰ ਹੈ ਸੁਖਵਿੰਦਰ ਸਿੰਘ ਅਰੋੜਾ ਅਤੇ ਰਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਤੇ ਬੀਤੇ ਸੱਤ ਸਾਲਾਂ ਦੌਰਾਨ ਰਾਜਨੀਤਕ ਪਾਰਟੀਆਂ ਨੇ ਲੋਕਾਂ ਨੂੰ ਕੇਵਲ ਗਲੀਆਂ ਨਾਲੀਆਂ ਦੀ ਸਿਆਸਤ ਵਿੱਚ ਹੀ ਉਲਝਾਈ ਰੱਖਿਆ ਅਤੇ ਸਹੀ ਢੰਗ ਨਾਲ ਵਿਕਾਸ ਕਾਰਜ ਨਹੀਂ ਹੋਏ ਪ੍ਰੰਤੂ ਭਗਵੰਤ ਮਾਨ ਦੀ ਸਰਕਾਰ ਬਣਦੇ ਸਾਰ ਹੀ ਵਿਕਾਸ ਕਾਰਜਾਂ ਵਿੱਚ ਤੇਜ਼ੀ ਆਈ ਹੈ ਜਿਸ ਕਾਰਨ ਹਰ ਵਿਅਕਤੀ ਅੱਜ ਆਮ ਆਦਮੀ ਪਾਰਟੀ ਦੀ ਪ੍ਰਸੰਸਾ ਕਰ ਰਿਹਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਨੇ ਕੇਵਲ ਇੱਕ ਸਾਲ ਦੇ ਸਮੇਂ ਦੌਰਾਨ ਹੀ ਜੋ ਕੁੱਝ ਕਰ ਵਿਖਾਇਆ ਜੋ ਬੀਤੀਆਂ ਸਰਕਾਰਾਂ ਨੇ ਪੰਜਾਹ ਸਾਲਾਂ ਵਿੱਚ ਨਹੀਂ ਕੀਤਾ। ਚੈੱਕ ਭੇਟ ਕਰਨ ਵੇਲੇ ਮਾਸਟਰ ਕੂੜਾ ਰਾਮ ਸਰਪੰਚ ਢਡਿਆਲਾ ਨੰਬਰਦਾਰ ਚਰਨ ਦਾਸ, ਜੰਗ ਬਹਾਦਰ ਸਿੰਘ, ਜਸਵਿੰਦਰ ਸਿੰਘ ਪੰਚ, ਸੁਰਿੰਦਰ ਸਿੰਘ ਬਿੱਲੂ ਐਮ ਸੀ, ਮਨੀਪਾਲ ਸਿੰਘ, ਗੁੱਡੂ ਮਰਵਾਹਾ, ਕਮਲ ਤੀਰ, ਹਰਵਿੰਦਰ ਸਿੰਘ ਕਲੋਟੀ, ਕੁਲਵੰਤ ਮਾਰਸ਼ਲ, ਅਨਿਲ ਗੋਰਾ, ਕਮਲ ਸੈਣੀ, ਰਾਜਨ ਸੋਂਧੀ, ਗੁਰਪ੍ਰੀਤ ਸਿੰਘ, ਲੇਖ ਰਾਜ ਹਾਜ਼ਰ ਸਨ।

# ਯੂਬਾ ਸਿਟੀ-ਸਿਟੀ ਕੌਂਸਲ ਅਤੇ ਸਟਰ ਕਾਂਉਂਟੀ ਸਮੂਹ ਭਾਰਤੀ ਭਾਈਚਾਰੇ ਦੇ ਨਾਲ SB- 403 ਬਿੱਲ ਦੇ ਵਿਰੋਧ ਵਿਚ ਨਿੱਤਰੀ








ਯੂਬਾ ਸਿਟੀ ਕੈਲੀਫੋਰਨੀਆ : 20 ਜੂਨ ਨੂੰ ਯੂਬਾ ਸਿਟੀ-ਸਿਟੀ ਕੌਂਸਲ ਦੀ ਮੀਟਿੰਗ ਹੋਈ ਜਿਸ ਵਿਚ ਸਾਰੇ ਹੀ ਸਿਟੀ ਕੌਂਸਲ ਮੈਂਬਰਾਂ ਸਮੇਤ ਸਿਟੀ ਦੇ ਮੇਅਰ ਵੇਡ ਕਰਚਨਰ (Wade Kirchner) ਨੇ SB- 403 ਬਿੱਲ ਦਾ ਵਿਰੋਧ ਕੀਤਾ।

ਸੈਨੇਟ ਬਿੱਲ SB- 403 ਬਾਰੇ ਪਹਿਲਾਂ ਸਾਰੀ ਜਾਣਕਾਰੀ ਦਿੰਦਿਆਂ ਸ੍ਰ. ਸਤਨਾਮ ਸਿੰਘ ਨੇ ਇਸ ਬਾਰੇ ਕਾਫ਼ੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ (Caste) ਜਾਣੀ ਜਾਤ-ਪਾਤ ਕਿਵੇਂ ਕਿਸੇ ਸਮਾਜ ਨੂੰ ਅਤੇ ਦੇਸ਼ ਦੇ ਸਮਾਜਿਕ ਢਾਂਚੇ ਨੂੰ ਤਹਿਸ-ਨਹਿਸ ਕਰ ਦਿੰਦੀ ਹੈ। ਸਾਡੇ ਸਮਾਜ ਨੇ ਇਸ ਜਾਤ-ਪਾਤ ਦੇ ਕੋਹੜ ਨੂੰ ਬਹੁਤ ਲੰਬਾ ਸਮਾਂ ਹੰਢਾਇਆ ਹੈ ਅਤੇ ਹੰਢਾਅ ਰਹੇ ਹਾਂ।

ਇਸ ਮੌਕੇ 'ਤੇ ਬੋਲਦਿਆਂ ਭਾਰਤੀ ਪੰਜਾਬੀ ਕਮਿਊਨਿਟੀ ਦੇ ਅਗਾਂਹਵਧੂ ਨੌਜਵਾਨ ਆਗੂ ਪਲਵਿੰਦਰ ਮਾਹੀ ਨੇ ਵੀ ਇਸ ਬਿੱਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਸਾਨੂੰ ਸਾਡੇ ਗੁਰੂ ਸਾਹਿਬਾਨਾਂ ਨੇ ਇਸ ਜਾਤ-ਪਾਤ ਦੇ ਕੋਹੜ ਦੇ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਵੇਂ ਅਮਰੀਕਾ ਵਿਚ ਰਹਿ ਕੇ ਅੱਜ ਸਾਡੀ ਕਮਿਊਨਿਟੀ ਆਪਣੇ ਆਪ ਨੂੰ ਨੀਵੀਂ ਜਾਤ ਘੋਸ਼ਿਤ ਕਰਕੇ ਸਾਡੇ ਗੁਰੂ ਸਾਹਿਬਾਨਾਂ ਦੇ ਸੰਘਰਸ਼ ਨੂੰ ਤਾਰ ਤਾਰ ਕਰ ਰਹੀ ਹੈ। ਸਾਡੇ ਗੁਰੂ ਸਾਹਿਬਾਨਾਂ ਨੇ ਉਸ ਬ੍ਰਾਹਮਣਵਾਦੀ ਸਿਸਟਮ ਜੋ ਕਿ ਸਾਨੂੰ ਨੀਵੀਂ ਜਾਤ ਘੋਸ਼ਿਤ ਕਰਦਾ ਹੈ ਉਸ ਵਿਰੁੱਧ ਡਟ ਕੇ ਲੜਾਈ ਲੜੀ ਅਤੇ ਉਨ੍ਹਾਂ ਤੋਂ ਬਾਅਦ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਵੀ ਉਨ੍ਹਾਂ ਲੀਹਾਂ 'ਤੇ ਚੱਲਦਿਆਂ ਇਸ ਜਾਤੀ-ਪਾਤੀ ਸਿਸਟਮ ਵਿਰੁੱਧ ਡਟ ਕੇ ਲੜਾਈ ਲੜੀ ਅਤੇ ਉਸ ਬ੍ਰਾਹਮਣਵਾਦੀ ਸਿਸਟਮ ਨੂੰ ਚੈਲੰਜ ਕੀਤਾ ਅਤੇ ਦੱਸਿਆ ਕਿ ਅਸੀਂ ਨੀਵੀਂ ਜਾਤੀ ਨਹੀਂ ਹਾਂ ਅਤੇ ਨਾ ਹੀ ਸਾਨੂੰ ਬ੍ਰਾਹਮਣ ਵਲੋਂ ਨਿਰਧਾਰਤ ਕੀਤੇ ਕਿੱਤੇ ਕਰਨੇ ਚਾਹੀਦੇ ਹਨ। ਇਸ ਤੋਂ ਹਟ ਕੇ ਸਾਨੂੰ ਵਧੀਆ ਪੜ੍ਹਾਈ ਕਰਕੇ ਉਚ ਅਹੁਦਿਆਂ 'ਤੇ ਅਤੇ ਵਪਾਰ ਕਰਨ ਵੱਲ ਨੂੰ ਪਹਿਲ ਦੇਣੀ ਚਾਹੀਦੀ ਹੈ। ਸਾਡਾ ਸਮਾਜ ਇਨ੍ਹਾਂ ਚੀਜ਼ਾਂ ਤੋਂ ਉਪਰ ਉਠ ਕੇ ਬਾਬਾ ਸਾਹਿਬ ਦੀ ਗੱਲ ਮੰਨ ਕੇ ਕਾਫ਼ੀ ਮਿਹਨਤ ਮੁਸ਼ੱਕਤ ਤੋਂ ਬਾਅਦ ਅੱਜ ਪੂਰੀ ਦੁਨੀਆ ਵਿਚ ਆਪਣਾ ਡੰਕਾ ਵਜਾ ਰਿਹਾ ਹੈ ਪਰ ਕੁਝ ਲੋਕਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ।

ਕੁਝ ਸਾਡੇ ਸਮਾਜ ਦੇ ਅਖੌਤੀ ਲੀਡਰ ਅੱਜ ਸਾਡੇ ਸਮਾਜ ਨੂੰ ਫਿਰ 2-3 ਸੌ ਸਾਲ ਪਿਛੇ ਲਿਜਾਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਉਹ ਅਸੀਂ ਹਰਗਿਜ਼ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਕਿ ਕਿਤੇ ਵੀ ਸਾਡੇ ਮਹਾਂਪੁਰਸ਼ਾਂ ਨੇ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੇ ਇਹ ਨਹੀਂ ਕਿਹਾ ਕਿ ਜਾਤ-ਪਾਤ ਹਮੇਸ਼ਾ ਗਲ ਨਾਲ ਲਾਈ ਰੱਖਣਾ। ਉਨ੍ਹਾਂ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਕਿਹਾ ਹੈ। ਇਸ ਮੌਕੇ 'ਤੇ ਹੋਰ ਵੀ ਭਾਰਤੀ ਪੰਜਾਬੀ ਭਾਈਚਾਰੇ ਦੇ ਆਗੂ ਮੌਜੂਦ ਸਨ ਜਿਨ੍ਹਾਂ ਵਿਚ ਸ੍ਰ. ਗੁਰਨਾਮ ਸਿੰਘ ਪੰਮਾ, ਦਲਬੀਰ ਸਿੰਘ ਗਿੱਲ, ਹਰਪ੍ਰੀਤ ਸਿੰਘ ਖਿਆੜਾ, ਕੁਲਤਾਰ ਸਿੰਘ, ਦੀਪ ਸਿੰਘ, ਉਂਕਾਰ ਸਿੰਘ, ਮਹਾਂਰਿਸ਼ੀ ਬਾਲਮਿਕੀ ਮੰਦਿਰ ਕਮੇਟੀ ਦੇ ਪ੍ਰਧਾਨ ਸ੍ਰ. ਜਗਜੀਤ ਸਿੰਘ ਗਿੱਲ, ਸ੍ਰ. ਮਨਜੀਤ ਸਿੰਘ ਦੁਸਾਂਝ, ਸ੍ਰ. ਸੁੱਖ ਸਿੱਧੂ, ਸ੍ਰੀ ਬਨਾਰਸੀ ਦਾਸ, ਸ੍ਰ. ਬਲਵਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀ ਮੌਜੂਦ ਸਨ।



BOARD OF SUPERVISORS
COUNTY OF SUTTER

1160 Civic Center Blvd.
Yuba City, CA 95993

(530) 822-7106
FAX: (530) 822-7103

Assembly member James Gallagher
1021 O Street
Suite 4740
Sacramento, CA 95814

Re: **OPPOSE SB 403** (Wahab)

Dear Assembly Member Gallagher:

The Sutter County Board of Supervisors is opposed to Senate Bill 403, which would introduce the concept of "caste" into California civil rights, labor, education, public accommodation, and housing law. The bill may be well-intentioned, but it is likely to provoke the very type of discrimination it seeks to ban. It is deeply alarming to representatives of a large portion of our community who believe introducing the concept of caste into U.S. law will stigmatize South Asians, lead to unnecessary ethnic profiling, and normalize caste-based discrimination in the U.S.

Sutter County opposes discrimination in the workplace, education, and housing. As the language of SB 403 concedes, discrimination based on one's caste is effectively already illegal under the law due to prohibitions against discrimination based on national origin, ethnicity, and ancestry. As stated in Section 1 of SB 403: "This act shall not be construed to mean that caste discrimination is not already prohibited under existing law, including by protections for religion, ancestry, national origin, ethnicity, race, color, or any other protected characteristic under existing law."

SB 403 places selective emphasis on South Asian (and Asian, African, and South American) cultures. In doing so, SB 403 perpetuates harmful, negative stereotypes and misconceptions about South Asians by associating them with the concept of caste-based discrimination.

In a series of letters from leaders in the Sikh community of Sutter County, attached for your reference, there is unanimous concern that making caste an issue in the law will have the effect of perpetuating the caste system. SB 403 only furthers the discrimination it hopes to end.

Sincerely,

Karm Bains, Chair
Sutter County Board of Supervisors

City Council

YubaCity

June 21, 2023

Assembly Member James Gallagher
Sent via email: assemblymember.gallagher@assembly.ca.gov

RE: Senate Bill 403 (SB 403) – Discrimination on the Basis of Caste

Dear Assembly Member Gallagher:

The diverse population of Yuba City is a source of pride for its citizens. The Punjabi population in the Yuba-Sutter area has grown to be one of the largest in the United States and one of the largest Sikh populations outside of India. With the large Sikh population, Yuba City is home to several Sikh Temples.

At two recent City Council meetings, a group of Sikh community members came forward to express their concern and opposition to Senate Bill 403 (SB 403), which would introduce the concept of "caste" into existing California anti-discrimination statutes. On the surface, it appears that SB 403 is well-intentioned. However, in listening to the community members, it is going to introduce the concept of caste into California law, which they believe will have harmful long-term effects.

At the June 20th Council meeting, the community members provided a presentation outlining their opposition, and several opposition letters from the local Sikh temples, which are attached for reference. As expressed in the presentation, the caste system in India was a way for those of the higher caste to oppress those of the lower caste. It was a system that separated society, prohibited advancement, and is one of the main reasons that many left India to come to the United States.

Section 1 of SB 403 states, "The amendments in this act are declarative of and clarify existing law. This act shall not be construed to mean that caste discrimination is not already prohibited under existing law, including by protections for religion, ancestry, national origin, ethnicity, race, color, or any other protected characteristic under existing law." With the acknowledgement that discrimination based on caste is already covered by existing anti-discrimination statutes, it's difficult to understand the need to specifically introduce the caste system into California law.

As SB 403 has passed through the Senate and is now with the Assembly, the City Council respectfully requests that you consider the input from our local community members that are against SB 403.

Respectfully,

Wade Kirchner
Mayor

1201 Civic Center Boulevard • Yuba City, California 95993 • YubaCity.net

# ਫਰੀਮਾਂਟ ਕੈਲੀਫੋਰਨੀਆ ਵਿਖੇ SB 403 ਦੇ ਵਿਰੋਧ ਵਿਚ ਮੀਟਿੰਗ ਹੋਈ

## SB 403 ਅਮਰੀਕਾ ਵਿੱਚ ਅਣਮਨੁੱਖੀ ਭਾਰਤੀ ਜਾਤਪਾਤ ਦੇ ਕੰਡੇ ਬੀਜਣ ਵਾਲਾ ਬਿੱਲ, ਇਸਦਾ ਖਾਤਮਾ ਜ਼ਰੂਰੀ : ਸ. ਪਲਵਿੰਦਰ ਸਿੰਘ ਮਾਹੀ



ਫਰੀਮਾਂਟ/ ਕੈਲੀਫੋਰਨੀਆ :- ਪਿਛਲੇ ਹਫ਼ਤੇ 24 ਜੂਨ ਦਿਨ ਸ਼ਨਿਚਰਵਾਰ ਨੂੰ ਬੇ-ਏਰੀਆ ਦੇ ਸ਼ਹਿਰ ਫਰੀਮਾਂਟ ਵਿਖੇ ਸਕੂਲ ਰੈਸਟੋਰੈਂਟ ਤੇ ਸੈਨੇਟ ਬਿਲ SB 403 ਦੇ ਵਿਰੋਧ ਵਿਚ ਮੀਟਿੰਗ ਹੋਈ ਜਿਸ ਵਿਚ ਬੇ ਏਰੀਆ ਅਤੇ ਹੋਰ ਦੂਰ ਦੁਰਾਡੇ ਤੋਂ ਕਾਫ਼ੀ ਸਾਥੀਆਂ ਨੇ ਭਾਗ ਲਿਆ ਜਿਨ੍ਹਾਂ ਵਿਚ ਖਾਸ ਤੌਰ 'ਤੇ ਬੇ-ਏਰੀਆ ਤੋਂ ਸ੍ਰ. ਸੁੱਚਾ ਰਾਮ ਭਾਰਟਾ ਸਾਬਕਾ ਵਾਈਸ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ ਬੇ ਏਰੀਆ, ਬਲਵੀਰ ਸਿੰਘ ਸ਼ੀਹਮਾਰ ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਫਰੀਮਾਂਟ, ਸ੍ਰ. ਗੁਰਚਰਨ ਸਿੰਘ, ਸ੍ਰ. ਕੇਵਲ ਸਿੰਘ ਜੱਖੂ, ਹਰੀ ਓਮ ਪਾਲ, ਸ੍ਰ. ਸਤਨਾਮ ਸਿੰਘ ਯੂਬਾ ਸਿਟੀ, ਸ੍ਰ. ਦੀਪ ਸਿੰਘ ਯੂਬਾ ਸਿਟੀ, ਸ੍ਰ. ਪਲਵਿੰਦਰ ਮਾਹੀ, ਵਿਸ਼ਵ ਪ੍ਰਸਿੱਧ ਗੀਤਕਾਰ ਸ੍ਰ. ਮੱਖਣ ਲੁਹਾਰ ਅਤੇ ਹੋਰ ਬਹੁਤ ਸਾਰੇ ਸਾਥੀ ਸ਼ਾਮਲ ਹੋਏ।

ਮੀਟਿੰਗ ਵਿਚ ਸ਼ਾਮਲ ਸਾਰੇ ਸਾਥੀਆਂ ਵਲੋਂ SB 403 ਬਿੱਲ ਦਾ ਵਿਰੋਧ ਕੀਤਾ।

ਮੀਟਿੰਗ ਵਿਚ ਵਿਚਾਰ ਚਰਚਾ ਕਰਨ ਤੇ ਇਸ ਬਿੱਲ ਦੇ ਹੋਣ ਵਾਲੇ ਨੁਕਸਾਨ ਬਾਰੇ ਕਾਫ਼ੀ ਡੂੰਘਾਈ ਨਾਲ ਚਰਚਾ ਕੀਤੀ ਗਈ ਕਿ ਆਉਣ ਵਾਲੀਆਂ ਪੀੜ੍ਹੀਆਂ ਤੇ ਇਸ ਬਿੱਲ ਦਾ ਕਿਵੇਂ ਗਲਤ ਪ੍ਰਭਾਵ ਪੈ ਸਕਦਾ ਹੈ।

ਇਹ ਵੀ ਚਰਚਾ ਕੀਤੀ ਗਈ ਕਿ ਕਿਵੇਂ ਇਕ ਬਹੁਤ ਹੀ ਖੁਸ਼ਹਾਲ ਅਤੇ ਹੱਸਦੇ ਵੱਸਦੇ ਮੁਲਕ ਭਾਰਤ ਨੂੰ ਪਹਿਲਾਂ ਵਰਣ ਵਿਵਸਥਾ ਅਤੇ ਫੇਰ ਹਜ਼ਾਰਾਂ ਜਾਤਾਂ ਵਿਚ ਵੰਡ ਕੇ ਕਿਵੇਂ ਗੁਲਾਮ ਬਣਨ ਲਈ ਮਜਬੂਰ ਕੀਤਾ ਗਿਆ ਕਿਉਂਕਿ ਜਾਤੀ ਪਾਤੀ ਸਿਸਟਮ ਇਕ ਇਹੋ ਜਿਹਾ ਸਿਸਟਮ ਹੈ ਜੋ ਕਿ ਇਕ ਬਹੁਤ ਹੀ ਖੁਸ਼ਹਾਲ ਅਤੇ ਘੁੱਗ ਵਸਦੇ ਸਮਾਜ ਅਤੇ ਦੇਸ਼ ਨੂੰ ਅੰਦਰੋਂ ਖੋਖਲਾ ਕਰਦਾ ਹੈ। ਇਕ ਇਨਸਾਨ ਦੂਜੇ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਦੇਖਣ ਲੱਗ ਜਾਂਦਾ ਹੈ ਅਤੇ ਇਸ ਸਾਰੇ ਸਿਸਟਮ ਦੀ ਮਾਰ ਸਾਡੇ ਬਜ਼ੁਰਗਾਂ ਨੇ ਬਹੁਤ ਬੁਰੇ ਤਰੀਕੇ ਨਾਲ ਹੰਢਾਈ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਲੰਮੇ ਸੰਘਰਸ਼ ਤੋਂ ਬਾਅਦ ਸਾਡਾ ਸਮਾਜ ਬੜੀ ਮੁਸ਼ਕਿਲ ਨਾਲ ਮਿਹਨਤ ਕਰਕੇ, ਪੜ੍ਹਾਈ ਕਰਕੇ ਅੱਜ ਇਸ ਮੁਕਾਮ 'ਤੇ ਪਹੁੰਚਿਆ ਹੈ ਤੇ ਅੱਜ ਫਿਰ ਅਸੀਂ ਇਸ ਮੁਲਕ ਵਿਚ ਰਹਿ ਕੇ ਉਹੀ ਸਿਸਟਮ ਦੀ ਸ਼ੁਰੂਆਤ ਦੁਬਾਰਾ ਨਹੀਂ ਹੋਣ ਦੇਣਾ ਚਾਹੁੰਦੇ।

ਨਾਲ ਹੀ ਅੱਜ ਅਸੀਂ ਜਿਸ ਮੁਲਕ ਜੋ ਕਿ ਦੁਨੀਆ ਦੀ ਵੱਡੀ ਤਾਕਤ ਹੈ, ਇਹ ਉਸ ਸਿਸਟਮ ਨਾਲ ਵੀ ਗੱਦਾਰੀ ਹੋਵੇਗੀ ਜਿਸ ਮੁਲਕ ਨੇ ਸਾਨੂੰ ਇਥੇ ਆਉਂਦਿਆਂ ਸਾਰ ਹੀ ਬਰਾਬਰਤਾ ਦੇ ਅਧਿਕਾਰ ਅਤੇ ਉਹ ਸਾਰੇ ਹੀ ਅਧਿਕਾਰ ਦਿੱਤੇ ਜੋ ਇਕ ਮਨੁੱਖ ਨੂੰ ਚਾਹੀਦੇ ਹਨ। ਅੱਜ ਅਸੀਂ ਇਸ ਮੁਲਕ ਵਿਚ ਸਖ਼ਤ ਮਿਹਨਤ ਕਰਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਧੀਆ ਭਵਿੱਖ ਬਣਾਉਣ ਵੱਲ ਵੱਧ ਰਹੇ ਹਾਂ ਪਰ ਇਹੋ ਜਿਹੇ ਕਾਨੂੰਨ ਕਿਤੇ ਨਾ ਕਿਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਘਾਤਕ ਸਿੱਧ ਹੋਣਗੇ।

ਅਸੀਂ ਅਮਰੀਕਾ ਵਰਗੇ ਮੁਲਕ ਦੇ ਸਿਸਟਮ ਨੂੰ ਖੋਖਲਾ ਨਹੀਂ ਕਰਨਾ ਚਾਹੁੰਦੇ ਤੇ ਅਸੀਂ ਸਾਰੇ ਰਲ ਕੇ ਆਸ ਕਰਦੇ ਹਾਂ ਅਤੇ ਸਾਰੀ ਭਾਰਤੀ ਕਮਿਊਨਿਟੀ ਨੂੰ ਬੇਨਤੀ ਕਰਦੇ ਹਾਂ ਕਿ ਇਹੋ ਜਿਹੇ ਬਿੱਲਾਂ ਦਾ ਸਾਨੂੰ ਸਾਰਿਆਂ ਨੂੰ ਰਲ ਕੇ ਵਿਰੋਧ ਕਰਨਾ ਚਾਹੀਦਾ ਹੈ। ਇਸ ਸਮੇਂ ਕਮਿਉਨਟੀ ਦੇ ਉਘੇ ਆਗੂ ਸ. ਪਲਵਿੰਦਰ ਸਿੰਘ ਮਾਹੀ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਦੇ ਸਮਾਜ ਵਿਚ ਜਾਤਪਾਤ ਦਾ ਕੋਹੜ ਸਦੀਆਂ ਤੋਂ ਚੁੰਬੜਿਆ ਹੋਇਆ ਹੈ ਜੋ ਕਿਸੇ ਕੈਂਸਰ ਤੋਂ ਘੱਟ ਨਹੀਂ ਇਸ ਬਿੱਲ ਰਾਹੀਂ ਉਸ ਜਹਿਰ ਨੂੰ ਅਮਰੀਕਾ 'ਚ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਜਿਸਦਾ ਵਿਰੋਧ ਕਰਨਾ ਜ਼ਰੂਰੀ ਹੈ। ਸਾਡੇ ਕਈ ਭੈਣ ਭਾਈ ਅਣਭੋਲ ਤੇ ਅਣਜਾਣਪੁਣੇ ਇਸ ਬਿੱਲ ਦੇ ਹੱਕ 'ਚ ਖੜ੍ਹੇ ਹਨ ਜੋਕਿ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਲਈ ਖਤਰਨਾਕ ਸਾਬਤ ਹੋਵੇਗਾ। ਇਸ ਨੂੰ ਰੋਕ ਲਾਉਣ ਲਈ ਸਾਨੂੰ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ।

# ਕਮਿਊਨਟੀ ਦੇ ਉਘੇ ਆਗੂ ਸ੍ਰ. ਤਜਿੰਦਰ ਸਿੰਘ ਧਾਮੀ ਦੇ ਗ੍ਰਹਿ ਵਿਖੇ ਅਮਰੀਕਨ ਝੰਡਾ ਲਹਿਰਾਉਣ ਦੀ ਰਸਮ ਮੌਕੇ ਅਮਰੀਕਨ ਸਿਆਸਤਦਾਨਾ, ਉਘੇ ਆਗੂਆਂ ਅਤੇ ਮਿੱਤਰਾਂ ਦੋਸਤਾਂ ਨੇ ਵੱਡੀ ਗਿਣਤੀ 'ਚ ਭਰੀ ਹਾਜ਼ਰੀ











ਫਰੀਮਾਂਟ ਕੈਲੀਫੋਰਨੀਆ : ਕਮਿਊਨਟੀ ਦੇ ਉਘੇ ਆਗੂ ਸ. ਤਜਿੰਦਰ ਧਾਮੀ ਮੋਬਿਲਿਟੀ ਕਮਿਸ਼ਨਰ ਫਰੀਮਾਂਟ ਦੇ ਗ੍ਰਹਿ ਵਿਖੇ ਝੰਡਾ ਲਹਿਰਾਉਣ ਦੀ ਰਸਮ ਮੌਕੇ ਅਮਰੀਕਨ ਸਿਆਸਤਦਾਨਾ, ਉਘੇ ਆਗੂਆਂ ਅਤੇ ਮਿੱਤਰਾਂ ਦੋਸਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ।
ਵੱਡੀ ਗਿਣਤੀ 'ਚ ਮਿੱਤਰਾਂ ਦੋਸਤਾਂ ਨੇ ਸ. ਧਾਮੀ ਦੇ ਨਿਵਾਸ ਸਥਾਨ 'ਤੇ ਇੱਕ ਮਹੱਤਵਪੂਰਨ ਝੰਡਾ ਲਹਿਰਾਉਣ ਦੀ ਰਸਮ ਸਮੇਂ ਵੱਡੀ ਗਿਣਤੀ 'ਚ ਲੋਕਾਂ ਨੇ ਮੇਜ਼ਬਾਨੀ ਕੀਤੀ, ਜਿਸ ਵਿੱਚ ਚੁਣੇ ਹੋਏ ਅਧਿਕਾਰੀ ਸ਼ਾਮਲ ਸਨ। ਅਲਮੇਡਾ ਕਾਉਂਟੀ ਦੇ ਸੁਪਰਵਾਈਜ਼ਰ ਡੇਵਿਡ ਹੌਬਰਟ ਨੇ ਝੰਡਾ ਲਹਿਰਾਇਆ। ਇਹ ਸਮਾਗਮ ਸ਼ਨੀਵਾਰ, 24 ਜੂਨ ਨੂੰ ਹੋਇਆ ਅਤੇ ਇਸ ਵਿੱਚ ਕੈਲੀਫੋਰਨੀਆ ਰਾਜ ਦੇ ਖਜ਼ਾਨਚੀ ਫਿਓਨਾਮਾ, ਸੁਪਰਵਾਈਜ਼ਰ ਡੇਵਿਡ ਹੌਬਰਟ, ਫਰੀਮਾਂਟ ਦੀ ਮੇਅਰ ਲਿਲੀ ਮੇਈ, ਮੇਅਰ ਮਾਈਕਲ ਹੈਨਨ, ਮੇਅਰ ਮੇਲਿਸਾ ਹਰਨਾਂਡੇਜ਼, ਅਸੈਂਬਲੀਮੈਨ ਐਲੇਕਸ ਲੀ, ਫਰੀਮਾਂਟ ਕੌਂਸਲ ਮੈਂਬਰ ਰਾਜ ਸਲਵਾਨ, ਯਾਂਗ ਸ਼ਾਓ ਸਮੇਤ ਸਨਮਾਨਿਤ ਮਹਿਮਾਨ ਸ਼ਾਮਲ ਹੋਏ।
ਅਟਾਰਨੀ ਜਨਰਲ ਰੋਬ ਬੋਂਟਾ ਸਟਾਫ ਮੈਂਬਰ ਮੈਕਸੀ ਲਾਰਾ, ਕਾਂਗਰਸਮੈਨ ਐਰਿਕ ਸਵੈਲਵੈਲ ਦਫਤਰ ਦੇ ਚੀਫ ਸਟਾਫ ਮੈਲੋਰੀ, ਸੀਏ ਅਸੈਂਬਲੀ ਮੈਂਬਰ ਐਲੇਕਸ ਲੀ, ਅਲਮੇਡਾ ਕਾਉਂਟੀ ਸੁਪਰਵਾਈਜ਼ਰ ਡੇਵਿਡ ਹੌਬਰਟ, ਨੈਟ ਮਾਈਲੀ, ਐਲੀਸਾ ਮਾਅਰਕੇਜ਼, ਅਲਮੇਡਾ ਦਾ ਵਿਸ਼ੇਸ਼ ਧੰਨਵਾਦ। ਕਾਉਂਟੀ ਅਸੈਸਰ ਫੌਂਗ ਲਾ, ਅਲਮੇਡਾ ਕਾਉਂਟੀ ਤੋਂ ਡੀਏ ਨੈਨਸੀਓ ਮੈਲੀ, ਅਲਮੇਡਾ ਕਾਉਂਟੀ ਸ਼ੈਰਿਫ ਯੇਸੇਨੀਆ, ਫਰੀਮਾਂਟ ਪੁਲਿਸ ਵਿਭਾਗ ਦੇ ਕੈਪਟਨ ਮੈਟ ਅਤੇ ਐਮੀ ਗੀ, ਫਰੀਮਾਂਟ ਦੀ ਮੇਅਰ ਲਿਲੀ ਮੇਈ, ਫਰੀਮਾਂਟ ਕੌਂਸਲ ਮੈਂਬਰ ਰਾਜ ਸਲਵਾਨ, ਯਾਂਗ ਸ਼ਾਓ, ਰਿਕ ਜੋਨਸ, ਨੇਵਾਰਕ ਦੇ ਮੇਅਰ ਮਾਈਕ ਹੈਨਨ, ਐਲਨ ਨਾਗੀ, ਕੌਂਸਲ ਮੈਂਬਰ ਮੈਥਿਊ, ਨੇਵਾਰਕ ਸਕੂਲ ਬੋਰਡ ਨੈਨਸੀ ਥਾਮਸ, ਡਬਲਿਨ ਦੀ ਮੇਅਰ ਮੇਲਿਸਾ ਹਰਨਾਂਡੇਜ਼, ਡਬਲਿਨ ਸਿਟੀ ਕੌਂਸਲ ਮੈਂਬਰ ਜੀਨ ਜੋਸੀ, ਯੂਨੀਅਨ ਸਿਟੀ ਸਕੂਲ ਬੋਰਡ ਲਿੰਡਾ, ਸਾਬਕਾ ਕੌਂਸਲ ਮੈਂਬਰ ਜਿਮ, ਸਾਰੇ ਦੋਸਤ ਸਿੱਖ ਭਾਈਚਾਰੇ ਦੇ ਆਗੂ, ਹਿੰਦੂ ਭਾਈਚਾਰੇ ਦੇ ਆਗੂ ਅਤੇ ਮੁਸਲਿਮ ਭਾਈਚਾਰੇ ਦੇ ਆਗੂ, ਡਾਇਮੰਡ ਕਲੱਬ ਬੇਰੀਆ ਇਸ ਸਮਾਗਮ ਵਿੱਚ 200 ਲੋਕ (ਸਾਰੇ ਭਾਈਚਾਰਿਆਂ ਸਮੇਤ) ਸ਼ਾਮਲ ਹੋਏ।
ਝੰਡਾ ਚੜ੍ਹਾਉਣ ਦੀ ਰਸਮ ਏਕਤਾ, ਦੇਸ਼ ਭਗਤੀ ਅਤੇ ਉਹਨਾਂ ਕਦਰਾਂ-ਕੀਮਤਾਂ ਦੇ ਜਸ਼ਨ ਵਜੋਂ ਕੰਮ ਕਰਦੀ ਹੈ ਜੋ ਭਾਈਚਾਰੇ ਨੂੰ ਆਪਸ ਵਿੱਚ ਜੋੜਦੀਆਂ ਹਨ। ਤੇਜਿੰਦਰ ਧਾਮੀ ਦੇ ਨਿਵਾਸ ਨੇ ਇਸ ਸ਼ੁਭ ਮੌਕੇ ਲਈ ਇੱਕ ਢੁਕਵਾਂ ਸਮਾਂ ਪ੍ਰਦਾਨ ਕੀਤਾ ਜਿਸ ਵਿੱਚ ਇੱਕ ਦੂਜੇ ਦੇ ਕਲਚਰ ਸਭਿਆਚਾਰ ਨੂੰ ਸਮਝਣ ਦਾ ਮੌਕਾ ਮਿਲਿਆ।
ਇਸ ਪ੍ਰੋਗਰਾਮ ਵਿੱਚ ਭਾਈਚਾਰਕ ਸ਼ਮੂਲੀਅਤ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਅਤੇ ਆਪਸੀ ਸਾਂਝ ਦੀ ਭਾਵਨਾ ਪੈਦਾ ਕੀਤੀ ਗਈ।
ਸੁਪਰਵਾਈਜ਼ਰ ਡੇਵਿਡ ਹੌਬਰਟ, ਸਥਾਨਕ ਸਰਕਾਰ ਦੀ ਨੁਮਾਇੰਦਗੀ



Alameda county fromer DA Nancy O'Malley, Fremont Mayor Lily Mei, Fremont Council Member Raj Salwan



Alameda county Sheriff Yesenia



Alameda County Supervisor David Haubert District



Alameda County Supervisor Nate Miley



CA State Treasurer Fiona Ma and Alameda County Supervisor David Haubert District 1.



Dublin Vice Mayor Jean Josey



Dulbin Mayor Melissa Hernandez



US National Anthem



Newark Mayor Mike Hannon, Fremont Council Member Yang shao



# ਕਮਿਉਨਟੀ ਦੇ ਉਘੇ ਆਗੂ ਸ੍ਰ. ਤਜਿੰਦਰ ਸਿੰਘ ਧਾਮੀ ਦੇ ਗ੍ਰਹਿ ਵਿਖੇ ਅਮਰੀਕਨ ਝੰਡਾ ਲਹਿਰਾਉਣ ਦੀ ਰਸਮ ਮੌਕੇ ਅਮਰੀਕਨ ਸਿਆਸਤਦਾਨਾ, ਉਘੇ ਆਗੂਆਂ ਅਤੇ ਮਿੱਤਰਾਂ ਦੋਸਤਾਂ ਨੇ ਵੱਡੀ ਗਿਣਤੀ 'ਚ ਭਰੀ ਹਾਜ਼ਰੀ








ਕਰਦੇ ਹੋਏ, ਨੇ ਸਹਿਯੋਗ ਅਤੇ ਕਮਿਊਨਿਟੀ-ਅਧਾਰਿਤ ਯਤਨਾਂ ਲਈ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।

ਫਰੀਮੌਂਟ ਦੀ ਮੇਅਰ ਲਿਲੀ ਮੇਈ, ਮੇਅਰ ਮਾਈਕਲ ਹੈਨਨ, ਮੇਅਰ ਮੇਲਿਸਾ ਹਰਨਾਂਡੇਜ਼, ਅਤੇ ਸਾਰੇ ਕੌਂਸਲ ਮੈਂਬਰਾਂ ਨੇ ਤਰੱਕੀ ਅਤੇ ਖੁਸ਼ਹਾਲੀ ਦੇ ਸਾਂਝੇ ਦ੍ਰਿਸ਼ਟੀਕੋਣ 'ਤੇ ਜ਼ੋਰ ਦਿੰਦੇ ਹੋਏ ਆਪਣੀ ਵਿਸ਼ੇਸ਼ ਮੌਜੂਦਗੀ ਨਾਲ ਇਸ ਮੌਕੇ ਦਾ ਆਨੰਦ ਮਾਣਿਆ। ਉਨ੍ਹਾਂ ਦੀ ਭਾਗੀਦਾਰੀ ਨੇ ਭਾਈਚਾਰਕ ਨਿਰਮਾਣ ਅਤੇ ਵਿਭਿੰਨ ਆਬਾਦੀਆਂ ਵਿਚਕਾਰ ਸਦਭਾਵਨਾ ਵਾਲੇ ਸਬੰਧਾਂ ਦੀ ਕਾਸ਼ਤ ਲਈ ਸਮਰਪਣ ਦਾ ਪ੍ਰਦਰਸ਼ਨ ਕੀਤਾ।

ਸਮਾਰੋਹ ਵਿੱਚ ਖਜ਼ਾਨਚੀ ਫਿਓਨਾ ਮਾ ਦੀ ਹਾਜ਼ਰੀ ਰਾਜ ਦੇ ਆਪਣੇ ਵਸਨੀਕਾਂ ਨੂੰ ਸਸ਼ਕਤੀਕਰਨ ਅਤੇ ਵਿਕਾਸ ਲਈ ਅਨੁਕੂਲ ਵਾਤਾਵਰਣ ਦਾ ਪਾਲਣ ਪੋਸ਼ਣ ਕਰਨ ਦੇ ਸਮਰਪਣ ਨੂੰ ਦਰਸਾਉਂਦੀ ਹੈ। ਫਰੀਮੌਂਟ ਕੌਂਸਲ ਦੇ ਮੈਂਬਰ ਰਾਜ ਸਲਵਾਨ, ਯਾਂਗ ਸ਼ਾਓ ਅਤੇ ਰਿਕ ਜੋਨਸ (ਰਿਟਾ.) ਨੇ ਪ੍ਰਸਿੱਧ ਮਹਿਮਾਨਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ, ਉਹਨਾਂ ਦੀ ਮੌਜੂਦਗੀ ਸਥਾਨਕ ਗਵਰਨਿੰਗ ਬਾਡੀ ਤੋਂ ਸਮਰਥਨ ਅਤੇ ਨਾਗਰਿਕ ਸ਼ਮੂਲੀਅਤ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ।

ਕਮਿਉਨਟੀ ਦੇ ਉਘੇ ਆਗੂ ਸ. ਤਜਿੰਦਰ ਧਾਮੀ ਨੇ ਇਨ੍ਹਾਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਧਾਮੀ ਨੇ ਕਿਹਾ, "ਸਾਡੀਆਂ ਸਾਂਝੀਆਂ ਕਦਰਾਂ-ਕੀਮਤਾਂ ਅਤੇ ਅਕਾਂਖਿਆਵਾਂ ਦਾ ਜਸ਼ਨ ਮਨਾਉਣ ਲਈ ਅਜਿਹੇ ਪ੍ਰਭਾਵਸ਼ਾਲੀ ਵਿਅਕਤੀਆਂ ਦਾ ਇਕੱਠੇ ਹੋਣਾ ਮਾਣ ਵਾਲੀ ਗੱਲ ਹੈ। ਇਹ ਸਮਾਗਮ ਸਾਡੇ ਭਾਈਚਾਰੇ ਵਿੱਚ ਏਕਤਾ ਅਤੇ ਸਮਾਵੇਸ਼ ਨੂੰ ਵਧਾਉਣ ਲਈ ਸਾਡੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ"। ਝੰਡਾ ਚੁੱਕਣ ਦੀ ਰਸਮ ਨੇ ਨਾਗਰਿਕ ਸ਼ਮੂਲੀਅਤ ਅਤੇ ਸਹਿਯੋਗ ਦੀ ਮਹੱਤਤਾ ਦੀ ਯਾਦ ਦਿਵਾਉਣ ਲਈ ਕੰਮ ਕੀਤਾ, ਚੁਣੇ ਹੋਏ ਅਧਿਕਾਰੀਆਂ, ਕਮਿਊਨਿਟੀ ਲੀਡਰਾਂ ਅਤੇ ਨਿਵਾਸੀਆਂ ਨੂੰ ਭਾਈਚਾਰੇ ਦੇ ਸਾਰੇ ਮੈਂਬਰਾਂ ਵਿਚਕਾਰ ਬੰਧਨ ਨੂੰ ਮਜ਼ਬੂਤ ਕਰਨ ਲਈ ਇਕੱਠੇ ਕੀਤਾ। ਇਥੇ ਇਹ ਜ਼ਿਕਰਯੋਗ ਹੈ ਲੀ ਕਮਿਉਨਟੀ ਦੇ ਉਘੇ ਆਗੂ ਸ. ਤਜਿੰਦਰ ਸਿੰਘ ਧਾਮੀ ਕੈਲੀਫੋਰਨੀਆ ਦੇ ਉਘੇ ਸਤਿਕਾਰਤ ਕਮਿਊਨਿਟੀ ਲੀਡਰ ਹਨ ਜੋ ਜਨਤਕ ਸੇਵਾ ਅਤੇ ਭਾਈਚਾਰਕ ਵਿਕਾਸ ਲਈ ਆਪਣੇ ਸਮਰਪਣ ਲਈ ਜਾਣਿਆ ਜਾਂਦਾ ਹੈ ਅਤੇ ਫਰੀਮਾਂਟ ਮੋਬਿਲਿਟੀ ਕਮਿਸ਼ਨਰ ਵਜੋਂ ਕਮਿਉਨਟੀ ਭਾਈਚਾਰੇ ਦੀ ਸੇਵਾ ਕਰਦਾ ਹੈ। ਆਪਣੀਆਂ ਵੱਖ-ਵੱਖ ਪਹਿਲਕਦਮੀਆਂ ਰਾਹੀਂ, ਧਾਮੀ ਇੱਕ ਮਿਲਵਰਤਣ ਵਾਲਾ ਅਤੇ ਆਪਸੀ ਭਾਈਚਵਾਰਕ ਸਾਂਝ ਦਾ ਮਾਹੌਲ ਬਣਾਉਣ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹੈ ਜਿੱਥੇ ਹਰ ਵਿਅਕਤੀ ਦੀ ਆਵਾਜ਼ ਸੁਣੀ ਜਾਂਦੀ ਹੈ ਅਤੇ ਉਸਦੀ ਕਦਰ ਕੀਤੀ ਜਾਂਦੀ ਹੈ। ਸ. ਤਜਿੰਦਰ ਸਿੰਘ ਧਾਮੀ ਦੇ ਘਰ ਅਮਰੀਕ ਝੰਡਾ ਲਗਾਉਣ ਸਮੇਂ ਤਾੜੀਆਂ ਦੀ ਗੂੰਝ 'ਚ ਭਾਰੀ ਗਿਣਤੀ 'ਚ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸ. ਧਾਮੀ ਨੇ ਆਏ ਹੋਏ ਸਾਰੇ ਦੋਸਤਾਂ ਮਿੱਤਰਾਂ ਦਾ ਤਹਿ ਦਿੱਲ ਤੋਂ ਧੰਨਵਾਦ ਕੀਤਾ।




CA State Assembly Member Alex Lee Anurag



CA State Assembly Member Kansen Chu



Fremont Mayor Lily Mei,Fremont Council Member Raj Salwan, Yang shao



Fremont Mayor Lily Mei






# ਕਮਿਉਨਿਟੀ ਦੇ ਉਘੇ ਆਗੂ ਸ੍ਰ. ਤਜਿੰਦਰ ਸਿੰਘ ਧਾਮੀ ਦੇ ਗ੍ਰਹਿ ਵਿਖੇ ਅਮਰੀਕਨ ਝੰਡਾ ਲਹਿਰਾਉਣ ਦੀ ਰਸਮ ਮੌਕੇ ਅਮਰੀਕਨ ਸਿਆਸਤਦਾਨਾ, ਉਘੇ ਆਗੂਆਂ ਅਤੇ ਮਿੱਤਰਾਂ ਦੋਸਤਾਂ ਨੇ ਵੱਡੀ ਗਿਣਤੀ 'ਚ ਭਰੀ ਹਾਜ਼ਰੀ


Fromer DA Nancy O'Malley, Lilly Mei














Hindu community leader Raj bhonat ji









# ਆਖ਼ਿਰ ! ਅਸੀਂ ਕਿਧਰ ਨੂੰ ਜਾ ਰਹੇ ਹਾਂ ?

- ਜਰਨੈਲ ਘੁਮਾਣ

ਅਜੋਕੇ ਸਮੇਂ ਵਿੱਚ ਜਦੋਂ ਇਨਸਾਨ ਆਪਣੇ ਆਪ ਨਾਲੋਂ ਵੀ ਟੁੱਟ ਕੇ ਸਿਰਫ਼ ਅਤੇ ਸਿਰਫ਼ ਇੰਟਰਨੈੱਟ ਨਾਲ ਸਬੰਧਤ ਸਾਧਨਾਂ ਦਾ ਗ਼ੁਲਾਮ ਬਣ ਕੇ ਰਹਿ ਗਿਆ ਹੈ, ਉਦੋਂ ਅਸੀਂ ਆਪਣਿਆਂ ਜਾਂ ਬੇਗ਼ਾਨਿਆਂ ਕੋਲੋਂ ਕੀ ਉਮੀਦ ਰੱਖ ਸਕਦੇ ਹਾਂ ਕਿ ਉਹ ਸਾਡੇ ਲਈ ਜਾਂ ਸਾਡੀ ਕੋਈ ਦੁੱਖ਼-ਤਕਲੀਫ਼ ਸੁਣਨ-ਵੰਡਾਉਣ ਵਾਸਤੇ ਸਮਾਂ ਕੱਢਣਗੇ । ਆਧੁਨਿਕ ਯੁੱਗ ਦੇ ਯੰਤਰਾਂ ਨੇ ਸਾਨੂੰ ਆਪਣੇ 'ਮੱਕੜੀ ਜਾਲ' ਵਿੱਚ ਅਜਿਹਾ ਫਸਾ ਲਿਆ ਹੈ ਕਿ ਅਸੀਂ ਇਸ ਚੱਕਰਵਿਊ ਨੂੰ ਚਾਹ ਕੇ ਵੀ ਨਹੀਂ ਤੋੜ ਸਕਦੇ, ਉਲਟਾ ਅਸੀਂ ਤੋੜ ਰਹੇ ਹਾਂ, ਆਪਣਾ ਪਰਿਵਾਰ ਅਤੇ ਆਪਣਾ ਸਮਾਜ-ਸੰਸਾਰ ਕਿਉਂਕਿ ਇੰਟਰਨੈੱਟ 'ਤੇ ਪਰੋਸੀ ਜਾਂਦੀ ਸਮੱਗਰੀ ਨੇ ਸਾਡੀ ਮੱਤ ਹੀ ਨਹੀਂ ਮਾਰੀ,



ਸਾਡੀ ਜ਼ਮੀਰ ਤੱਕ ਨੂੰ ਵੀ ਮਾਰ ਦਿੱਤਾ ਹੈ।

ਕੁੱਝ ਕੁ ਹਜ਼ਾਰ ਦੇ ਮੋਬਾਈਲ ਫ਼ੋਨ ਸੈੱਟ ਜਾਂ ਲੈਪ ਟੌਪ ਨੇ ਸਾਡੀ ਜ਼ਿੰਦਗੀ ਦੀਆਂ ਕਰੋੜਾਂ-ਅਰਬਾਂ ਰੁਪਏ ਵਿੱਚ ਵੀ ਨਾ ਖ਼ਰੀਦੀਆਂ ਜਾ ਸਕਣ ਵਾਲੀਆਂ ਖ਼ੁਸ਼ੀਆਂ ਅਤੇ ਬੇਸ਼ਕੀਮਤੀ ਰਿਸ਼ਤੇ ਸਾਡੇ ਕੋਲੋਂ ਪੱਕੇ ਤੌਰ 'ਤੇ ਖੋਹ ਲਏ ਹਨ ਜਾਂ ਤੋੜ ਦਿੱਤੇ ਹਨ । ਇਸ ਵਰਤਾਰੇ ਨੇ ਹਰੇਕ ਵਰਗ, ਹਰੇਕ ਉਮਰ ਨੂੰ ਆਪਣੇ ਪਿੱਛੇ ਲਾਇਆ ਹੈ, ਇਸ ਵਰਤਾਰੇ ਤੋਂ ਕੋਈ ਵਿਰਲਾ ਹੀ ਬਚ ਪਾਇਆ ਹੈ ਕਿਉਕਿ ਸਾਡੇ ਮਨ ਤੇ ਬੇਗ਼ਾਨਿਆਂ ਦਾ ਪ੍ਰਭਾਵ ਹਮੇਸ਼ਾ ਭਾਰੂ ਰਿਹਾ ਹੈ, ਇਹ ਸਾਡੀ ਮਾਨਸਿਕਤਾ ਦੀ ਕਮਜ਼ੋਰੀ ਵੀ ਹੈ, ਮਜਬੂਰੀ ਵੀ।

ਇਸ ਵਰਤਾਰੇ ਵਿੱਚ ਵੀ ਅਸੀਂ ਪੱਛਮੀ ਸੱਭਿਅਤਾ ਤੋਂ ਪ੍ਰਭਾਵਿਤ ਹੋਏ ਨਜ਼ਰ ਆਉਦੇ ਹਾਂ। ਅਸੀਂ ਸਾਡੇ ਪੁਰਖਿਆਂ ਤੋਂ ਮਿਲੇ ਸੰਸਕਾਰਾਂ ਦੀ ਦੌਲਤ ਨੂੰ ਕਿੰਨਾਂ ਕੁ ਸਾਂਭ ਕੇ ਰੱਖ ਪਾਏ ਹਾਂ, ਇਸ ਗੱਲ ਦਾ ਮੰਥਨ ਜਾਂ ਸਮੁੱਚੇ ਤੌਰ 'ਤੇ ਹੀ ਸਾਨੂੰ ਆਤਮ-ਮੰਥਨ ਕਰਨ ਤੱਕ ਦੀ ਵਿਹਲ ਨਹੀਂ ਕਿਉਕਿ ਸਾਡਾ ਜ਼ਿਆਦਾਤਰ ਸਮਾਂ ਮੋਬਾਈਲ ਫੋਨ ਨਾਲ ਬਤੀਤ ਹੁੰਦਾ ਹੈ । ਅਸੀਂ ਆਪਣਾ ਸਾਰਾ ਕੁੱਝ ਛੇ ਕੁ ਇੰਚ ਦੀ ਦੁਨੀਆ ਵਿੱਚ ਗ੍ਰਸਤ ਹੋ ਕੇ ਗੁਆ ਬੈਠੇ ਹਾਂ ।

ਇਸ ਦੁਨੀਆ 'ਚੋਂ ਨਿਕਲ ਕੇ ਸਾਨੂੰ ਆਪਣੇ ਖਾਣ-ਪੀਣ, ਰਹਿਣ-ਸਹਿਣ ਤੱਕ ਲਈ ਵੀ ਢੁੱਕਵਾਂ ਸਮਾਂ ਦੇਣ ਦਾ ਖ਼ਿਆਲ ਨਹੀਂ ਰਹਿੰਦਾ। ਇੰਟਰਨੈੱਟ ਤੇ ਅਣਗਿਣਤ ਵੈੱਬਸਾਈਟਾਂ ਅਲੱਗ ਅਲੱਗ ਤਰ੍ਹਾਂ ਦੀ ਬੇਸ਼ੁਮਾਰ ਸਮੱਗਰੀ ਪਰੋਸ ਰਹੀਆਂ ਹਨ, ਜਿਨ੍ਹਾਂ ਵਿੱਚੋਂ ਕਿਸੇ ਨਾ ਕਿਸੇ ਨੇ ਸਾਨੂੰ ਲੁਭਾ ਹੀ ਲੈਣਾ ਹੁੰਦਾ ਹੈ। ਅਸੀਂ ਇਨ੍ਹਾਂ ਸਮੱਗਰੀਆਂ ਨੂੰ ਵੇਖਣ ਦੇ ਆਦਿ ਹੀ ਨਹੀਂ ਹੁੰਦੇ ਸਗੋਂ ਕਿਸੇ ਭੈੜੇ ਨਸ਼ੇ ਨਾਲੋਂ ਵੀ ਮਾੜੀ ਲਤ ਦੇ ਸ਼ਿਕਾਰ ਹੋ ਜਾਂਦੇ ਹਾਂ। ਅਸੀਂ ਹੋਰਨਾਂ ਕੰਮਾਂ ਨਾਲੋਂ ਜ਼ਿਆਦਾ ਤਰਜੀਹ ਆਪਣੀਆਂ ਚੁਣੀਆਂ ਹੋਈਆਂ ਵੈਬਸਾਈਟ ਸਮੱਗਰੀਆਂ ਵੇਖਣ ਨੂੰ ਦਿੰਦੇ ਹਾਂ, ਇਸ ਨੂੰ ਆਪਾਂ ਨਸ਼ਾ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ। ਕਈ ਤਾਂ ਸਾਰੀ ਸਾਰੀ ਰਾਤ ਨੈੱਟ ਨਾ ਚਿੰਬੜੇ ਰਹਿਣ ਕਰ ਕੇ ਅਗਲੇ ਦਿਨ ਆਪਣੇ ਦਫ਼ਤਰ 'ਚੋਂ ਛੁੱਟੀ ਮਾਰਨ ਤੱਕ ਦੇ ਬਹਾਨੇ ਸੋਚਦੇ ਹਨ ਅਤੇ ਕਈ ਕੁਵੇਲੇ ਸੌਣ ਕਰ ਕੇ ਅਗਲੀ ਸਵੇਰ ਉੱਠ ਹੀ ਨਹੀਂ ਪਾਉਂਦੇ ਅਤੇ ਕਿਸੇ ਨਾ ਕਿਸੇ ਦਿਨ ਆਪਣੀ ਨੌਕਰੀ ਗੁਆ ਲੈਂਦੇ ਹਨ ਜਾਂ ਕਾਰੋਬਾਰ ਤੱਕ ਨੂੰ ਡੋਬ ਬੈਠਦੇ ਹਨ। ਇੰਟਰਨੈੱਟ ਨੇ ਸਾਡੀ ਨਵੀਂ ਪੀੜ੍ਹੀ ਨੂੰ ਬੁਰੀ ਤਰ੍ਹਾਂ ਆਪਣੀ ਜਕੜ ਵਿੱਚ ਲੈ ਲਿਆ ਹੈ, ਬੱਚੇ ਆਪਣੀ ਪੜ੍ਹਾਈ-ਲਿਖਾਈ ਨਾਲੋਂ ਜ਼ਿਆਦਾ ਤਰਜੀਹ ਇਨ੍ਹਾਂ ਵੈਬਸਾਈਟਾਂ ਨੂੰ ਵੇਖਣ ਵਾਸਤੇ ਦਿੰਦੇ ਹਨ ਜਿਸ ਕਰਕੇ ਬਹੁਗਿਣਤੀ ਬੱਚੇ ਆਪਣੀ ਪੜ੍ਹਾਈ ਵਿੱਚੋਂ ਪੱਛੜ ਜਾਂਦੇ ਹਨ ਅਤੇ ਫੇਲ੍ਹ ਹੋ ਰਹੇ ਹਨ, ਇਨ੍ਹਾਂ ਬੇਤੁੱਕੀਆਂ ਚੀਜ਼ਾਂ ਦਾ ਸਾਡੇ ਸਮਾਜ ਨੇ ਇਸ ਕਦਰ ਤੱਕ ਕਬੂਲ ਲਿਆ ਹੈ ਕਿ ਅਸੀਂ ਮੁੜ ਤੋਂ ਗ਼ੁਲਾਮ ਹੋ ਗਏ ਹਾਂ, ਆਧੁਨਿਕ ਤਕਨਾਲੋਜੀ ਦੇ ਗ਼ੁਲਾਮ! ਜੇ ਸਾਨੂੰ ਕੋਈ ਟੋਕਦਾ ਜਾਂ ਰੋਕਦਾ ਹੈ ਅਸੀਂ ਉਸ ਨਾਲ ਲੜਨ ਤੱਕ ਨੂੰ ਤਿਆਰ ਰਹਿੰਦੇ ਹਾਂ ਜਾਂ ਉਸ ਤੋਂ ਕਿਨਾਰਾ ਕਰਨ ਲੱਗਦੇ ਹਾਂ ।

ਸਹੀ ਮਾਇਨਿਆਂ ਵਿੱਚ ਅਸੀਂ ਭਟਕ ਗਏ ਹਾਂ, ਥਿੜਕ ਗਏ ਹਾਂ, ਸਾਨੂੰ ਸਮਝ ਹੀ ਨਹੀਂ ਆ ਰਿਹਾ ਕਿ ਸਾਡੇ ਵਾਸਤੇ ਕੀ ਠੀਕ ਹੈ ਅਤੇ ਕੀ ਗ਼ਲਤ। ਅਸੀਂ ਗ਼ਲਤ ਨੂੰ ਗ਼ਲਤ ਸੁਣਨ ਲਈ ਵੀ ਤਿਆਰ ਨਹੀਂ ਅਤੇ ਨਾ ਠੀਕ ਜਾਣਨ ਵਾਸਤੇ, ਸਾਡੇ ਕੋਲ ਵਕਤ ਹੀ ਨਹੀਂ ਕਿਉਕਿ ਜੋ ਸਾਨੂੰ ਠੀਕ ਲੱਗ ਰਿਹਾ ਹੈ ਅਸੀਂ ਸਿਰਫ਼ ਓਹੀ ਸੁਣ ਸਕਦੇ ਹਾਂ, ਓਹੀ ਕਰਨਾ ਪਸੰਦ ਕਰਦੇ ਹਾਂ।


ਫਿਰ! ਅਸੀਂ ਕਿੱਧਰ ਨੂੰ ਜਾ ਰਹੇ ਹਾਂ? ਜਿੱਧਰ ਸਮੇਂ, ਪੈਸੇ ਅਤੇ ਸਰੀਰਕ ਬਰਬਾਦੀ ਤੋਂ ਵੱਧ ਕੇ ਕੁੱਝ ਪੱਲੇ ਨਹੀਂ ਪੈਣ ਵਾਲਾ ।ਸਾਡਾ ਹੋਰ ਵੀ ਬਹੁਤ ਕੁੱਝ ਵਿਗਾੜ ਰਿਹਾ ਇਹ ਮੋਬਾਈਲ ਨਾਂ ਦਾ ਯੰਤਰ! ਮੋਬਾਈਲ ਫੋਨ ਨੇ ਸਾਡੇ ਪਰਿਵਾਰਕ ਵਿਸ਼ਵਾਸ ਉਪਰ ਵੀ ਸਵਾਲੀਆਂ ਚਿੰਨ੍ਹ ਲਗਾ ਦਿੱਤੇ ਹਨ, ਹਰੇਕ ਆਪਣੀ ਪ੍ਰਾਈਵੇਸੀ ਯਾਨਿ ਨਿੱਜਤਾ ਦੀ ਗੱਲ ਕਰਦਾ ਹੈ ਇੱਥੋਂ ਤਕ ਕਿ ਜੇਕਰ ਪਰਿਵਾਰ ਦਾ ਕੋਈ ਮੈਂਬਰ ਦੂਸਰੇ ਪਰਿਵਾਰਕ ਮੈਂਬਰ ਦਾ ਫੋਨ ਚੁੱਕ ਕੇ ਵੇਖਣ ਲੱਗਦਾ ਹੈ ਤਾਂ ਲੜਾਈ ਤੱਕ ਦੀ ਨੌਬਤ ਆ ਜਾਂਦੀ ਹੈ, ਮੋਬਾਈਲ 'ਤੇ ਹੁੰਦੀ ਗੱਲਬਾਤ ਸ਼ੱਕ ਪੈਦਾ ਕਰਦੀ ਹੈ ਅਤੇ ਕਲੇਸ਼ ਜਨਮ ਲੈਂਦਾ ਹੈ ਸਿਆਣਿਆਂ ਦੇ ਕਹਿਣ ਮੁਤਾਬਿਕ ਕਲੇਸ਼ ਦਾ ਮੂੰਹ ਹਮੇਸ਼ਾ ਕਾਲਾ ਹੁੰਦਾ ਹੈ। ਵਿਵਾਹਿਕ ਜੀਵਨ ਵਿੱਚ ਖੱਟਾਸ ਦਾ ਸਭ ਤੋਂ ਵੱਡਾ ਕਾਰਨ ਇਹ ਮੋਬਾਈਲ ਹੀ ਤਾਂ ਹੈ। ਮੋਬਾਈਲ ਫੋਬੀਆ ਅਜਿਹੀ ਬਿਮਾਰੀ ਹੈ ਕਿ ਲੋਕੀ ਸ਼ਮਸ਼ਾਨ ਜਾਂ ਹਸਪਤਾਲ ਵਰਗੀਆਂ ਥਾਵਾਂ 'ਤੇ ਮੋਬਾਈਲ ਵਿੱਚ ਵੜੇ ਨਜ਼ਰ ਆਉਦੇ ਹਨ। ਇਸ ਯੰਤਰ ਨੂੰ ਸੁੱਚਤਾ ਜਾਂ ਅਸੁੱਚਤਾ ਵਾਲੀਆਂ ਸਾਰੀਆਂ ਥਾਵਾਂ 'ਤੇ ਲੈ ਕੇ ਜਾਂਦੇ ਹਾਂ ਕੀ ਇਸ 'ਤੇ ਕੋਈ ਅਸ਼ੁੱਧਤਾ ਕੰਮ ਨਹੀਂ ਕਰਦੀ ਜਦੋਂ ਕਿ ਅਸੀਂ ਸਫ਼ਾਈ ਰੱਖਣ ਦੇ ਰਾਗ ਅਲਾਪਣ ਦੇ ਆਦੀ ਹਾਂ ਫਿਰ ਇਹ ਯੰਤਰ ਅਸ਼ੁੱਧਤਾ ਰਹਿਤ ਕਿਵੇਂ ਬਣ ਗਿਆ, ਜਿਸਨੂੰ ਅਸੀਂ ਹਰ ਥਾਂ ਚੁੱਕੀ ਫਿਰਦੇ ਹਾਂ, ਬਹੁਤੇ ਤਾਂ ਨਿੱਤਨੇਮ-ਪਾਠ ਆਦਿ ਵੀ ਏਸੇ ਤੋਂ ਪੜ੍ਹ ਕੇ ਜਾਂ ਸੁਣ ਕਰਦੇ ਹਨ।

ਸੱਚਮੁੱਚ ਅਸੀਂ ਮੰਜ਼ਿਲ ਟੀਚੇ ਭੁੱਲ ਭੁੱਲਾ ਕੇ, ਮਕਸਦਾਂ ਤੋਂ ਭਟਕ ਗਏ ਹਾਂ ਜਾਂ ਸਾਨੂੰ ਇਸ ਆਧੁਨਿਕ 'ਮੋਬਾਇਲੀ ਬਿਮਾਰੀ' ਨੇ ਭਟਕਾ ਦਿੱਤਾ ਹੈ। ਸਾਨੂੰ ਪਹਿਲ ਦੇ ਅਧਾਰ 'ਤੇ ਇਸ ਬਿਮਾਰੀ ਦਾ ਇਲਾਜ ਕਰਵਾਉਣ ਜਾਂ ਇਸ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ ਨਹੀਂ ਤਾਂ ਬਹੁਤ ਨੁਕਸਾਨ ਹੋਵੇਗਾ।

ਸਾਨੂੰ ਸੱਚਮੁੱਚ ਸਮਝ ਨਹੀਂ ਆ ਰਿਹਾ ਕਿ ਸਾਡੀ ਅਸਲ ਮੰਜ਼ਿਲ ਕੀ ਸੀ ਜਾਂ ਕੀ ਹੈ ਤੇ ਹੁਣ ਉਸ ਵੱਲ ਚੱਲਣ ਦੀ ਜਾਂ ਉਸ ਨੂੰ ਹਾਸਿਲ ਕਰਨ ਦੀ ਬਜਾਏ, ਅਸੀਂ ਮੋਬਾਇਲ ਰੂਪੀ ਗਤੀਰੋਧਕ ਨੇ ਅਟਕਾ ਲਏ ਹਾਂ ਅਤੇ ਮੰਜ਼ਿਲੋਂ ਭਟਕੇ ਰਾਹੀ ਵਾਂਗ ਸਾਨੂੰ ਪਤਾ ਲੱਗ ਰਿਹਾ ਕਿ ਆਖ਼ਿਰ! ਅਸੀਂ ਕਿਧਰ ਨੂੰ ਜਾ ਰਹੇ ਹਾਂ। ਸੋ ਸਾਨੂੰ ਸੁਹਿਰਤਾ ਨਾਲ, ਇਸ ਵਰਤਾਰੇ ਵਿੱਚੋਂ ਨਿਕਲ ਕੇ, ਕਿਸੇ ਅਣਸੁਖ਼ਾਵੀਂ ਘਟਨਾ ਵਾਪਰਨ ਤੋਂ ਪਹਿਲਾਂ ਪਹਿਲਾਂ, ਆਪਣੇ ਅੰਦਰੋਂ ਗੁਆਚੇ ਆਪ ਨੂੰ ਯਾਨਿ ਖ਼ੁਦ ਨੂੰ ਤਲਾਸ਼ਣ ਦੀ, ਤੁਰੰਤ ਸਖ਼ਤ ਤੋਂ ਸਖ਼ਤ ਜ਼ਰੂਰਤ ਹੈ।

# ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ ਲੋਕ ਸਭਾ ਚੋਣਾਂ ?

ਹਰਜਿੰਦਰ ਸਿੰਘ ਲਾਲ



ਦੇਸ਼ ਦੀਆਂ ਲੋਕ ਸਭਾ ਚੋਣਾਂ ਅਪ੍ਰੈਲ-ਮਈ 2024 ਨੂੰ ਹੋਣੀਆਂ ਹਨ। ਜਦੋਂ ਕਿ ਅਪ੍ਰੈਲ ਵਿਚ ਹੀ ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼ ਅਤੇ ਓਡੀਸ਼ਾ ਦੀਆਂ ਚੋਣਾਂ ਵੀ ਹੋਣੀਆਂ ਹਨ। ਇਸ ਤੋਂ ਪਹਿਲਾਂ ਨਵੰਬਰ 2023 ਵਿਚ ਛੱਤੀਸਗੜ੍ਹ, ਮੱਧ ਪ੍ਰਦੇਸ਼, ਮਿਜ਼ੋਰਮ ਅਤੇ ਦਸੰਬਰ 2023 ਵਿਚ ਰਾਜਸਥਾਨ, ਤੇਲੰਗਾਨਾ ਅਤੇ ਸੰਭਾਵਿਤ ਰੂਪ ਵਿਚ ਜੰਮੂ-ਕਸ਼ਮੀਰ ਦੀਆਂ ਚੋਣਾਂ ਵੀ ਹੋਣੀਆਂ ਹਨ। ਕਰਨਾਟਕ ਵਿਚ ਭਾਜਪਾ ਦੀ ਵੱਡੀ ਹਾਰ ਨੇ ਭਾਜਪਾ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿਸ ਕਰਕੇ ਇਹ ਚਰਚਾ ਵੀ ਚੱਲ ਰਹੀ ਹੈ ਕਿ ਭਾਜਪਾ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਣ ਵਾਲੀਆਂ ਇਨ੍ਹਾਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਕਿਸੇ ਵੱਡੀ ਹਾਰ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੈ, ਕਿਉਂਕਿ ਜੇ ਕਰਨਾਟਕ ਤੋਂ ਬਾਅਦ ਅਤੇ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਭਾਜਪਾ ਵਿਧਾਨ ਸਭਾ ਚੋਣਾਂ ਵਿਚ ਦੁਬਾਰਾ ਹਾਰਦੀ ਹੈ ਤਾਂ ਇਸ ਦਾ ਵੱਡਾ ਅਸਰ ਲੋਕ ਸਭਾ ਚੋਣਾਂ 'ਤੇ ਵੀ ਦੇਖਣ ਨੂੰ ਮਿਲ ਸਕਦਾ ਹੈ।

ਇਸੇ ਲਈ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਇਹੋ ਜਿਹੀ ਸਥਿਤੀ ਤੋਂ ਬਚਣ ਲਈ ਭਾਜਪਾ ਲੋਕ ਸਭਾ ਚੋਣਾਂ ਵਕਤ ਤੋਂ ਪਹਿਲਾਂ ਵੀ ਕਰਵਾ ਸਕਦੀ ਹੈ। ਇਹ ਚਰਚਾ ਇਸ ਲਈ ਵੀ ਤੇਜ਼ ਹੋ ਗਈ ਹੈ, ਕਿਉਂਕਿ ਜੇਕਰ ਲੋਕ ਸਭਾ ਚੋਣਾਂ ਵਕਤ ਤੋਂ ਪਹਿਲਾਂ ਕਰਵਾ ਲਈਆਂ ਜਾਂਦੀਆਂ ਹਨ ਤਾਂ ਇਸ ਦਾ ਸਿੱਧਾ ਫਾਇਦਾ ਭਾਜਪਾ ਨੂੰ ਮਿਲ ਸਕਦਾ ਹੈ। ਸਮਝਿਆ ਜਾ ਰਿਹਾ ਹੈ ਕਿ ਜੇਕਰ ਭਾਜਪਾ ਅਜਿਹਾ ਫ਼ੈਸਲਾ ਲੈਂਦੀ ਹੈ ਤਾਂ 2023 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੇ ਲੋਕ ਸਭਾ ਚੋਣਾਂ ਇਕੋ ਸਮੇਂ ਹੋਣਗੀਆਂ। ਬਲਕਿ ਇਹ ਸੰਭਾਵਨਾ ਵੀ ਵਿਚਾਰੀ ਜਾ ਰਹੀ ਦੱਸੀ ਜਾਂਦੀ ਹੈ ਕਿ, ਕੀ ਅਪ੍ਰੈਲ 2024 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵੀ ਪਹਿਲਾਂ ਕਰਵਾਈਆਂ ਜਾ ਸਕਦੀਆਂ ਹਨ? ਵੈਸੇ ਭਾਜਪਾ ਹਲਕੇ ਪਹਿਲਾਂ ਵੀ ਕਈ ਵਾਰ ਚਰਚਾ ਕਰ ਚੁੱਕੇ ਹਨ ਕਿ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਵਾਉਣ ਬਾਰੇ ਸੋਚਣਾ ਚਾਹੀਦਾ ਹੈ। ਇਸ ਨਾਲ ਚੋਣਾਂ 'ਤੇ ਹੋਣ ਵਾਲਾ ਵੱਡਾ ਖਰਚ ਬਚਾਇਆ ਜਾ ਸਕਦਾ ਹੈ।

ਸਮਝਿਆ ਜਾਂਦਾ ਹੈ ਕਿ ਜੇਕਰ ਭਾਜਪਾ ਕੋਈ ਅਜਿਹਾ ਫ਼ੈਸਲਾ ਲੈਂਦੀ ਹੈ ਤਾਂ ਇਸ ਦੇ ਸਪੱਸ਼ਟ ਲਾਭ ਭਾਜਪਾ ਨੂੰ ਹੋ ਸਕਦੇ ਹਨ। ਸਭ ਤੋਂ ਪਹਿਲਾ ਫਾਇਦਾ ਤਾਂ ਭਾਜਪਾ ਨੂੰ ਇਹ ਹੀ ਹੋਵੇਗਾ ਕਿ ਵਿਰੋਧੀ ਪਾਰਟੀਆਂ ਕੋਲ ਏਕਤਾ ਕਰਨ ਲਈ ਸਮਾਂ ਕਾਫੀ ਘੱਟ ਰਹਿ ਜਾਵੇਗਾ। ਕਈ ਲੋਕ ਤਾਂ ਇਸ ਸੰਭਾਵਿਤ ਫ਼ੈਸਲੇ ਨੂੰ ਵਿਰੋਧੀ ਧਿਰਾਂ ਦੀ ਏਕਤਾ ਦੇ ਯਤਨਾਂ 'ਤੇ ਇਕ ਤਰ੍ਹਾਂ ਨਾਲ ਭਾਜਪਾ ਦੀ ਸਰਜੀਕਲ ਸਟਰਾਈਕ ਦੱਸ ਰਹੇ ਹਨ।

ਪਿਛਲੀਆਂ ਕੁਝ ਚੋਣਾਂ ਵਿਚ ਇਕ ਹੋਰ ਗੱਲ ਵੀ ਕਾਫ਼ੀ ਉੱਭਰ ਕੇ ਸਾਹਮਣੇ ਆਈ ਹੈ ਕਿ ਲੋਕ ਸਭਾ ਚੋਣਾਂ ਵਿਚ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ ਬਹੁਤ ਵੱਡਾ ਅਸਰ ਕਰਦੀ ਹੈ, ਪਰ ਵਿਧਾਨ ਸਭਾ ਚੋਣਾਂ ਵਿਚ ਲੋਕ ਕਈ ਵਾਰ ਸਥਾਨਕ ਹਾਲਤ ਨੂੰ ਤਰਜੀਹ ਦਿੰਦੇ ਹਨ। ਇਸ ਲਈ ਜੇਕਰ ਵਿਧਾਨ ਸਭਾ ਚੋਣਾਂ ਲੋਕ ਸਭਾ ਚੋਣਾਂ ਦੇ ਨਾਲ ਹੀ ਹੋਣ ਤਾਂ ਉਨ੍ਹਾਂ ਖੇਤਰਾਂ ਵਿਚ ਪ੍ਰਧਾਨ ਮੰਤਰੀ ਦੀ ਅਪੀਲ ਦਾ ਅਸਰ ਵਿਧਾਨ ਸਭਾ ਚੋਣਾਂ ਵਿਚ ਵੀ ਵੱਧ ਹੋਵੇਗਾ। ਫਿਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਤਰ੍ਹਾਂ ਭਾਜਪਾ ਨੂੰ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕਿਸੇ ਅਜਿਹੀ ਹਾਰ ਦਾ ਡਰ ਵੀ ਨਹੀਂ ਰਹੇਗਾ ਜੋ ਲੋਕ ਸਭਾ ਚੋਣਾਂ ਵਿਚ ਭਾਜਪਾ ਦੀਆਂ ਸੰਭਾਵਨਾਵਾਂ 'ਤੇ ਕੋਈ ਬੁਰਾ ਅਸਰ ਪਾ ਸਕੇਗੀ।

ਉਂਝ ਇਹ ਵੀ ਨਹੀਂ ਹੈ ਕਿ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਇਸ ਸੰਭਾਵਨਾ ਤੋਂ ਪੂਰੀ ਤਰ੍ਹਾਂ ਬੇਖ਼ਬਰ ਹਨ। ਇਹੀ ਕਾਰਨ ਹੈ ਕਿ ਵਿਰੋਧੀ ਪਾਰਟੀਆਂ ਨੇ ਏਕਤਾ ਦੇ ਯਤਨ ਕਾਫ਼ੀ ਤੇਜ਼ ਕਰ ਦਿੱਤੇ ਹਨ। ਵਿਰੋਧੀ ਧਿਰਾਂ ਨੇ ਪਹਿਲਾਂ ਦਿੱਲੀ ਅਤੇ ਕੋਲਕਾਤਾ ਵਿਚ ਸ਼ੁਰੂਆਤੀ ਮੀਟਿੰਗਾਂ ਕੀਤੀਆਂ ਹਨ। ਹੁਣ 23 ਜੂਨ, 2023 ਨੂੰ 18 ਵਿਰੋਧੀ ਪਾਰਟੀਆਂ ਵਲੋਂ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਪਹਿਲ 'ਤੇ ਪਟਨਾ ਸੰਮੇਲਨ ਕੀਤਾ ਜਾ ਰਿਹਾ ਹੈ। ਇਸ ਸੰਮੇਲਨ ਵਿਚ ਇਕ ਲੋਕ ਸਭਾ ਹਲਕੇ ਤੋਂ ਇਕ ਹੀ ਉਮੀਦਵਾਰ ਖੜ੍ਹਾ ਕਰਨ ਦੇ ਢੰਗ ਤਰੀਕੇ ਵਿਚਾਰੇ ਜਾਣਗੇ ਅਤੇ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਹ ਮੀਟਿੰਗ ਇਕ ਦਿਨ ਦੀ ਹੈ। ਜਦੋਂ ਕਿ ਇਸ ਤੋਂ ਬਾਅਦ ਜਲਦੀ ਹੀ ਕਾਂਗਰਸ ਵਲੋਂ ਵਿਰੋਧੀ ਧਿਰਾਂ ਦੀ ਇਕ 2 ਦਿਨਾ ਮੀਟਿੰਗ ਹਿਮਾਚਲ ਪ੍ਰਦੇਸ਼ ਵਿਚ ਬੁਲਾਈ ਜਾ ਰਹੀ ਦੱਸੀ ਜਾਂਦੀ ਹੈ। ਜਿਸ ਵਿਚ ਪਟਨਾ ਤੋਂ ਵਧੇਰੇ ਵਿਰੋਧੀ ਪਾਰਟੀਆਂ ਦੀ ਸ਼ਿਰਕਤ ਦੇ ਆਸਾਰ ਹਨ। ਹਿਮਾਚਲ ਦੀ ਮੀਟਿੰਗ ਵਿਚ ਵਿਰੋਧੀ ਧਿਰਾਂ ਦੇ ਨਵੇਂ ਗੱਠਜੋੜ ਦੇ ਨਾਂਅ ਬਾਰੇ ਵੀ ਵਿਚਾਰ ਕੀਤੀ ਜਾਵੇਗੀ ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ, ਕੀ ਵਿਰੋਧੀ ਧਿਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਾਹਮਣਾ ਕਰਨ ਲਈ ਵਿਰੋਧੀ ਧਿਰ ਦੇ ਸਰਬ ਪ੍ਰਵਾਨਿਤ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਚੁਣ ਸਕਦੀਆਂ ਹਨ ਜਾਂ ਨਹੀਂ? ਹਾਲਾਂਕਿ ਹਾਲ ਦੀ ਘੜੀ ਨਿਤਿਸ਼ ਕੁਮਾਰ ਦਾ ਨਾਂਅ ਹੀ ਸਭ ਤੋਂ ਅੱਗੇ ਚੱਲ ਰਿਹਾ ਹੈ। ਉਂਜ ਇਹ ਸੰਭਾਵਨਾ ਦੱਸੀ ਜਾ ਰਹੀ ਹੈ ਕਿ ਨਵੇਂ ਗੱਠਜੋੜ ਜਿਸ ਦਾ ਨਾਂਅ ਯੂ.ਪੀ.ਏ.-3 ਜਾਂ ਕੁਝ ਵੀ ਨਵਾਂ ਹੋ ਸਕਦਾ ਹੈ, ਦੇ ਚੇਅਰਮੈਨ ਦੇ ਨਾਂਅ ਦਾ ਫ਼ੈਸਲਾ ਵੀ ਹਿਮਾਚਲ ਵਿਚ ਹੋਣ ਵਾਲੀ ਵਿਰੋਧੀ ਦਲਾਂ ਦੀ ਮੀਟਿੰਗ ਵਿਚ ਕੀਤਾ ਜਾ ਸਕਦਾ ਹੈ। ਭਾਜਪਾ ਅਤੇ ਵਿਰੋਧੀ ਧਿਰਾਂ ਉਹੀ ਕਰਨਗੀਆਂ, ਜਿਸ ਦੀ ਉਨ੍ਹਾਂ ਨੂੰ ਜ਼ਰੂਰਤ ਮਹਿਸੂਸ ਹੋਵੇਗੀ। ਦੋਵੇਂ ਹੀ ਧਿਰਾਂ ਪ੍ਰਸਿੱਧ ਸ਼ਾਇਰ ਜੋਸ਼ ਮਲਸਿਆਨੀ ਦੇ ਸ਼ਿਅਰ ਵਰਗੀ ਸਥਿਤੀ ਵਿਚ ਹਨ:

**ਜ਼ਰੂਰਤ ਹੋ ਤੋ ਮਰ ਮਿਟਨੇ ਕੀ**
**ਹਿੰਮਤ ਹਮ ਭੀ ਰਖ਼ਤੇ ਹੈਂ॥**
**ਯੇ ਜੁਰਅਤ ਯੇ ਸ਼ੁਜਾਅਤ ਯੇ**
**ਬਸਾਲਤ ਹਮ ਭੀ ਰਖ਼ਤੇ ਹੈਂ॥**

ਕੇਜਰੀਵਾਲ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ?

ਇਸ ਵੇਲੇ ਦਿੱਲੀ ਦੇ ਰਾਜਨੀਤਕ ਹਲਕਿਆਂ ਵਿਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਸੀ.ਬੀ.ਆਈ. ਵਲੋਂ ਕਿਸੇ ਵੇਲੇ ਵੀ ਗ੍ਰਿਫ਼ਤਾਰੀ ਸੰਭਵ ਹੈ। ਕੁਝ ਲੋਕ ਇਸ ਨੂੰ ਲੋਕ ਸਭਾ ਚੋਣਾਂ ਸਮੇਂ ਸਿਰ ਜਾਂ ਸਮੇਂ ਤੋਂ ਪਹਿਲਾਂ ਹੋਣ ਨਾਲ ਵੀ ਜੋੜ ਕੇ ਵੇਖਦੇ ਹਨ। ਕੁਝ ਲੋਕ ਇਸ ਨੂੰ ਕੇਜਰੀਵਾਲ ਵਲੋਂ ਕੇਂਦਰ ਸਰਕਾਰ ਵਲੋਂ ਜਾਰੀ 'ਸੇਵਾਵਾਂ ਤੇ ਕੰਟਰੋਲ' ਵਾਲੇ ਆਰਡੀਨੈਂਸ ਦੇ ਵਿਰੋਧ ਵਿਚ ਰਾਜ ਸਭਾ ਵਿਚ ਇਸ ਨੂੰ ਕਾਨੂੰਨ ਬਣਨ ਤੋਂ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਨਾਲ ਵੀ ਜੋੜ ਕੇ ਦੇਖ ਰਹੇ ਹਨ, ਪਰ ਸੱਚ ਇਹੀ ਹੈ ਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਆਮ ਤੌਰ 'ਤੇ ਭਾਜਪਾ ਰਾਜ ਸਭਾ ਵਿਚ ਪੇਸ਼ ਬਿੱਲਾਂ ਨੂੰ ਪਾਸ ਕਰਵਾਉਣ ਵਿਚ ਸਫਲ ਹੀ ਹੁੰਦੀ ਰਹੀ ਹੈ। ਹੁਣ ਤਾਂ ਖ਼ੈਰ ਭਾਜਪਾ ਤੇ ਵਿਰੋਧੀ ਧਿਰਾਂ ਦੇ ਰਾਜ ਸਭਾ ਮੈਂਬਰਾਂ ਦੀ ਗਿਣਤੀ ਵਿਚ ਬਹੁਤ ਥੋੜ੍ਹਾ ਫ਼ਰਕ ਰਹਿ ਗਿਆ ਹੈ, ਪਰ ਜਦੋਂ ਇਹ ਫ਼ਰਕ ਬਹੁਤ ਵੱਡਾ ਸੀ, ਉਸ ਵੇਲੇ ਵੀ ਭਾਜਪਾ ਰਾਜ ਸਭਾ ਵਿਚ ਬਿੱਲ ਪਾਸ ਕਰਵਾਉਣ ਵਿਚ ਸਫ਼ਲ ਹੁੰਦੀ ਹੀ ਰਹੀ ਹੈ। ਸ਼ਰਾਬ ਘੁਟਾਲੇ ਦੇ ਕੇਸ ਦੀ ਸ਼ਿੱਦਤ ਨਾਲ ਪੈਰਵੀ ਕਰ ਰਹੇ ਭਾਜਪਾ ਨੇਤਾ ਮਨਜਿੰਦਰ ਸਿੰਘ ਸਿਰਸਾ ਇਨ੍ਹਾਂ ਕਾਰਨਾਂ ਨੂੰ ਕੋਈ ਮਹੱਤਵ ਨਹੀਂ ਦਿੰਦੇ। ਸਗੋਂ ਉਨ੍ਹਾਂ ਦਾ ਕਹਿਣਾ ਹੈ ਕਿ ਸਮਾਂ ਆਉਣ 'ਤੇ ਸਭ ਕੁਝ ਸਾਫ਼ ਹੋ ਜਾਏਗਾ ਕਿ ਸ਼ਰਾਬ ਘੁਟਾਲਾ ਅਰਵਿੰਦ ਕੇਜਰੀਵਾਲ ਦੀ ਸਹਿਮਤੀ ਨਾਲ ਹੀ ਹੋਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਰਾਜ ਸਭਾ ਸੈਸ਼ਨ ਵਿਚ ਤਾਂ ਅਜੇ ਕਾਫ਼ੀ ਸਮਾਂ ਬਾਕੀ ਹੈ। ਕੇਜਰੀਵਾਲ ਤਾਂ ਅਸਲ ਵਿਚ ਖ਼ੁਦ ਨੂੰ ਬਚਾਉਣ ਦੀ ਲੜਾਈ ਹੀ ਲੜ ਰਹੇ ਹਨ।

ਇਸ ਦਰਮਿਆਨ ਦਿੱਲੀ ਵਿਚ ਇਕ ਹੋਰ ਚਰਚਾ ਵੀ ਸਿਖ਼ਰ 'ਤੇ ਹੈ ਕਿ ਜੇਕਰ ਕੇਜਰੀਵਾਲ ਗ੍ਰਿਫ਼ਤਾਰ ਹੁੰਦੇ ਹਨ ਤਾਂ ਕੀ ਉਹ ਆਮ ਆਦਮੀ ਪਾਰਟੀ ਦੇ ਮੁਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ ਅਤੇ ਜੇ ਉਹ ਅਹੁਦਾ ਛੱਡਣਗੇ ਤਾਂ ਉਨ੍ਹਾਂ ਦਾ ਜਾਨਸ਼ੀਨ ਕੌਣ ਹੋਵੇਗਾ? ਸਾਡੀ ਸਮਝ ਮੁਤਾਬਿਕ ਅਰਵਿੰਦ ਕੇਜਰੀਵਾਲ ਦੀ ਕੋਸ਼ਿਸ਼ ਇਹੀ ਰਹੇਗੀ ਕਿ ਉਹ ਗ੍ਰਿਫ਼ਤਾਰੀ ਤੋਂ ਬਾਅਦ ਵੀ ਮੁਖੀ ਬਣੇ ਰਹਿਣਗੇ, ਪਰ ਅਜਿਹੀ ਸਥਿਤੀ ਵਿਚ ਉਹ ਕਿਸੇ ਨੂੰ ਕਾਰਜਕਾਰੀ ਮੁਖੀ ਲਾ ਸਕਦੇ ਹਨ। ਇਸ ਵੇਲੇ ਇਸ ਅਹੁਦੇ ਲਈ ਜੋ ਨਾਂਅ ਚਰਚਾ ਵਿਚ ਹਨ ਉਨ੍ਹਾਂ ਵਿਚ ਪਹਿਲਾ ਨਾਂਅ ਪਾਰਟੀ ਨੇਤਾ ਸੰਜੈ ਸਿੰਘ ਦਾ ਹੈ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਰਾਘਵ ਚੱਢਾ ਅਤੇ 'ਆਪ' ਨੇਤਾ ਗੋਪਾਲ ਰਾਣੇ ਦੇ ਨਾਂਅ ਵੀ ਚਰਚਾ ਵਿਚ ਹਨ। ਪਰ ਇਕ ਹੋਰ ਨਾਂਅ ਦਾ ਜ਼ਿਕਰ ਵੀ ਵਾਰ-ਵਾਰ ਸੁਣਾਈ ਦੇ ਰਿਹਾ ਹੈ ਕਿ ਸ੍ਰੀ ਕੇਜਰੀਵਾਲ ਇਹ ਜ਼ਿੰਮੇਵਾਰੀ ਆਪਣੀ ਪਤਨੀ ਸੁਨੀਤਾ ਕੇਜਰੀਵਾਲ ਨੂੰ ਵੀ ਸੌਂਪ ਸਕਦੇ ਹਨ। ਬਾਕੀ ਤਾਂ ਸਮਾਂ ਸਮਰੱਥ ਹੈ, ਉਹ ਦੱਸੇਗਾ ਕਿ, ਕੀ ਹੋਣਾ ਹੈ।

**ਵਕਤ ਕੀ ਪਾਬੰਦ ਹੈਂ ਆਤੀ ਜਾਤੀ ਰੌਨਕੇਂ,**
**ਵਕਤ ਹੈ ਫੂਲੋਂ ਕੀ ਸੇਜ ਵਕਤ ਹੈ ਕਾਂਟੋਂ ਕਾ ਤਾਜ॥**
(ਸਾਹਿਰ ਲੁਧਿਆਣਵੀ)

ਹਰਿਮੰਦਰ ਦੇ ਉਪਰ ਹਮਲਾ ਪੁੱਤ ਸਿੱਖਾਂ ਦੇ ਸਹਿ ਨਹੀ ਸਕਦੇ ਇਹ ਵੀ ਸੱਚ ਹੈ ਕਰਨੇ ਵਾਲੇ ਕਦੇ ਜਿਉਂਦੇ ਰਹਿ ਨਹੀ ਸਕਦੇ

# ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟੁਲੈਰੀ ਵਿਖੇ 1984 ਦੇ ਮਹਾਨ ਸ਼ਹੀਦਾਂ ਦੀ ਯਾਦ ’ਚ ਸ਼ਹੀਦੀ ਸਮਾਗਮ


## ਕੌਮ ਲਈ ਜਾਨਾਂ ਵਾਰਨ ਵਾਲੇ ਯੋਧਿਆ ਦੇ ਪਰਿਵਾਰਾਂ ਦਾ ਕੀਤਾ ਗਿਆ ਸਨਮਾਨ

## 40 ਸਾਲ ਹੋ ਗਏ ਸਿੱਖਾਂ ਨੂੰ ਇਨਸਾਫ ਨਹੀ ਮਿਲਿਆ ਅੱਜ ਵੀ ਸਿੱਖਾਂ ਦੇ ਕਾਤਿਲ ਬੇਖੌਫ ਅਜ਼ਾਦ ਘੁੰਮ ਰਹੇ : ਸ. ਤਰਸੇਮ ਸਿੰਘ ਖਾਲਸਾ ਟੁਲੇਰੀ








ਟੁਲੇਰੀ : ਕੈਲੀਫੋਰਨੀਆ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟੁਲੈਰੀ ਵਿਖੇ 1984 ਦੇ ਮਹਾਨ ਸ਼ਹੀਦਾਂ ਦੀ ਯਾਦ ’ਚ ਸ਼ਹੀਦੀ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਭਾਰੀ ਗਿਣਤੀ ’ਚ ਸੰਗਤਾਂ ਨੇ ਹਾਜ਼ਰੀਆਂ ਭਾਰੀਆ ਅਤੇ ਕੌਮ ਲਈ ਜਾਨਾਂ ਵਾਰਨ ਵਾਲੇ ਯੋਧਿਆਂ ਦੇ ਪਰਿਵਾਰਾਂ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਕੀਤਾ ਗਿਆ। ਮਹਾਨ ਸ਼ਹੀਦਾਂ ਦੀ ਯਾਦ ਵਿੱਚ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਹਜ਼ੂਰੀ ਰਾਗੀ ਭਾਈ ਇੰਦਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਅਤੇ ਉਪਰੋਕਤ ਢਾਡੀ ਜਥਾ ਸੁਖਵਿੰਦਰ ਸਿੰਘ ਅਨਮੋਲ ਦੇ ਜਥੇ ਨੇ ਵੀਰ ਰੱਸ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸਾਬਕਾ ਹਜ਼ੂਰੀ ਰਾਗੀ ਹਰਿਮੰਦਰ ਸਾਹਿਬ, ਭਾਈ ਅੱਤਰ ਸਿੰਘ ਤੇ ਭਾਈ ਰਤਨ ਸਿੰਘ ਨੇ ਹਾਜ਼ਰੀ ਭਰੀ ਅਤੇ ਸਿੰਘ ਸਾਹਿਬ ਭਾਈ ਰਾਮ ਸਿੰਘ ਮੁਖੀ ਦਮਦਮੀ ਟਕਸਾਲ ਨੇ ਜੂਨ 1984 ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਅਮਰ ਸ਼ਹੀਦ ਭਾਈ ਅਮਰੀਕ ਸਿੰਘ ਬੇਦੀ, ਪ੍ਰਮਜੀਤ ਕੌਰ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ













ਹਰਿਮੰਦਰ ਦੇ ਉਪਰ ਹਮਲਾ ਪੁੱਤ ਸਿੱਖਾਂ ਦੇ ਸਹਿ ਨਹੀ ਸਕਦੇ ਇਹ ਵੀ ਸੱਚ ਹੈ ਕਰਨੇ ਵਾਲੇ ਕਦੇ ਜਿਉਂਦੇ ਰਹਿ ਨਹੀ ਸਕਦੇ

# ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟੁਲੈਰੀ ਵਿਖੇ 1984 ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ

## ਕੌਮ ਲਈ ਜਾਨਾਂ ਵਾਰਨ ਵਾਲੇ ਯੋਧਿਆ ਦੇ ਪਰਿਵਾਰਾਂ ਦਾ ਕੀਤਾ ਗਿਆ ਸਨਮਾਨ

### 40 ਸਾਲ ਹੋ ਗਏ ਸਿੱਖਾਂ ਨੂੰ ਇਨਸਾਫ ਨਹੀ ਮਿਲਿਆ ਅੱਜ ਵੀ ਸਿੱਖਾਂ ਦੇ ਕਾਤਿਲ ਬੇਖੌਫ ਅਜ਼ਾਦ ਘੁੰਮ ਰਹੇ : ਸ. ਤਰਸੇਮ ਸਿੰਘ ਖਾਲਸਾ ਟੁਲੇਰੀ













ਭਰੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਵਿਸ਼ੇਸ਼ ਸੱਦੇ 'ਤੇ ਪਹੁੰਚੇ ਸੈਨਹੋਜ਼ੇ ਤੋਂ ਭਾਈ ਸੁਖਦੇਵ ਸਿੰਘ ਬੈਨੀਪਾਲ ਅਤੇ ਐਸ ਕਾਲਰਾ ਨੂੰ ਕੈਲੀਫੋਰਨੀਆ ਸਟੇਟ ਵਿਚ ਸਿੱਖਾਂ ਦੇ 2 ਮਤੇ ਪਾਸ ਕਰਵਾਉਣ ਲਈ ਸਨਮਾਨਿਤ ਕੀਤਾ ਗਿਆ। ਪਹਿਲਾ



ਮਤਾ ਗੁਰੂ ਗ੍ਰੰਥ ਸਾਹਿਬ ਨੂੰ ਲਿਵਿੰਗ ਗੁਰੂ ਜਾਗਤਜੋਤ ਦਾ ਦਰਜਾ ਅਤੇ ਦੂਜਾ ਮਤਾ ਸਿੱਖ ਇਕ ਵੱਖਰੀ ਕੌਮ ਹੈ, ਇਹ ਸਾਰਾ ਉਪਰਾਲਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸੈਨਹੋਜ਼ੇ ਗੁਰੂ ਘਰ ਦੀ ਕਮੇਟੀ ਨੇ ਕੀਤਾ। ਵੱਖ-ਵੱਖ ਬੁਲਾਰਿਆਂ ਵਿਚ ਸੁਖਦੇਵ ਸਿੰਘ ਬੈਨੀਵਾਲ, ਭਾਈ ਜਤਿੰਦਰ ਸਿੰਘ ਦਮਦਮੀ ਟਕਸਾਲ, ਸ੍ਰ. ਅਮਰੀਕ ਸਿੰਘ ਖਾਲਿਸਤਾਨੀ, ਸ੍ਰ. ਹਰਦੀਪ ਸਿੰਘ ਬੇਕਰਸਫੀਲਡ, ਸ੍ਰ. ਜਰਨੈਲ ਸਿੰਘ ਮਨਟੀਕਾ, ਸ੍ਰ. ਸੁਖਦੇਵ ਸਿੰਘ ਸਿੱਖ ਕੌਂਸਲ, ਸ੍ਰ. ਸੁੱਚਾ ਸਿੰਘ, ਸ੍ਰ. ਬਲਵਿੰਦਰ ਸਿੰਘ, ਸ੍ਰ. ਰਣਜੀਤ ਸਿੰਘ, ਸ੍ਰ. ਗੁਲਜ਼ਾਰ ਸਿੰਘ, ਸ੍ਰ. ਜੋਗਿੰਦਰ ਸਿੰਘ, ਸ੍ਰ. ਅਰਵਿੰਦਰ ਸਿੰਘ, ਸ੍ਰ. ਸਰਬਜੀਤ ਸਿੰਘ ਕੈਸ਼ੀਅਰ, ਸ੍ਰ. ਗੁਰਤੇਜ ਸਿੰਘ, ਸ੍ਰ. ਗੁਰਦੀਪ ਸਿੰਘ, ਸ੍ਰ. ਅਮਨਦੀਪ ਸਿੰਘ ਐਲੇ, ਸ੍ਰ. ਸੁਰਿੰਦਰਪਾਲ ਸਿੰਘ ਐਲੇ, ਡਾ. ਅੰਮ੍ਰਿਤਪਾਲ ਸਿੰਘ ਐਲੇ, ਸ੍ਰ. ਰਾਜਪਾਲ ਸਿੰਘ ਏਕਨੂਰ, ਸੋਢੀ ਨਮਾਜ਼ੀਪੁਰ, ਸ੍ਰ. ਸਤਿੰਦਰ ਸਿੰਘ, ਸ੍ਰ. ਜਤਿੰਦਰ ਸਿੰਘ, ਸ੍ਰ. ਜੋਬਨਜੀਤ ਸਿੰਘ, ਸ੍ਰ. ਸੁਖਦੇਵ ਸਿੰਘ ਮੱਲੀ, ਸ੍ਰ. ਮਨਜੀਤ ਸਿੰਘ, ਸ੍ਰ. ਅਜਮੇਰ ਸਿੰਘ ਮੱਲੀ, ਸ੍ਰ. ਪਰਮਿੰਦਰ ਸਿੰਘ ਪਾਲ, ਸ੍ਰ. ਗੁਰਪ੍ਰੀਤ ਸਿੰਘ, ਸ੍ਰ. ਗੁਰਪ੍ਰੀਤ ਸਿੰਘ ਪੰਜਾਬ ਅਤੇ ਸ਼ਹੀਦਾਂ ਦੀ ਯਾਦ ਵਿਚ ਖ਼ੂਨਦਾਨ ਕੈਂਪ ਵੀ ਲਾਏ ਗਏ। ਸੈਂਕੜੇ ਨੌਜਵਾਨਾਂ ਨੇ ਖ਼ੂਨਦਾਨ ਕੀਤਾ। ਹਰ ਸਾਲ ਦੀ ਤਰ੍ਹਾਂ ਜਥੇਦਾਰ ਭਾਈ ਤਰਸੇਮ ਸਿੰਘ ਵਲੋਂ ਦੋ ਸ਼ਹੀਦ ਪਰਿਵਾਰਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ ਗਿਆ। ਸਿੰਘ ਸਾਹਿਬ ਭਾਈ ਰਾਮ ਸਿੰਘ ਅਤੇ ਭਾਈ ਬਲਦੇਵ ਸਿੰਘ, ਭਾਈਕੇ, ਸੰਤ ਕਰਤਾਰ ਸਿੰਘ ਜੀ ਇਹ ਸਾਰੀ ਸੇਵਾ ਤਰਸੇਮ ਸਿੰਘ ਪਰਿਵਾਰ ਵਲੋਂ ਹਰ ਸਾਲ ਦੀ ਤਰ੍ਹਾਂ ਲਵਾਈ ਗਈ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਲੀਫੋਰਨੀਆ ਦੇ ਪ੍ਰਧਾਨ ਸ. ਤਰਸੇਮ ਸਿੰਘ ਖਾਲਸਾ ਟੁਲੇਰੀ ਨੇ ਕਿਹਾ ਕਿ ਭਾਵੇਂ 40 ਸਾਲ ਹੋ ਗਏ ਪਰ ਸਿੱਖਾਂ ਦੀ ਪੀੜ ਵਧਦੀ ਗਈ ਜ਼ਖ਼ਮ ਹੋਰ ਗਹਿਰੇ ਹੁੰਦੇ ਗਏ ਤੇ ਇਨਸਾਫ ਦੀ ਆਸ ਖਤਮ ਹੋ ਗਈ ਜਿਸ ਦੇਸ਼ ਲਈ ਸਿੱਖਾਂ ਨੇ 500 ਸਾਲ ਕੁਰਬਾਨੀਆਂ ਕੀਤੀਆਂ ਅਤੇ ਅਜ਼ਾਦ ਕਰਾਇਆ ਜਿਨ੍ਹਾਂ ਹੱਥ ਹਕੂਮਤ ਆਈ ਉਨ੍ਹਾਂ ਸਾਡੇ ਨਾਲ ਮਤਰਈ ਵਾਲਾ ਸਲੂਕ ਕੀਤਾ। ਅੱਜ ਵੀ ਸਿੱਖਾਂ ਦੇ ਕਾਤਲ ਬੇਖੌਫ ਜੈੱਡ ਸੁਰੱਖਿਆ 'ਚ ਘੁੰਮ ਰਹੇ ਹਨ। ਉਨ੍ਹਾਂ ਦੁਨੀਆ ਭਰ ਵਿੱਚ ਵਸਦੇ ਖਾਲਸਾ ਪੰਥ ਨੂੰ ਇੱਕ ਝੰਡੇ ਹੇਠ ਇਕੱਠੇ ਹੋਣ ਦੀ ਬੇਨਤੀ ਕੀਤੀ।











# ਗੁਰਬਾਣੀ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਵਲੋਂ ਆਪਣਾ 'ਯੂ-ਟਿਊਬ ਚੈਨਲ' ਸ਼ੁਰੂ ਕਰਨ ਦੀ ਤਿਆਰੀ!

## 23 ਜੁਲਾਈ ਤੋਂ ਪ੍ਰਸਾਰਨ ਹੋ ਸਕਦੈ ਅਰੰਭ



ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਨ ਹਿਤ ਨਿੱਜੀ ਟੀ. ਵੀ. ਚੈਨਲ (ਪੀ. ਟੀ. ਸੀ.) ਨਾਲ ਲੰਬੇ ਸਮੇਂ ਤੋਂ ਚੱਲ ਰਿਹਾ ਇਕਰਾਰਨਾਮਾ ਅਗਲੇ ਮਹੀਨੇ ਖਤਮ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਲੋਂ ਸੰਗਤ ਤੱਕ ਪਾਵਨ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਮੁਫ਼ਤ ਮੁਹੱਈਆ ਕਰਾਉਣ ਲਈ ਆਪਣਾ 'ਯੂ-ਟਿਊਬ ਚੈਨਲ' ਅਰੰਭ ਕੀਤੇ ਜਾਣ ਦੀ ਸੰਭਾਵਨਾ ਹੈ। ਜਾਣਕਾਰ ਸੂਤਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਵਲੋਂ ਕੁੱਝ ਮਹੀਨੇ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਪ੍ਰਸਾਰਨ ਹਿਤ ਆਪਣਾ ਚੈਨਲ ਅਰੰਭ ਕਰਨ ਦੇ ਕੀਤੇ ਆਦੇਸ਼ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਬਣਾਈ ਗਈ ਪੰਜ ਮੈਂਬਰੀ ਸਬ ਕਮੇਟੀ ਵਲੋਂ ਨਿੱਜੀ ਚੈਨਲ ਨਾਲ ਇਕਰਾਰਨਾਮਾ ਖਤਮ ਹੋਣ 'ਤੇ ਗੁਰਬਾਣੀ ਪ੍ਰਸਾਰਨ ਲਈ ਟੀ.ਵੀ. ਘਰਾਣਿਆਂ ਤੋਂ ਖੁੱਲ੍ਹੇ ਟੈਂਡਰ ਮੰਗਣ ਦਾ ਫ਼ੈਸਲਾ ਕੀਤਾ ਗਿਆ ਸੀ, ਪਰ ਇਸ ਪ੍ਰਕਿਰਿਆ ਨੂੰ ਅਜੇ ਸ਼ੁਰੂ ਨਹੀਂ ਸੀ ਕੀਤਾ ਗਿਆ। ਜਾਣਕਾਰ ਸੂਤਰਾਂ ਅਨੁਸਾਰ ਬਾਅਦ ਵਿਚ ਐਡਵੋਕੇਟ ਧਾਮੀ ਨੇ ਨਿੱਜੀ ਦਿਲਚਸਪੀ ਲੈਂਦਿਆਂ ਟੈਂਡਰ ਪ੍ਰਕਿਰਿਆ ਦੀ ਥਾਂ ਸ਼੍ਰੋਮਣੀ ਕਮੇਟੀ ਦਾ ਆਪਣਾ ਯੂ-ਟਿਊਬ ਚੈਨਲ ਅਰੰਭ ਕਰਨ ਦਾ ਫ਼ੈਸਲਾ ਲਿਆ ਹੈ, ਜਿਸ ਨੂੰ ਸਬ ਕਮੇਟੀ ਵਲੋਂ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਇਸ ਪ੍ਰਸਤਾਵਿਤ ਯੂ-ਟਿਊਬ ਚੈਨਲ ਨੂੰ 23 ਜੁਲਾਈ ਨੂੰ ਰਸਮੀ ਤੌਰ 'ਤੇ ਲਾਂਚ ਕੀਤਾ ਜਾ ਸਕਦਾ ਹੈ, ਕਿਉਂਕਿ 24 ਜੁਲਾਈ ਨੂੰ ਨਿੱਜੀ ਚੈਨਲ ਪੀ. ਟੀ. ਸੀ. ਨਾਲ ਕੀਰਤਨ ਪ੍ਰਸਾਰਨ ਸੰਬੰਧੀ ਇਕਰਾਰਨਾਮਾ ਖਤਮ ਹੋਣ ਜਾ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਸਤਾਵਿਤ ਯੂ-ਟਿਊਬ ਚੈਨਲ, ਜਿਸ ਨੂੰ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਯੂ-ਟਿਊਬ ਚੈਨਲ' ਦਾ ਨਾਂਅ ਵੀ ਦਿੱਤਾ ਜਾ ਸਕਦਾ ਹੈ, ਸਾਰਾ ਦਿਨ ਹੀ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਕਰਿਆ ਕਰੇਗਾ। ਇਸ ਸੰਬੰਧੀ ਜਦੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਇਕ ਬੁਲਾਰੇ ਨੇ ਸੰਪਰਕ ਕਰਨ 'ਤੇ ਕਿਹਾ ਕਿ ਗੁਰਬਾਣੀ ਪ੍ਰਸਾਰਨ ਸੰਬੰਧੀ ਪ੍ਰਧਾਨ ਸਾਹਿਬ ਵਲੋਂ ਗਠਿਤ ਸਬ ਕਮੇਟੀ ਵਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਆਉਂਦੇ ਦਿਨਾਂ 'ਚ ਇਸ ਸੰਬੰਧੀ ਸੰਗਤ ਨੂੰ ਪਤਾ ਲੱਗ ਜਾਵੇਗਾ।

# ਮੀਰੀ ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ





ਅੰਮ੍ਰਿਤਸਰ : ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ ਪੀਰੀ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਲਿਆ।

ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਮੀਰੀ ਪੀਰੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਸਿੱਖ ਕੌਮ ਨੂੰ ਬਖਸ਼ਿਆ ਸਿਧਾਂਤ ਅਧਿਆਤਮ ਨਾਲ ਜੁੜਨ ਦੇ ਨਾਲ-ਨਾਲ ਮਜਲੂਮਾਂ ਦੀ ਰੱਖਿਆ ਕਰਨ ਵਾਲਾ ਹੈ। ਛੇਵੇਂ ਪਾਤਸ਼ਾਹ ਨੇ ਜਿਥੇ ਸਿੱਖਾਂ ਨੂੰ ਸ਼ਸ਼ਤਰਧਾਰੀ ਹੋਣ ਦਾ ਆਦੇਸ਼ ਕੀਤਾ, ਉਥੇ ਹੀ ਸੰਗਤਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਹੁਕਮ ਦਿੱਤੇ। ਇਸ ਦਾ ਮੰਤਵ ਜੁਲਮ ਵਿਰੁੱਧ ਲਾਮਬੰਦ ਕਰਨਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਅਤੇ ਸ਼ਸਤਰ ਕਦੇ ਵੱਖ ਨਹੀਂ ਹੋ ਸਕਦੇ, ਜਿਸ ਤਹਿਤ ਹਰ ਸਿੱਖ ਅੰਮ੍ਰਿਤਧਾਰੀ ਹੋ ਕੇ ਪੰਜ ਕਕਾਰੀ ਰਹਿਣੀ ਦਾ ਧਾਰਨੀ ਬਣੇ। ਗਿਆਨੀ ਰਘਬੀਰ ਸਿੰਘ ਨੇ ਸਮੁੱਚੀ ਕੌਮ ਨੂੰ ਧੜੇਬੰਦੀ ਤੇ ਵਿਚਾਰਧਾਰਕ ਮਤਭੇਦ ਪਾਸੇ ਰੱਖ ਕੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਇਕੱਠੇ ਹੋ ਕੇ ਯਤਨ ਕਰਨ ਦੀ ਅਪੀਲ ਕੀਤੀ।

ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਸੰਗਤ ਨਾਲ ਛੇਵੇਂ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ। ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਇਤਿਹਾਸਕ ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਦੇ ਸੰਗਤ ਨੂੰ ਦਰਸ਼ਨ ਵੀ ਕਰਵਾਏ ਗਏ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਹਰਜਾਪ ਸਿੰਘ ਸੁਲਤਾਨਵਿੰਡ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ ਵਰਪਾਲ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਮੀਤ ਸਿੰਘ ਬੁੱਟਰ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਸ. ਗੁਰਦਿਆਲ ਸਿੰਘ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਸੁਖਰਾਜ ਸਿੰਘ, ਸ. ਬਘੇਲ ਸਿੰਘ, ਸ. ਨਰਿੰਦਰ ਸਿੰਘ, ਸ. ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਮੀਤ ਮੈਨੇਜਰ ਸ. ਗੁਰਤਿੰਦਰਪਾਲ ਸਿੰਘ, ਸ. ਅਜੀਤ ਸਿੰਘ ਆਦਿ ਮੌਜੂਦ ਸਨ।

# ਪੰਜਾਬ ਦੇ ਰਾਜਪਾਲ ਨੇ ਵਿਦੇਸ਼ ਮੰਤਰੀ ਤੋਂ ਚੰਡੀਗੜ੍ਹ 'ਚ ਅਮਰੀਕਨ ਕੌਂਸਲੇਟ ਖੋਲ੍ਹਣ ਦੀ ਕੀਤੀ ਲਿਖਤੀ ਮੰਗ

## ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ ਵਲੋਂ ਮਾਣਯੋਗ ਰਾਜਪਾਲ ਦਾ ਤਹਿ ਦਿਲ ਤੋਂ ਧੰਨਵਾਦ



ਲਾਸ ਏਂਜਲਸ/ਕੈਲੀਫੋਰਨੀਆ : ਦੁਨੀਆ ਭਰ ਵਿੱਚ ਵਸਦੇ ਪੰਜਾਬੀਆ ਦੀ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਪੰਜਾਬ ਨਾਲ ਲਗਦੇ ਸੂਬਿਆ ਦੇ ਲੋਕਾਂ ਦੀ ਅਮਰੀਕਾ ਕੈਨੇਡਾ ਯੂਰਪ ਵਿੱਚ ਵੱਧ ਰਹੀ ਮੰਗ ਨੂੰ ਦੇਖਦਿਆਂ ਚੰਡੀਗੜ੍ਹ ਵਿਖੇ ਅਮਰੀਕੀ ਕੌਂਸਲੇਟ ਦੇ ਹੱਕ ਵਿਚ ਪੈਰਵੀ ਕਰਦਿਆਂ ਪੰਜਾਬ ਦੇ ਰਾਜਪਾਲ ਅਤੇ ਯੂ. ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਇਸ ਵਿਸ਼ੇ ਉਪਰ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖਿਆ। ਇਥੇ ਇਹ ਜਿਕਰਯੋਗ ਹੈ ਕੀ ਇਮੀਗਰਾਂਟ ਵੀਜ਼ਾ ਲੈਣ ਲਈ ਮੁੰਬਈ ਜਾਣਾ ਪੈਂਦਾ ਹੈ ਅਗਰ ਅਮਰੀਕਨ ਕੌਂਸਲੇਟ ਚੰਡੀਗੜ੍ਹ 'ਚ ਖੁਲਦਾ ਹੈ ਤਾਂ ਪੰਜਾਬੀਆਂ ਦੇ ਨਾਲ ਨਾਲ ਹਰਿਆਣਾ ਹਿਮਾਚਲ, ਰਾਜਸਥਾਨ ਜੰਮੂ ਕਸ਼ਮੀਰ ਲੇਹ ਲਦਾਖ ਦੇ ਇਸ ਸਮੁੱਚੇ ਏਰੀਆ ਦੇ ਲੋਕਾ ਦਾ ਫਾਇਦਾ ਹੋਵੇਗਾ।

ਕੇਂਦਰੀ ਮੰਤਰੀ ਨੂੰ ਲਿਖੇ ਆਪਣੇ ਪੱਤਰ ਵਿਚ ਮਾਣਯੋਗ ਰਾਜਪਾਲ ਨੇ ਲਿਖਿਆ ਕਿ ਪੰਜਾਬੀ ਉਤਸ਼ਾਹੀ ਲੋਕ ਹਨ, ਜੋ ਦੇਸ਼ ਅਤੇ ਵਿਦੇਸ਼ ਵਿਚ ਘੁੰਮਣਾ ਪਸੰਦ ਕਰਦੇ ਹਨ। ਅਮਰੀਕਾ ਵਿਚ ਭਾਰਤੀਆਂ ਦੀ ਕੁੱਲ ਜਨਸੰਖਿਆ ਵਿਚ ਪੰਜਾਬੀਆਂ ਦਾ ਵੱਡਾ ਹਿੱਸਾ ਹੈ। ਪੰਜਾਬੀ ਭਾਈਚਾਰੇ ਦੀ ਵਿਸ਼ੇਸ਼ਤਾ ਇਹ ਹੈ ਕਿ ਪੰਜਾਬੀ ਆਪਣੇ ਪਿਛੋਕੜ ਪ੍ਰਤੀ ਸੁਚੇਤ ਹਨ ਅਤੇ ਭਾਰਤ ਵਿਚ ਆਪਣੇ ਲੋਕਾਂ ਨਾਲ ਲਗਾਤਾਰ ਸੰਪਰਕ ਵਿਚ ਹਨ। ਇਸ ਲਈ ਚੰਡੀਗੜ੍ਹ, ਜੋ ਪੰਜਾਬੀ ਸੱਭਿਆਚਾਰ ਦਾ ਕੇਂਦਰ ਹੈ, ਵਿਖੇ ਇਕ ਅਮਰੀਕੀ ਕੌਂਸਲੇਟ ਖੋਲ੍ਹਣਾ ਮਹੱਤਵਪੂਰਨ ਹੈ। ਪੰਜਾਬੀਆ ਨੂੰ ਮੁੰਬਈ ਜਾਣਾ ਪੈਂਦਾ ਹੈ ਜਿਸ ਨਾਲ ਪੰਜਾਬੀਆਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ

ਉਨ੍ਹਾਂ ਭਾਰਤ ਵਿਚ ਇਕ ਹੋਰ ਕੌਂਸਲੇਟ ਚੰਡੀਗੜ੍ਹ 'ਚ ਖੋਲਣ ਦੀ ਮੰਗ ਦਾ ਹਵਾਲਾ ਦਿੱਤਾ, ਜਿਸ ਲਈ ਅਮਰੀਕਾ ਵਿਚ ਵੀ ਅਮਰੀਕੀ ਸੰਸਦ ਮੈਂਬਰਾਂ ਵਲੋਂ ਦਬਾਅ ਪਾਇਆ ਜਾ ਰਿਹਾ ਹੈ, ਜਿਸ ਨਾਲ ਇਸ ਮੰਗ ਨੂੰ ਹੋਰ ਮਜ਼ਬੂਤੀ ਮਿਲਦੀ ਹੈ। ਇਸ ਪੱਤਰ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਅਮਰੀਕਾ ਵਿਚ ਪੰਜ ਕੌਂਸਲੇਟ ਹਨ, ਜਦੋਂ ਕਿ ਅਮਰੀਕਾ ਦੇ ਭਾਰਤ ਵਿਚ ਸਿਰਫ਼ ਚਾਰ ਕੌਂਸਲੇਟ ਹੀ ਹਨ।

ਰਾਜਪਾਲ ਨੇ ਕਿਹਾ ਕਿ ਜੇਕਰ ਚੰਡੀਗੜ੍ਹ ਵਿਚ ਯੂ.ਐੱਸ. ਕੌਂਸਲੇਟ ਖੋਲ੍ਹਿਆ ਜਾਂਦਾ ਹੈ ਤਾਂ ਇਹ ਸੂਬੇ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪਹਿਲੂਆਂ ਨੂੰ ਛੂਹਣ ਦੇ ਉਦੇਸ਼ਾਂ ਦੀ ਪੂਰਤੀ ਕਰੇਗਾ। ਉਨ੍ਹਾਂ ਵਿਦੇਸ਼ ਮੰਤਰਾਲੇ ਨੂੰ ਇਸ ਮਾਮਲੇ ਨੂੰ ਸਬੰਧਤ ਅਮਰੀਕੀ ਅਧਿਕਾਰੀਆਂ ਕੋਲ ਉਠਾਉਣ ਦੀ ਬੇਨਤੀ ਕੀਤੀ।

ਇਥੇ ਇਹ ਜ਼ਿਕਰਯੋਗ ਹੈ ਕੀ ਅਮਰੀਕਨ ਬੇਸ ਪੰਜਾਬੀਆਂ ਵਲੋਂ ਇਸ ਪ੍ਰਤੀ ਅਮਰੀਕਨ ਕਾਂਗਰਸਮੈਨ ਦੇ ਸਹਿਯੋਗ ਨਾਲ ਇਸ ਬਾਰੇ ਹਮੇਸ਼ਾ ਅਵਾਜ਼ ਉਠਾਈ ਹੈ ਤਾਂਕਿ ਪੰਜਾਬੀਆਂ ਦੀ ਅਤੇ ਨਾਲ ਦੇ ਸੂਬਿਆ 'ਚ ਰਹਿ ਰਹੇ ਲੋਕਾਂ ਦੀ ਖੱਜਲ ਖੁਆਰੀ ਨੂੰ ਰੋਕਿਆ ਜਾ ਸਕੇ। 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਗਲੋਬਲ ਪੰਜਾਬੀ ਫੋਰਮ ਯੂ ਐਸ ਏ ਦੇ ਪ੍ਰਧਾਨ ਡਾ. ਜਸਪਾਲ ਸਿੰਘ ਸੈਣੀ ਲਾਸ ਏਂਜਲਸ ਨੇ ਦੱਸਿਆ ਕਿ ਸਾਡੀ ਸਮੂਹ ਪੰਜਾਬੀਆਂ ਦੀ ਮੰਗ ਉਪਰ ਮਾਣਯੋਗ ਗਵਰਨਰ ਪੰਜਾਬ ਨੇ ਇਹ ਚਿੱਠੀ ਲਿਖੀ ਹੈ ਸਾਨੂੰ ਆਸ ਹੈ ਕਿ ਇਹ ਜਾਇਜ਼ ਮੰਗ ਕੇਂਦਰ ਜ਼ਰੂਰ ਮੰਨੇਗਾ। ਉਨ੍ਹਾਂ ਨੇ ਆਪਣੀ ਜਥੇਬੰਦੀ ਗਲੋਬਲ ਪੰਜਾਬੀ ਫੋਰਮ ਯੂ ਐਸ ਏ ਅਤੇ ਦੁਨੀਆ ਭਰ ਵਿੱਚ ਵਸਦੇ ਸਮੂਹ ਪੰਜਾਬੀਆ ਵਲੋਂ ਰਾਜਪਾਲ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

**NAME OF CHANGE**

I Buta Singh s/o S. Sucha Singh resident of Village & Post Office Pharwala, Tehsil Phillaur, District Jalandhar Punjab India, presently residing at 1309 E Via Corsica Pl Fresno, CA USA has changed my name from Buta Singh to Buta Singh Sanghera. All concerned please note.

ਬਰਸੀ ’ਤੇ ਵਿਸ਼ੇਸ਼!

# ਖਾਲਸਾ ਰਾਜ ਦਾ ਮਹਾਨ ਸਿਰਜਣਹਾਰਾ ਮਹਾਰਾਜਾ ਰਣਜੀਤ ਸਿੰਘ



13 ਨਵੰਬਰ 1780 ਨੂੰ ਪਿਤਾ ਮਹਾਂ ਸਿੰਘ ਤੇ ਮਾਤਾ ਰਾਜ ਕੌਰ ਦੀ ਕੁਖੋਂ, ਜਾਲਮ ਮੁਗਲ ਸ਼ਾਸਨ ਦਾ ਖਾਤਮਾ ਕਰਕੇ, ਖਾਲਸਾ ਰਾਜ ਸਥਾਪਿਤ ਕਰਨ ਵਾਲੇ, ਸ਼ੇਰ-ਏ-ਪੰਜਾਬ ‘ਮਹਾਰਾਜਾ ਰਣਜੀਤ ਸਿੰਘ’ ਦਾ ਜਨਮ ਆਪਣੇ ਨਾਨਕੇ ਪਿੰਡ ਬਡਰੁੱਖਾਂ ਜਿਲਾ ਸੰਗਰੂਰ ਵਿਖੇ ਹੋਇਆ, ਜਦਕਿ ਉਨਾਂ ਦਾ ਜੱਦੀ ਪਿੰਡ ਗੁੱਜਰਾਂਵਾਲਾ (ਪਾਕਿਸਤਾਨ) ਸੀ । ਪਿਤਾ ਮਹਾਂ ਸਿੰਘ, ਸੁੱਕਰਚੱਕੀਆ ਮਿਸਲ ਦੇ ਜੱਥੇਦਾਰ ਸਨ। ਚੇਚਕ ਦੀ ਬੀਮਾਰੀ ਨੇ ਭਾਵੇਂ ਬਚਪਨ ਚ ਹੀ ਇਸ ਮਹਾਨਾਇਕ ਦੀ ਖੱਬੀ ਅੱਖ, ਹਮੇਸ਼ਾ ਲਈ ਖੋਹ ਕੇ ਚੇਚਕ ਦੇ ਨਿਸਾਨਾਂ ਨਾਲ ਚੇਹਰਾ ਭਰ ਦਿੱਤਾ ਪਰ ਬੁਲੰਦ ਹੌਂਸਲੇ ਦੇ ਮਾਲਕ ਇਸ ਸ਼ੇਰ ਨੇਂ, ਯੁੱਧਕਲਾ, ਤਲਵਾਰਬਾਜ਼ੀ ਤੇ ਘੋੜ ਸਵਾਰੀ ਚ ਬਹੁਤ ਛੋਟੀ ਉਮਰ ਚ ਈ, ਅਸਾਧਾਰਨ ਨਿਪੁੰਨਤਾ ਹਾਸਲ ਕਰ ਲਈ ਸੀ। ਸਿਰਫ 10 ਸਾਲ ਦੀ ਉਮਰ ਵਿੱਚ ਈ, ਆਪਣੇ ਪਿਤਾ ਦੇ ਨਾਲ, ਉਹ ਸਿਰਫ ਯੁੱਧ ਵਿੱਚ ਹਿੱਸਾ ਈ ਨੀਂ ਲੈਣ ਲੱਗ ਪਏ ਸਗੋਂ ਤਿੰਨ ਜਿੱਤਾਂ ਵੀ ਹਾਸਲ ਕੀਤੀਆਂ, ਹਾਂਲਾਕਿ ਉਹਨਾਂ ਦਾ ਪਹਿਲਾ ਨਾਮ ਬੁੱਧ ਸਿੰਘ ਸੀ ਪਰ ਇੰਨਾਂ ਜਿੱਤਾਂ ਕਾਰਨ, ਆਪਦੇ ਪਿਤਾ ਜੀ ਨੇ ਆਪ ਦਾ ਨਾਮ ‘ਰਣਜੀਤ ਸਿੰਘ’ ਰੱਖ ਦਿੱਤਾ ਸੀ ਤੇ ਆਪ ਨੇ ਅੱਗੇ ਚੱਲ ਕੇ ਇਸ ਨਾਮ ਨੂੰ ਇਸ ਤਰ੍ਹਾਂ ਸਾਬਤ ਕਰ ਦਿਖਾਇਆ ਕਿ ਅੱਜ ਰਣਜੀਤ ਸਿੰਘ, ਖਾਸ ਨਾਂਅ ਦੀ ਥਾਂ ਦਲੇਰਾਂ ਲਈ ਜਾਤੀਵਾਚਕ ਨਾਂਅ ਵਜੋਂ ਜਾਣਿਆ ਜਾਂਦਾ ਏ।

ਰਣਜੀਤ ਸਿੰਘ ਦੀ ਉਮਰ 12 ਸਾਲ ਈ ਸੀ ਕਿ ਪਿਤਾ ਦੀ ਮੌਤ ਹੋ ਗਈ। ਇਹ ਦਲੇਰ, ਬਹਾਦਰ ਜਰਨੈਲ ਘਬਰਾਇਆ ਨਹੀਂ ਸਗੋਂ ਉਹਨਾਂ ਪੂਰੇ ਹੌਂਸਲੇ ਤੇ ਜੋਸ਼ ਨਾਲ ਮਹਾਨ ਮਾਤਾ ਰਾਜ ਕੌਰ ਦੀ ਰਹਿਨੁਮਾਈ ਤੇ ਦੀਵਾਨ ਲਖਪਤ ਰਾਏ ਦੇ ਸਾਥ ਨਾਲ, ਸੁਕਰਚਕੀਆ ਮਿਸਲ ਦੇ ਮੁਖੀ ਦਾ ਅਹੁਦਾ ਸੰਭਾਲ ਲਿਆ। ਸਾਲ ਕੁ ਬਾਅਦ ਈ ਕਿਸੇ ਨੇਂ ਧੋਖੇ ਨਾਲ ਹਮਲਾ ਕਰਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਪਰ ਦਲੇਰ ਰਣਜੀਤ ਸਿੰਘ ਨੇ ਬਹਾਦਰੀ ਨਾਲ ਮੁਕਾਬਲਾ ਕਰਦਿਆਂ ਉਸ ਹਮਲਾਵਰ ਦਾ ਈ ਖਾਤਮਾ ਕਰ ਦਿੱਤਾ। ਕੁਝ ਕੁ ਸਾਲਾਂ ਬਾਅਦ ਮਾਂ ਦੀ ਵੀ ਮੌਤ ਹੋ ਗਈ ਤੇ ਦੀਵਾਨ ਲਖਪਤ ਰਾਏ ਦਾ ਵੀ ਕਤਲ ਹੋ ਗਿਆ ਪਰ ਸਿੱਖ ਧਰਮ ਚ ਡੂੰਘੀ ਆਸਥਾ ਰੱਖਣ ਵਾਲਾ ਇਹ ਸੂਰਮਾ ਉਦੋਂ ਤੀਕ ਪੂਰੇ ਖਾਲਸਾ ਰਾਜ ਨੂੰ ਇਕੱਠੇ ਕਰਨ ਦਾ ਪੂਰੀ ਸਿਰੜ ਤੇ ਬੁਲੰਦ ਹੌਂਸਲੇ ਨਾਲ ਪੱਕਾ ਸੰਕਲਪ ਲੈ ਚੁੱਕਾ ਸੀ। ਮਹਾਰਾਜਾ ਰਣਜੀਤ ਸਿੰਘ ਨੇਂ ਮੁਲਤਾਨ, ਪੇਸਾਵਰ, ਜੰਮੂ ਕਸਮੀਰ ਅਤੇ ਕਈ ਹੋਰ ਇਲਾਕੇ ਬਹਾਦਰੀ ਨਾਲ ਜਿੱਤੇ ਤੇ 1799 ਈ ਵਿੱਚ ਲਾਹੌਰ ਜਿੱਤ ਕੇ, ਮਹਾਨ ਖਾਲਸਾ ਰਾਜ ਦੀ ਸਥਾਪਨਾ ਕੀਤੀ। ਮਹਾਰਾਜਾ ਨੇ ਆਪਣੇ ਰਾਜ ਦਾ ਬਹੁਤ ਵਿਸਤਾਰ ਕੀਤਾ ਪਰ ਮਹਾਰਾਜਾ ਰਣਜੀਤ ਸਿੰਘ ਜਿਸ ਸ਼ੌਂਕ ਤੇ ਤੇਜੀ ਨਾਲ ਕਿਸੇ ਇਲਾਕੇ ਨੂੰ ਫਤਿਹ ਕਰਦੇ, ਉਨੀ ਹੀ ਤੀਬਰਤਾ ਨਾਲ ਜਿੱਤੇ ਹੋਏ ਇਲਾਕਿਆਂ ਲਈ ਸੁਚੱਜੇ ਰਾਜ ਪ੍ਰਬੰਧ ਕਰਨਾ ਵੀ ਉਹਨਾਂ ਦੀ ਬਾਕਮਾਲ ਖਾਸੀਅਤ ਸੀ ।

ਅਸ਼ੋਕ ਸੋਨੀ,
ਕਾਲਮਨਵੀਸ
9872705078



ਉਹਨਾਂ ਅੰਮ੍ਰਿਤਸਰ ਸਾਹਿਬ ਵਿੱਖੇ ਸਥਿਤ ਪਵਿੱਤਰ ਹਰਿਮੰਦਰ ਸਾਹਿਬ ਨੂੰ ਸੋਨੇ ਨਾਲ ਜੜਵਾ ਦਿੱਤਾ। ਹਾਲਾਂਕਿ ਮਹਾਰਾਜਾ ਰਣਜੀਤ ਸਿੰਘ ਆਪ ਸਿੱਖ ਧਰਮ ਨਾਲ ਸਬੰਧਤ ਸਨ ਤੇ ਸਿੱਖ ਧਰਮ ਨੂੰ ਸਮਰਪਿਤ ਸਨ, ਪਰ ਇਤਿਹਾਸ ਚ ਕੋਈ ਵੀ ਅਜਿਹਾ ਸਾਸ਼ਕ ਜਾਂ ਸਰਕਾਰ ਨਹੀਂ ਹੋਈ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਧਰਮ ਨਿਰਪੱਖ ਤੇ ਨਿਆਂਪੂਰਨ ਰਾਜ ਪ੍ਰਬੰਧ ਕੀਤਾ ਹੋਵੇ। ਮਹਾਰਾਜਾ ਆਪ ਅਕਸਰ ਕਹਿੰਦੇ ਸਨ ਕਿ, ਰੱਬ ਨੇਂ ਉਨਾਂ ਨੂੰ ਇਕ ਈ ਅੱਖ ਦਿੱਤੀ ਏ ਤਾਂ ਜੋ ਉਹ ਹਰੇਕ ਧਰਮ, ਖੇਤਰ ਤੇ ਜਾਤੀ ਦੇ ਵਿਅਕਤੀ ਨੂੰ ਬਿਨਾਂ ਕਿਸੇ ਭੇਦਭਾਵ ਦੇ, ਹਮੇਸ਼ਾ ਇਕ ਅੱਖ ਨਾਲ ਈ ਦੇਖਣ।

ਸੇਰ-ਏ-ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਮਹਾਨ ਖਾਲਸਾ ਰਾਜ ਨੇਂ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕੋ ਮਾਲਾ ਵਿੱਚ ਪਰੋਣ ਦਾ, ਅਸੰਭਵ ਜਾਪਦਾ ਮਹੱਤਵਪੂਰਣ ਕੰਮ ਸਹਿਜੇ-ਸਹਿਜੇ ਈ ਕਰ ਦਿੱਤਾ ਸੀ, ਕਿਉਂਕਿ ਮਹਾਰਾਜਾ ਬਹੁਤ ਹੀ ਨਿਮਰ ਸੁਭਾਅ ਦੇ ਧਰਮ ਨਿਰਪੱਖ ਇਨਸਾਨ ਸਨ। ਉਹਨਾਂ ਦੇ ਰਾਜ ਵਿੱਚ ਅਹੁਦੇ ਕਾਬਲੀਅਤ ਅਨੁਸਾਰ ਹੀ ਮਿਲਦੇ ਸਨ, ਇਸੇ ਲਈ ਮਹਾਰਾਜਾ ਦੇ ਰਾਜ ਵਿੱਚ ਵੱਡੇ ਅਹੁਦਿਆਂ ਤੇ ਹਿੰਦੂਆਂ ਤੇ ਮੁਸਲਮਾਨਾਂ ਦੀ ਨਿਯੁਕਤੀ ਸੀ। ਮਹਾਰਾਜਾ ਆਪਣੇ ਆਪ ਨੂੰ ਮਹਾਰਾਜਾ ਨਹੀਂ ਸਗੋਂ, ਸਿੰਘ ਸਾਹਿਬ ਅਖਵਾਉਣਾ, ਜਿਆਦਾ ਪਸੰਦ ਕਰਦੇ ਸਨ ਤੇ ਉਹਨਾਂ ਕਦੇ ਕਲਗੀ ਵੀ ਨਹੀਂ ਸਜਾਈ ਪਰ ਇਨਸਾਨ ਦੀ ਪਰਖ ਕਰਨ ਚ ਉਹ ਸੱਚਮੁੱਚ ਦੇ ਰਾਜਾ ਸਨ, ਇਸੇ ਲਈ ਉਹਨਾਂ, ਦੀਵਾਨ ਮੋਹਕਮ ਚੰਦ, ਹਰਿ ਸਿੰਘ ਨਲੂਵਾ ਤੇ ਖਾਲਸਾ ਰਾਜ ਦੇ ਹੋਰ ਮਹਾਂਪੁਰਖਾਂ ਨੂੰ ਵੱਡੇ-ਵੱਡੇ ਅਹੁਦਿਆਂ ਨਾਲ ਨਿਵਾਜਿਆ। ਜਨਤਾ ਦੇ ਭਲੇ ਲਈ, ਜਿੱਥੇ ਉਹ ਆਪ ਅਕਸਰ ਭੇਸ ਬਦਲ ਕੇ, ਆਮ ਲੋਕਾਂ ਦੇ ਵਿੱਚ ਪਹੁੰਚ, ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕਰਦੇ ਸਨ, ਨਿਆਂਪੂਰਨ ਰਾਜ ਪ੍ਰਬੰਧ ਚਲਾਉਂਦੇ ਤੇ ਉੱਥੇ ਹੀ ਆਪਣੀ ਫੌਜ ਦਾ ਵੀ ਆਧੁਨਿਕੀਕਰਨ ਕਰਦੇ ਹੋਏ ਅੰਗ੍ਰੇਜੀ ਅਫਸਰਾਂ ਤੱਕ ਦਾ ਵੀ ਪ੍ਰਬੰਧ ਕੀਤਾ। ਜਿਵੇਂ-ਜਿਵੇਂ ਰਾਜ ਵੱਧਦਾ ਗਿਆ, ਮਹਾਰਾਜਾ ਨੇ ਆਪਣੀ ਸੈਨਾ ਦੀ ਗਿਣਤੀ ਵਧਾਉਣ ਦੇ ਨਾਲ-ਨਾਲ, ਹਥਿਆਰਾਂ ਤੇ ਹੋਰ ਯੁੱਧ ਕਰਨ ਦੇ ਸਮਾਨ ਦੇ ਨਿਰਮਾਣ ਲਈ ਕਾਰਖਾਨੇ ਵੀ ਲਗਵਾਏ। ਮਹਾਰਾਜਾ ਰਣਜੀਤ ਸਿੰਘ ਨੇ ਜਜੀਆ ਟੈਕਸ ਖਤਮ ਕਰਕੇ, ਆਮ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਤੇ ਨਾਲ ਹੀ ਮੁਗਲ ਸਾਸ਼ਕਾਂ ਦੁਆਰਾਂ ਛੋਟੇ-ਮੋਟੇ ਅਪਰਾਧਾਂ ਲਈ, ਅੰਗ ਕੱਟਣ ਤੇ ਫਾਂਸੀ ਦੇਣ ਵਰਗੀਆਂ ਅਣਮਨੁੱਖੀ ਸਜਾਵਾਂ ਤੇ ਤੁਰੰਤ ਰੋਕ ਲਗਾ ਕੇ, ਅੰਨੇਵਾਹ ਸਰਕਾਰੀ ਤਸ਼ੱਦਦ ਤੋਂ ਲੋਕਾਂ ਨੂੰ ਆਜਾਦ ਕਰਵਾ ਕੇ, ਇੱਕ ਵਿਲੱਖਣ ਰਾਜ ਪ੍ਰਬੰਧ ਚਲਾਇਆ।

ਉਸ ਲਗਭਗ 45 ਕੁ ਸਾਲਾਂ ਦੇ ਲੰਬੇ ਖਾਲਸਾਈ ਰਾਜ ਚ ਮਹਾਰਾਜਾ ਰਣਜੀਤ ਸਿੰਘ ਦੀ ਮਕਬੂਲੀਅਤ ਇੰਨੀ ਸੀ ਕਿ ਸ਼ਾਇਦ ਈ ਕਿਸੇ ਨੂੰ ਮੌਤ ਦੀ ਸਜਾ ਦਿੱਤੀ ਗਈ ਹੋਵੇ। ਬਿਨਾਂ ਕਿਸੇ ਸਖਤ ਸਜਾ ਤੋਂ ਇੰਨੇ ਵੱਡੇ ਖੇਤਰ ਦਾ ਰਾਜ ਪ੍ਰਬੰਧ, ਇੰਨੀ ਚੰਗੀ ਤਰਾਂ ਨਾਲ ਚਲਾਉਣ ਦੀ ਅੱਜ ਤੱਕ ਕੋਈ ਹੋਰ ਉਦਹਾਰਣ ਮਿਲਣਾ, ਨਾਮੁਮਕਿਨ ਹੈ। ਉਹਨਾਂ ਜਿੱਥੇ ਪਿੰਡਾ-ਕਸਬਿਆਂ ਚ ਛੋਟੇ-ਮੋਟੇ ਵਿਵਾਦਾਂ ਲਈ, ਸਭ ਵਰਗਾਂ ਦੀਆਂ ਸਾਂਝੀਆਂ ਪੰਚਾਇਤਾਂ ਦਾ ਗਠਨ ਕਰਨ ਵਰਗੇ ਮਹੱਤਵਪੂਰਨ ਕੰਮ ਕੀਤੇ, ਉਥੇ ਈ ਨੌਜਵਾਨਾਂ ਦੀ ਸਿਹਤ ਤੇ ਤੰਦਰੁਸਤੀ ਲਈ ਵੀ ਵੱਡੇ ਉਪਰਾਲੇ ਕੀਤੇ। ਆਪ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਸਰਕਾਰੀ ਆਦੇਸ਼ ਲਿਖਤੀ ਰੂਪ ਚ ਜਾਰੀ ਕਰਨ ਦੀ ਸ਼ੁਰੂਆਤ ਵੀ, ਉਹਨਾਂ ਈ ਕੀਤੀ ਸੀ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਸਿੱਕੇ ਚਲਾਉਣਾ ਵੀ ਉਹਨਾਂ ਦੇ ਖਾਸ ਕਾਰਜਾਂ ਚੋਂ ਇਕ ਸੀ । ਲੋਕ ਸਰਕਾਰੀ ਮਾਲੀਆ ਜਿੱਥੇ ਆਪ ਮੁਹਾਰੇ ਆਸਾਨੀ ਨਾਲ ਜਮਾ ਕਰਵਾਉਣ ਆਉਂਦੇ, ਉੱਥੇ ਹੀ ਹੜਾਂ ਜਾਂ ਸੋਕੇ ਵਰਗੀਆਂ ਆਪਦਾਵਾਂ ਵਿੱਚ ਮਹਾਰਾਜਾ ਆਪਣੇ ਭੰਡਾਰ, ਆਮ ਲੋਕਾਂ ਲਈ ਖੋਲ੍ਹ ਦਿੰਦੇ, ਹਾਲਾਂਕਿ ਕਿਹਾ ਤਾਂ ਇੱਥੋਂ ਤੀਕਰ ਜਾਂਦਾ ਏ ਕਿ ਮਹਾਰਾਜਾ ਆਪ ਭੇਸ ਬਦਲ ਅਸਹਾਯ ਲੋਕਾਂ ਦੇ ਘਰਾਂ ਤੀਕ ਬੋਰੀਆਂ ਆਪਣੇ ਪਿੰਡੇ ਤੇ ਰੱਖ ਪਹੁੰਚਾਉਂਦੇ ਰਹੇ ਨੇਂ। ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਾਣੀਆਂ ਸਨ, ਪਰ ਸਾਨੂੰ ਇੱਕ ਗੱਲ ਚੇਤੇ ਰੱਖਣ ਦੀ ਖਾਸ ਲੋੜ ਏ ਕਿ ਮਹਾਰਾਜਾ ਰਣਜੀਤ ਸਿੰਘ ਕੋਈ ਗੁਰੂ ਜਾਂ ਸੰਤ ਨਹੀਂ ਸਨ, ਉਹ ਇਕ ਵੱਡੀ ਸਲਤਨਤ ਦੇ ਆਜਾਦ ਮਹਾਰਾਜਾ ਸਨ। ਇਸ ਮਹਾਨਾਇਕ ਦਾ ਇਤਿਹਾਸ ਲਿਖਦਿਆਂ-ਪੜ੍ਹਦਿਆਂ ਕੁਝ ਕੁ ਲੋਕਾਂ ਨੇ, ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਾਣੀਆਂ ਦੇ ਜਿਕਰ ਕਰਨ ਨੂੰ ਜਿੰਨੀ ਤਵੱਜੋ ਦਿੱਤੀ ਏ, ਉਨੀਂ ਖਾਲਸਾ ਰਾਜ ਪ੍ਰਬੰਧ ਨੂੰ ਨਹੀਂ ਦਿੱਤੀ, ਜਦਕਿ ਉਨਾਂ ਵੇਲਿਆਂ ਵਿੱਚ ਰਾਜੇ ਆਮ ਈ ਕਈ-ਕਈ ਰਾਣੀਆਂ ਰੱਖਦੇ ਸਨ। ਇਸ ਪਿੱਛੇ ਹਮੇਸ਼ਾ ਅਨੈਤਿਕਤਾ ਜਾਂ ਚਰਿੱਤਰਹੀਣਤਾ ਹੀ ਕਾਰਣ ਨਹੀਂ ਹੁੰਦੀ ਸੀ ਸਗੋਂ ਜਿੱਤੇ ਹੋਏ ਇਲਾਕਿਆਂ ਦੇ ਲੋਕਾਂ ਚ ਵਿਸ਼ਵਾਸ ਕਾਇਮ ਕਰਨ ਹਿੱਤ, ਰਾਜ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਹਿੱਤ ਵੀ ਰਾਜਿਆਂ ਵੱਲੋਂ, ਬਹੁ-ਵਿਆਹ ਕੀਤੇ ਜਾਂਦੇ ਸਨ ਤੇ ਇਹ ਵਰਤਾਰਾ ਉਸ ਸਮੇਂ ਦੇ ਰਾਜਸੀ ਸਭਿਆਚਾਰ ਦਾ ਪ੍ਰਮੁੱਖ ਹਿੱਸਾ ਵੀ ਸੀ।

1839 ਈ ਵਿੱਚ ਅੱਜ ਹੀ ਦੇ ਦਿਨ, ਲੰਬੇ ਸਮੇਂ ਰਾਜ ਕਰਨ ਤੋਂ ਬਾਅਦ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਪਰ ਮਾੜੀ ਕਿਸਮਤ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸਾਂ ’ਚੋਂ ਖਾਲਸਾ ਰਾਜ ਸੰਭਾਲਣ ਦੀ ਯੋਗਤਾ ਕਿਸੇ ਚ ਵੀ ਨ੍ਹੀਂ ਸੀ। ਵੱਡਾ ਪੁੱਤਰ ਖੜਕ ਸਿੰਘ ਤਖਤ ’ਤੇ ਬੈਠਿਆ ਪਰ ਕਾਬਲੀਅਤ ਦੀ ਘਾਟ ਕਾਰਨ, ਖਾਲਸਾ ਰਾਜ ਖਿੰਡਣਾ ਸ਼ੁਰੂ ਹੋ ਗਿਆ ਤੇ ਹੋਲੀ-ਹੋਲੀ ਈਸਟ ਇੰਡੀਆ ਕੰਪਨੀ ਰਾਹੀਂ ਅੰਗਰੇਜਾਂ ਨੇਂ ਮਹਾਰਾਜਾ ਦਾ ਰਾਜ, ਸਾਡਾ ਆਪਣਾ ਰਾਜ, ਨੈਤਿਕਤਾ ਤੇ ਸੱਚ ਦਾ ਖਾਲਸਾ ਰਾਜ, ਸ਼ਾਤਰ ਤੇ ਕੋਝੀਆਂ ਚਾਲਾਂ ਖੇਡ, ਆਪਣੇ ਕਬਜੇ ਹੇਠ ਕਰ ਲਿਆ। ਭਾਰਤ ਦੀ ਸੰਸਦ ਵਿੱਚ, 20 ਅਗਸਤ 2003 ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਨਮਾਨ ਵਜੋਂ, 22 ਫੁੱਟ ਉੱਚੀ ਕਾਂਸੀ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ ਹੈ, ਪਾਕਿਸਤਾਨ ਦੇ ਲਾਹੌਰ ਵਿੱਚ ਵੀ ਆਪਦਾ ਸ਼ਾਨਦਾਰ ਬੁੱਤ ਸਥਾਪਿਤ ਏ। ਅੱਜ ਵੀ ਪੰਜਾਬ ਦੇ ਹੁਕਮਰਾਨਾਂ ਦੇ ਪਿੱਛੇ, ਵੱਡੇ ਸਰਕਾਰੀ ਦਫਤਰਾਂ ਚ, ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲੱਗੀ ਹੁੰਦੀ ਏ, ਜੋ ਸਰਕਾਰਾਂ ਦੇ ਰਾਜਸੀ ਹੁਕਮਰਾਨਾਂ ਨੂੰ ਸਭ ਨੂੰ ਇਕ ਅੱਖ ਨਾਲ ਦੇਖਣ ਤੇ ਬਿਨਾਂ ਧਰਮ, ਜਾਤੀ ਤੇ ਖੇਤਰ ਦੀ ਭਾਵਨਾ ਦੇ, ਭ੍ਰਿਸ਼ਟਚਾਰ ਰਹਿਤ ਸ਼ਾਸਨ ਕਰਦਿਆਂ, ਹਰੇਕ ਦੇ ਸਰਵਪੱਖੀ ਵਿਕਾਸ ਦਾ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਏ। ਮੈਂ ਆਸ ਕਰਦਾ ਹਾਂ ਕਿ ਸਾਰੇ ਹੁਕਮਰਾਨ ਇਸ ਮਹਾਨਾਇਕ ਦੇ ਆਦਰਸ਼ ਰਾਮਰਾਜ ਤੋਂ ਸੇਧ ਲੈਂਦਿਆਂ, ਆਮ ਲੋਕਾਂ ਦੀ ਬੇਹਤਰੀ ਲਈ ਗੰਭੀਰ ਯਤਨ ਕਰਨਗੇ ਤਾਂ ਜੋ ਵੱਧ ਰਹੇ, ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਪਾੜੇ ਨੂੰ ਘੱਟ ਕੀਤਾ ਜਾ ਸਕੇ।



# ਮੋਦੀ ਦੀ ਅਮਰੀਕਾ ਫੇਰੀ ਦੌਰਾਨ ਸਿੱਖ ਭਾਈਚਾਰੇ ਦੀ ਮੰਗ ਨੂੰ ਪਿਆ ਬੂਰ

## *ਸਿਆਟਲ 'ਚ ਖੋਲ੍ਹੀ ਜਾਵੇਗੀ ਨਵੀਂ ਭਾਰਤੀ ਅੰਬੈਸੀ*



ਵਾਸ਼ਿੰਗਟਨ : ਆਪਣੇ ਤਿੰਨ ਦਿਨਾਂ ਦੀ ਫੇਰੀ 'ਤੇ ਪਹੁੰਚੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ-ਭਾਰਤੀ ਸਿੱਖ ਭਾਈਚਾਰੇ ਨਾਲ ਰੌਨਾਲਡ ਰੀਗਨ ਸੈਂਟਰ ਵਾਸ਼ਿੰਗਟਨ ਡੀਸੀ ਵਿਖੇ ਮੁਲਾਕਾਤ ਕੀਤੀ। ਅੰਬੈਸੀ ਦੇ ਸੱਦੇ 'ਤੇ ਪਹੁੰਚੇ ਸਿੱਖਾਂ ਵਿੱਚੋਂ ਸਿੱਖ ਸੇਵਾ ਫਾਊਂਡੇਸ਼ਨ ਯੂਐਸਏ ਨਾਂ ਦੀ ਸੰਸਥਾ ਦੇ ਬਾਨੀ ਤੇ ਚੇਅਰਮੈਨ ਅਤੇ ਸਮਾਜ ਸੇਵੀ ਬਹਾਦਰ ਸਿੰਘ ਓਰੇਗਨ (ਅਮਰੀਕਾ), ਦਰਸ਼ਨ ਸਿੰਘ ਧਾਲੀਵਾਲ ਉੱਘੇ ਸਿੱਖ ਕਾਰੋਬਾਰੀ, ਜੋ ਅਮਰੀਕਾ ਵਿੱਚ ਸੈਂਕੜੇ ਗੈਸ ਸਟੇਸ਼ਨਾਂ ਦੇ ਮਾਲਕ ਹਨ ਅਤੇ ਜੋ ਪਰਵਾਸੀ ਭਰਤੀ ਐਵਾਰਡ ਨਾਲ ਪਹਿਲੇ ਸਨਮਾਨਤ ਸਿੱਖ ਹਨ, ਸ਼ਾਮਲ ਸਨ। ਉਹਨਾਂ ਨਾਲ ਬਹਾਦਰ ਸਿੰਘ ਸਿੱਖ ਸੇਵਾ ਫਾਊਂਡੇਸ਼ਨ ਦੇ ਚੇਅਰਮੈਨ, ਨਿਰਮਲ ਸਿੰਘ ਚੰਦੀ, ਰਾਜ ਵਰਮਾ, ਜਸਵੀਰ ਸਿੰਘ ਪੰਨੂੰ, ਰਾਜਵਿੰਦਰ ਸਿੰਘ ਬੋਪਾਰਾਏ, ਚਰਨਜੀਤ ਸਿੰਘ ਧਾਲੀਵਾਲ ਅਤੇ ਅੰਮ੍ਰਿਤਪਾਲ ਸਿੰਘ ਵੀ ਮੌਜੂਦ ਸਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿੱਖ ਸੇਵਾ ਫਾਊਂਡੇਸ਼ਨ ਅਮਰੀਕਾ ਚੇਅਰਮੈਨ ਬਹਾਦਰ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕਰਕੇ ਸੰਨ 2016 ਤੋਂ ਵਿੱਢੀ ਮੰਗ ਦੁਹਰਾਈ ਗਈ ਕਿ ਵਾਸ਼ਿੰਗਟਨ ਸਿਆਟਲ ਵਿੱਚ ਇਕ ਭਾਰਤੀ ਅੰਬੈਸੀ ਖੋਲ੍ਹੀ ਜਾਵੇ, ਜਿਸ 'ਤੇ ਮੋਦੀ ਨੇ ਸਿਆਟਲ ਵਿੱਚ ਭਾਰਤੀ ਅੰਬੈਸੀ ਖੋਲ੍ਹਣ ਦੀ ਉਹਨਾਂ ਦੀ ਮੰਗ ਨੂੰ ਸਵੀਕਾਰ ਕਰਦੇ ਹੋਏ ਸਿਆਟਲ ਵਿੱਚ ਜਲਦੀ ਹੀ ਇਕ ਨਵੀਂ ਅੰਬੈਸੀ ਖੋਲ੍ਹਣ ਦੀ ਮੰਗ ਨੂੰ ਸਵੀਕਾਰ ਕੀਤਾ। ਇਸ ਦੇ ਨਾਲ ਅਮਰੀਕੀ-ਭਾਰਤੀ ਸਿੱਖਾਂ ਨੇ ਬੰਦੀ ਸਿੰਘਾਂ ਦੀ ਰਿਹਾਈ, ਆਨੰਦ ਮੈਰਿਜ ਐਕਟ ਲਾਗੂ ਕਰਨ ਦੇ ਬਾਰੇ ਅਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਸਬੰਧੀ ਵੀ ਗੱਲਬਾਤ ਕੀਤੀ। ਇੱਥੇ ਦੱਸਣਯੋਗ ਹੈ ਕਿ ਸਮਾਜ ਸੇਵੀ ਬਹਾਦਰ ਸਿੰਘ ਇੱਥੇ ਇਕ ਸਫਲ ਕਾਰੋਬਾਰੀ ਵੀ ਹਨ, ਜਿਨ੍ਹਾਂ ਦੇ ਚਾਰ ਦਰਜਨ ਦੇ ਕਰੀਬ ਗਰੋਸਰੀ ਸਟੋਰ ਹਨ, ਜਿਨ੍ਹਾਂ ਵੱਲੋਂ ਭੀਰਾ ਖੇੜੀ ਲਖੀਮਪੁਰ ਯੂਪੀ ਵਿੱਚ ਕਈ ਸਾਲ ਪਹਿਲੇ ਵਨ-ਬੀਟ ਨਾਂ ਦੇ ਗਰੁੱਪ ਦੇ ਨਾਂ ਨਾਲ ਜਾਣਿਆ ਜਾਂਦਾ ਕਰੋੜਾਂ ਰੁਪਇਆ ਦੀ ਲਾਗਤ ਨਾਲ ਮੁਫਤ ਇਲਾਜ, ਦਵਾਈਆਂ, ਖਾਣਾ ਪੀਣਾ ਮੁਫਤ ਜਨਤਾ ਦੀ ਸਹੂਲਤ ਲਈ ਖੋਲ੍ਹਿਆ ਗਿਆ ਹੈ। ਉਹਨਾਂ ਦੱਸਿਆ ਕਿ ਉਹ ਜਨਤਾ ਦੀ ਸਹੂਲਤ ਅਤੇ ਮੁਫਤ ਇਲਾਜ ਲਈ ਇਕ ਹਸਪਤਾਲ ਪੰਜਾਬ ਵਿੱਚ ਚਮਕੌਰ ਸਾਹਿਬ ਵਿੱਚ ਸ਼ੁਰੂ ਕਰ ਰਹੇ ਹਨ।

# ਅਮਰੀਕਾ ਵਿਚ ਮੈਕਸੀਕੋ ਤੋਂ ਲਿਆਂਦੀ ਆਈਸ ਕਰੀਮ ਮਸ਼ੀਨ 'ਚ ਲੁਕਾ ਕੇ ਰੱਖੀ 66 ਕਿਲੋਗ੍ਰਾਮ ਤੋਂ ਵਧ ਹੈਰੋਇਨ ਬਰਾਮਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਯੂ ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਫਸਰਾਂ ਨੇ ਟੈਕਸਾਸ ਵਿਚ 66 ਕਿਲੋਗ੍ਰਾਮ ਤੋਂ ਵਧ ਕੁਕੀਨ ਬਰਾਮਦ ਕੀਤੀ ਹੈ ਜੋ ਮੈਕਸੀਕੋ ਤੋਂ ਲਿਆਂਦੀ ਇਕ ਵੱਡੀ ਆਈਸ ਕਰੀਮ ਮਸ਼ੀਨ ਵਿਚ ਲੁਕਾ ਕੇ ਰਖੀ ਹੋਈ ਸੀ। ਸੰਘੀ ਏਜੰਸੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਹ ਬਰਾਮਦਗੀ ਉਸ ਵੇਲੇ ਹੋਈ ਜਦੋਂ ਕਿ 1995 ਫੋਰਡ ਐਫ-150 ਪਿੱਕ ਅੱਪ ਟਰੱਕ ਜਿਸ ਵਿਚ ਆਈਸ ਕਰੀਮ ਮਸ਼ੀਨ ਲੱਦੀ ਹੋਈ ਸੀ, ਦੀ ਤਲਾਸ਼ੀ ਲਈ ਗਈ। ਐਲ ਪਾਸੋ ਪੋਰਟ 'ਤੇ ਕੀਤੇ ਐਕਸ ਰੇਅ ਸਕੈਨ ਵਿਚ ਪਤਾ ਲੱਗਾ ਕਿ ਕੁਝ ਗੜਬੜ ਹੈ। ਸੂਹੀਆ ਕੁੱਤਿਆਂ ਨੇ ਮਸ਼ੀਨ ਵਿਚ ਕੋਈ ਸ਼ੱਕੀ ਪਦਾਰਥ ਹੋਣ ਦੀ ਪੁਸ਼ਟੀ ਕੀਤੀ ਜਿਸ



ਉਪਰੰਤ ਮਸ਼ੀਨ ਖੋਲ੍ਹੀ ਗਈ। ਆਈਸ ਕਰੀਮ ਮਸ਼ੀਨ ਦੇ ਅੰਦਰੂਨੀ ਹਿੱਸਿਆਂ ਵਿਚੋਂ 56 ਪੈਕਟ ਕੁਕੀਨ ਦੇ ਬਰਾਮਦ ਹੋਏ। ਪਿੱਕ ਅੱਪ ਟਰੱਕ ਦੇ 43 ਸਾਲਾ ਮੈਕਸੀਕੋ ਦੇ ਡਰਾਈਵਰ ਨੂੰ ਗ੍ਰਿਫਤਾਰ ਕਰਕੇ ਜਨਤਿਕ ਸੁਰੱਖਿਆ ਬਾਰੇ ਟੈਕਸਾਸ ਵਿਭਾਗ ਦੇ ਸਪੁਰਦ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਡਰਾਈਵਰ ਦਾ ਨਾਂ ਨਸ਼ਰ ਨਹੀਂ ਕੀਤਾ ਪਰ ਕਿਹਾ ਹੈ ਕਿ ਉਸ ਵਿਰੁੱਧ ਅਸਫਲ ਕੁਕੀਨ ਤਸਕਰੀ ਦੀ ਕੋਸ਼ਿਸ਼ ਸਬੰਧੀ ਦੋਸ਼ ਆਇਦ ਕੀਤੇ ਜਾਣਗੇ। ਸੰਘੀ ਏਜੰਸੀ ਦੇ ਕਾਰਜਕਾਰੀ ਐਲ ਪਾਸੋ ਪੋਰਟ ਡਾਇਰੈਕਟਰ ਲੁਇਸ ਮੇਜੀਆ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੁਕੀਨ ਦੀ ਬਰਾਮਦ ਖੇਪ ਤੋਂ ਪਤਾ ਲੱਗਦਾ ਹੈ ਕਿ ਡਰੱਗ ਕਿਸੇ ਵੀ ਚੀਜ ਜਾਂ ਕਿਤੇ ਵੀ ਲੁਕਾ ਕੇ ਰਖੇ ਹੋ ਸਕਦੇ ਹਨ। ਇਸ ਲਈ ਸਾਨੂੰ ਹਰ ਵਕਤ ਚੌਕਸ ਰਹਿਣਾ ਪਵੇਗਾ। ਏਜੰਸੀ ਦੇ ਬੁਲਾਰੇ ਰੋਜਰ ਮੇਈਰ ਅਨੁਸਾਰ ਬਰਾਮਦ ਕੁਕੀਨ ਦੀ ਅਨੁਮਾਨਤ ਬਜਾਰੀ ਕੀਮਤ 12 ਲੱਖ ਡਾਲਰ ਹੈ।

# ਸਿੱਖਾਂ ਨੇ ਸਿੱਖ ਧਰਮ ਨੂੰ ਸਕੂਲੀ ਪਾਠਕ੍ਰਮ 'ਚ ਸ਼ਾਮਲ ਕਰਵਾਉਣ ਲਈ ਕੀਤੀ ਪਹਿਲ

ਨਿਊਯਾਰਕ : ਬੀਤੇ ਦਿਨ ਅਮਰੀਕਾ ਦੇ ਓਹਾਇਓ ਸੂਬੇ ਦੀ ਰਾਜਧਾਨੀ ਕੋਲੰਬਸ ਵਿੱਚ ਸਿੱਖ ਕੋਲੀਸ਼ਨ ਵਲੋਂ ਦਿੱਤੇ ਗਏ ਸੱਦੇ 'ਤੇ ਕੋਲੰਬਸ, ਸਿਨਸਿਨਾਟੀ, ਡੇਟਨ, ਕਲੀਵਲੈਂਡ ਤੇ ਹੋਰਨਾਂ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸਿੱਖ ਓਹਾਇਓ ਦੇ ਸਟੇਟ ਹਾਊਸ ਵਿੱਚ ਪੁੱਜੇ। ਇੱਥੇ ਉਹਨਾਂ ਨੇ ਸੂਬੇ ਦੇ ਵੱਖ-ਵੱਖ ਪਾਰਟੀਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਹਾਊਸ ਬਿੱਲ 171 ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ। ਇਹ ਬਿੱਲ ਓਹਾਇਓ ਸੂਬੇ ਦੀ ਡੀਸਟ੍ਰਿਕਟ 4 ਦੇ ਪ੍ਰਤੀਨਿਧ (ਰਿਪਰੀਜ਼ੈਂਨਟੇਟਿਵ) ਮੇਰੀਲਾਈਟ ਬੇਡੀ ਜੋ ਕਿ ਡੈਮੋਕਰੈਟ ਪਾਰਟੀ ਤੋਂ ਹਨ, ਵਲੋਂ ਪੇਸ਼ ਕੀਤਾ ਗਿਆ ਹੈ।

ਇਸ ਬਿੱਲ ਵਿੱਚ ਏਸ਼ੀਅਨ ਅਮਰੀਕੀ ਤੇ ਪੈਸੀਫਿਕ ਆਈਲੈਂਡ ਕਮਿਊਨਿਟੀ ਬਾਰੇ ਸਮਾਜਿਕ ਵਿਗਿਆਨ ਵਿੱਚ ਜਾਣਕਾਰੀ ਸ਼ਾਮਲ ਕਰਨ ਦੀ ਵਿਵਸਥਾ ਹੈ। ਜੇ ਇਹ ਬਿੱਲ ਪਾਸ




ਹੋ ਜਾਂਦਾ ਹੈ ਤਾਂ ਇਸ ਨਾਲ ਏਸ਼ੀਅਨ ਖਿੱਤੇ ਦੇ ਵੱਖ-ਵੱਖ ਭਾਈਚਾਰਿਆਂ ਦੀ ਜਾਣਕਾਰੀ ਸਮੇਤ ਸਿੱਖ ਧਰਮ ਬਾਰੇ ਵੀ ਜਾਣਕਾਰੀ ਸਕੂਲ ਦੇ ਪਾਠਕ੍ਰਮ ਵਿੱਚ ਸ਼ਾਮਲ ਹੋ ਸਕੇਗੀ। ਇਸ ਨਾਲ ਸਿੱਖ ਬੱਚਿਆਂ ਨਾਲ ਸਿੱਖ ਕਕਾਰਾਂ ਬਾਰੇ ਕੀਤੀ ਜਾਂਦੀ ਛੇੜਖਾਨੀ ਨੂੰ ਵੀ ਠੱਲ ਪਵੇਗੀ। ਓਹਾਇਓ ਦੇ ਸਿੱਖਾਂ ਨੇ ਵੱਖ-ਵੱਖ ਵਫਦ ਬਣਾ ਕੇ ਹਾਊਸ ਦੇ ਪ੍ਰਤੀਨਿਧ ਜੈਨੀਫਰ ਗਰੋਸ, ਏਲੀਅਟ ਫੋਰਹੈਨ, ਸੇਡਰਿਕ ਡੈਨਸਨ ਸਮੇਤ ਕਈ ਹੋਰਨਾਂ ਨਾਲ ਮੁਲਾਕਾਤ ਕਰਕੇ ਬਿੱਲ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ।

ਇੱਥੇ ਵਰਨਣਯੋਗ ਹੈ ਕਿ ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵਲੋਂ ਵੀ ਇਸ ਬਿਲ ਦੇ ਹੱਕ ਵਿੱਚ ਦਸਤਖਤੀ ਮੁਹਿੰਮ ਅਰੰਭੀ ਗਈ ਹੈ ਤੇ ਆਪਣੇ ਆਪਣੇ ਇਲਾਕੇ ਦੇ ਨੁਮਾਇੰਦਿਆਂ ਨੂੰ ਮੰਗ ਪੱਤਰ ਦਿੱਤੇ ਗਏ। ਸਿੱਖ ਕੋਲੀਸ਼ਨ ਦੇ ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਯਸ਼ਪ੍ਰੀਤ ਸਿੰਘ ਅਤੇ ਵਕੀਲ ਮਰੀਸਾ ਰੋਸੇਟੀ ਨੇ ਇਸ ਬਿੱਲ ਸੰਬੰਧੀ ਸਿੱਖ ਭਾਈਚਾਰੇ ਨਾਲ ਜਾਣਕਾਰੀ ਸਾਂਝੀ ਕੀਤੀ।

# ਵਿਜੀਲੈਂਸ ਨੇ ਸਾਬਕਾ ਅਕਾਲੀ ਮੰਤਰੀਆਂ ਤੇ ਵਿਧਾਇਕਾਂ ਵਿਰੁੱਧ ਵੀ ਜਾਂਚ ਵਿੱਢੀ

## ** ਅਕਾਲੀ ਦਲ ਦੇ 6 ਸਾਬਕਾ ਮੰਤਰੀ, ਸਾਬਕਾ ਮੁੱਖ ਸੰਸਦੀ ਸਕੱਤਰ ਤੇ ਵਿਧਾਇਕ ਆਏ ਵਿਜੀਲੈਂਸ ਦੇ ਨਿਸ਼ਾਨੇ 'ਤੇ*

ਚੰਡੀਗੜ੍ਹ : ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਜਾਂਚ ਦਾ ਦਾਇਰਾ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਤੋਂ ਅਕਾਲੀ ਦਲ ਦੇ ਆਗੂਆਂ ਤੱਕ ਵਧਾ ਦਿੱਤਾ ਹੈ। ਵਿਜੀਲੈਂਸ ਬਿਊਰੋ ਦੇ ਇੱਕ ਸੀਨੀਅਰ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਬਿਊਰੋ ਵੱਲੋਂ ਅਕਾਲੀ ਦਲ ਨਾਲ ਸਬੰਧਤ ਅਜਿਹੇ ਛੇ ਤੋਂ ਵੱਧ ਸਿਆਸਤਦਾਨਾਂ ਦੇ ਖਿਲਾਫ਼ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਜਾਂਚ ਆਰੰਭੀ ਗਈ ਹੈ ਜੋ ਸੂਬੇ ਵਿੱਚ ਅਕਾਲੀ -ਭਾਜਪਾ ਸਰਕਾਰ ਦੇ ਸਮੇਂ ਮੰਤਰੀ, ਮੁੱਖ ਸੰਸਦੀ ਸਕੱਤਰ ਅਤੇ ਵਿਧਾਇਕ ਰਹੇ ਹਨ। ਵਿਜੀਲੈਂਸ ਵੱਲੋਂ ਅਕਾਲੀ ਆਗੂਆਂ ਨੂੰ ਵੀ ਤਲਬ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਬਿਊਰੋ ਨੂੰ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਵਿਭਾਗਾਂ ਵਿੱਚ ਹੋਏ ਘਪਲਿਆਂ ਅਤੇ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ ਤੇ ਇਨ੍ਹਾਂ ਸ਼ਿਕਾਇਤਾਂ ਦੀ ਪੁਸ਼ਟੀ ਲਈ ਡੀਐਸਪੀ ਅਤੇ ਐਸਪੀ ਪੱਧਰ ਦੇ ਅਧਿਕਾਰੀਆਂ ਤੋਂ ਮੁਢਲੀਆਂ ਤੱਥ ਖੋਜ ਰਿਪੋਰਟਾਂ ਤਿਆਰ ਕਰਵਾਈਆਂ ਗਈਆਂ ਸਨ। ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਹੀ ਵਿਜੀਲੈਂਸ ਨੇ ਕਾਰਵਾਈ ਨੂੰ ਅੱਗੇ ਵਧਾਇਆ ਹੈ। ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਸਿੰਜਾਈ ਵਿਭਾਗ ਵਿੱਚ ਹੋਏ ਕਥਿਤ ਬਹੁ-ਕਰੋੜੀ ਘੁਟਾਲੇ ਦੇ ਮਾਮਲੇ ਦੀ ਜਾਂਚ



ਵਿੱਚ ਤਾਂ ਦੋ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਅਤੇ ਸ਼ਰਨਜੀਤ ਸਿੰਘ ਢਿੱਲੋਂ ਜਾਂਚ ਦਾ ਸਾਹਮਣਾ ਕਰ ਰਹੇ ਹਨ ਤੇ ਇਨ੍ਹਾਂ ਮਾਮਲਿਆਂ ਵਿੱਚ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਤੱਥ ਖੋਜ ਪੜਤਾਲ ਵੀ ਨਾਲੋਂ ਨਾਲ ਚੱਲ ਰਹੀ ਹੈ। ਇਸ ਮਾਮਲੇ ਸਮੇਤ ਸਿੱਖਿਆ, ਦਿਹਾਤੀ ਵਿਕਾਸ ਤੇ ਪੰਚਾਇਤ ਅਤੇ ਖੁਰਾਕ ਤੇ ਸਪਲਾਈ ਵਿਭਾਗ ਵਿੱਚ ਹੋਈਆਂ ਵਿੱਤੀ ਬੇਨਿਯਮੀਆਂ ਦੀਆਂ ਸ਼ਿਕਾਇਤਾਂ ਵੀ ਹਾਸਲ ਹੋਈਆਂ ਹਨ, ਜਿਨ੍ਹਾਂ ਦੀ ਪੁਸ਼ਟੀ ਕੀਤੀ ਜਾ ਰਹੀ ਹੈ। ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਉਕਤ ਵਿਭਾਗਾਂ ਦਾ ਪੁਰਾਣਾ ਰਿਕਾਰਡ ਘੋਖਿਆ ਜਾਵੇਗਾ। ਇਸੇ ਤਰ੍ਹਾਂ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿੱਚ ਮਾਲ ਵਿਭਾਗ ਦੇ ਅਫ਼ਸਰਾਂ ਖਾਸ ਤਹਿਸੀਲਦਾਰਾਂ ਅਤੇ ਪਟਵਾਰੀਆਂ ਨੂੰ ਅਕਾਲੀ ਨੇਤਾਵਾਂ ਦੀਆਂ ਜ਼ਮੀਨਾਂ ਜਾਇਦਾਦਾਂ ਦਾ ਰਿਕਾਰਡ ਅਤੇ ਬੈਂਕ ਅਧਿਕਾਰੀਆਂ ਤੋਂ ਬੈਂਕ ਖਾਤਿਆਂ ਦੀ ਜਾਣਕਾਰੀ ਮੰਗੀ ਗਈ ਹੈ।

# ਪੰਜਾਬ ਸਰਕਾਰ ਵੱਲੋਂ ਗੋਆ 'ਚ ਜ਼ਮੀਨ ਦੀ ਲੀਜ਼ ਰੱਦ ਕਰਨ ਨੂੰ ਹਰੀ ਝੰਡੀ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਗੋਆ ਵਿਚ ਸਮੁੰਦਰ ਦੇ ਨਾਲ ਲਗਦੀ ਕਰੋੜਾਂ ਰੁਪਏ ਦੀ ਬਹੁ-ਕੀਮਤੀ ਜ਼ਮੀਨ ਦੀ ਲੀਜ਼ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ ਜਿਹੜੀ ਇੱਕ ਪੰਜ ਤਾਰਾ ਹੋਟਲ ਕੰਪਨੀ ਨੂੰ ਦਿੱਤੀ ਗਈ ਹੈ। ਜਦੋਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸੀ ਤਾਂ ਉਦੋਂ ਗੋਆ ਦੀ ਇਸ ਜ਼ਮੀਨ ਨੂੰ ਲੀਜ਼ 'ਤੇ ਦੇਣ ਲਈ ਟੈਂਡਰ ਕੀਤੇ ਗਏ ਸਨ। ਕਰੋੜਾਂ ਰੁਪਏ ਦੀ ਜ਼ਮੀਨ ਦੀ ਲੀਜ਼ ਕੌਡੀਆਂ ਦੇ ਭਾਅ ਹੋਈ ਹੈ ਜਿਸ ਨਾਲ ਖ਼ਜ਼ਾਨੇ ਨੂੰ ਚੂਨਾ ਲੱਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਉੱਚ ਅਫ਼ਸਰਾਂ ਨੂੰ ਹੁਕਮ ਜਾਰੀ ਕਰ ਦਿੱਤੇ ਹਨ ਕਿ ਟੈਂਡਰ ਹਾਸਲ ਕਰਨ ਵਾਲੀ ਕੰਪਨੀ ਦੀ ਲੀਜ਼ ਦੇ ਟੈਂਡਰਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ।

ਪੰਜਾਬ ਸਰਕਾਰ ਹੁਣ ਨਵੇਂ ਸਿਰਿਓਂ ਟੈਂਡਰ ਕਰੇਗੀ। ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਨੇ ਟੈਂਡਰ ਪ੍ਰਕਿਰਿਆ ਜ਼ਰੀਏ ਗੋਆ ਵਿਚਲੀ ਪ੍ਰਾਪਰਟੀ ਲੀਜ਼ 'ਤੇ ਦਿੱਤੀ ਸੀ ਜੋ ਕਿ ਸੈਰ-ਸਪਾਟਾ ਵਿਭਾਗ ਦੀ ਸੰਪਤੀ ਹੈ। ਸੂਬਾ ਸਰਕਾਰ ਨੇ ਉਦੋਂ ਅੱਠ ਏਕੜ ਪ੍ਰਮੁੱਖ ਜ਼ਮੀਨ ਨੂੰ 15 ਵਰ੍ਹਿਆਂ ਲਈ ਸਿਰਫ਼ 1.13 ਲੱਖ ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਲਾਟ ਕੀਤਾ ਗਿਆ ਸੀ। ਮੁੱਖ ਮੰਤਰੀ ਨੇ ਪ੍ਰਾਈਵੇਟ ਕੰਪਨੀ ਨੂੰ ਨੋਟਿਸ ਦੇਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਚਰਚਾ ਕੀਤੀ ਹੈ ਕਿ ਇਹ ਲੀਜ਼ ਰਾਸ਼ੀ ਕਾਫ਼ੀ ਘੱਟ ਹੈ ਅਤੇ ਟੈਂਡਰ ਪ੍ਰਕਿਰਿਆ ਵਿਚ ਤਕਨੀਕੀ ਖ਼ਾਮੀਆਂ ਵੀ ਲੱਭੀਆਂ ਹਨ।

ਪੰਜਾਬ ਸਰਕਾਰ ਨੇ ਮੁੱਢਲੀ ਪੜਤਾਲ 'ਚ ਪਾਇਆ ਹੈ ਕਿ ਇਸ ਜ਼ਮੀਨ ਦੀ ਮਾਲਕੀ ਵਾਲੀ ਜੁਆਇੰਟ ਵੈਂਚਰ ਕੰਪਨੀ ਦੀ ਅਗਾਊਂ ਪ੍ਰਵਾਨਗੀ ਲਏ ਬਿਨਾਂ ਪਿਛਲੀ ਕਾਂਗਰਸ



ਸਰਕਾਰ ਦੇ ਕਾਰਜਕਾਲ ਦੌਰਾਨ ਟੈਂਡਰ ਅਲਾਟ ਕੀਤਾ ਸੀ। ਚੇਤੇ ਰਹੇ ਕਿ ਮੁੱਖ ਮੰਤਰੀ ਨੇ ਪਿਛਲੇ ਦਿਨਾਂ ਵਿਚ ਸੰਗਰੂਰ ਵਿਚ ਜਨਤਕ ਪ੍ਰੋਗਰਾਮ ਵਿਚ ਵੀ ਗੋਆ ਦੇ ਇਸ ਜ਼ਮੀਨ ਦਾ ਜ਼ਿਕਰ ਛੇੜਿਆ ਸੀ। ਪੰਜਾਬ ਦੇ ਸੈਰ-ਸਪਾਟਾ ਵਿਭਾਗ ਦੀ ਗੋਆ ਤੋਂ ਇਲਾਵਾ ਮਨਾਲੀ, ਮਸੂਰੀ ਅਤੇ ਜੈਪੁਰ ਵਿਚ ਵੀ ਪ੍ਰਾਪਰਟੀ ਹੈ। ਸੈਰ-ਸਪਾਟਾ ਵਿਭਾਗ ਦੇ ਪ੍ਰਮੁੱਖ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਨੇ ਦੱਸਿਆ ਕਿ ਇਸ ਲੀਜ਼ ਦੇ ਟੈਂਡਰ ਨੂੰ ਰੱਦ ਕਰਨ ਦਾ ਨੋਟਿਸ ਤਿਆਰ ਕੀਤਾ ਜਾ ਰਿਹਾ ਹੈ ਅਤੇ ਕਾਨੂੰਨੀ ਨਜ਼ਰੀਏ ਤੋਂ ਜਾਂਚ ਹੋਣ ਮਗਰੋਂ ਸਬੰਧਿਤ ਧਿਰ ਨੂੰ ਨੋਟਿਸ ਜਾਰੀ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਇਸ ਲਈ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਵੇਰਵਿਆਂ ਅਨੁਸਾਰ ਅਸਲ ਵਿਚ ਗੋਆ ਵਿਚਲੀ ਇਹ ਜ਼ਮੀਨ ਪ੍ਰਾਈਵੇਟ ਮਾਲਕਾਂ ਦੀ ਸੀ ਜਿਸ ਨੂੰ ਬਾਅਦ ਵਿਚ ਸਮਾਂ-ਸ਼ੇਅਰ ਸਕੀਮ ਤਹਿਤ ਸੈਰ-ਸਪਾਟਾ ਵਿਭਾਗ ਨੇ ਲੈ ਲਿਆ ਸੀ। ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਮਾਲਕਾਂ ਨਾਲ ਸਾਂਝੀ ਭਾਈਵਾਲੀ ਵਿਚ 'ਹੋਲੀਡੇਅ ਹੋਮ' ਬਣਾਉਣ ਲਈ ਮੁਲਕ ਭਰ ਵਿਚ 25 ਜਾਇਦਾਦਾਂ ਲਈਆਂ ਸਨ। ਇਹ ਵੱਖਰੀ ਗੱਲ ਹੈ ਕਿ ਇਹ ਘਾਟੇ ਵਾਲਾ ਸੌਦਾ ਹੀ ਸਾਬਤ ਹੋਈ। ਸੈਰ ਸਪਾਟਾ ਵਿਭਾਗ ਦੇ ਅਧੀਨ ਤਿੰਨ ਕੰਪਨੀਆਂ ਗੁਲਮੋਹਰ, ਸਤਕਾਰ ਹੋਲੀਡੇਜ਼ ਅਤੇ ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਗੋਆ ਦੀ ਜਾਇਦਾਦ ਵਿਚ ਹਿੱਸੇਦਾਰੀ ਸੀ ਅਤੇ ਸਤਕਾਰ ਹੋਲੀਡੇਜ਼ ਦੀ ਸਭ ਤੋਂ ਵੱਧ ਹਿੱਸੇਦਾਰੀ ਹੈ। ਜਦ ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਵੱਲੋਂ ਇਸ ਪ੍ਰਾਪਰਟੀ ਨੂੰ ਲੀਜ਼ 'ਤੇ ਦੇਣ ਲਈ ਟੈਂਡਰ ਕੱਢੇ ਗਏ ਤਾਂ ਉਸ ਵਕਤ ਇਹ ਤੈਅ ਹੋਇਆ ਸੀ ਕਿ ਉਪਰੋਕਤ ਤਿੰਨੋਂ ਸਟੇਕ ਹੋਲਡਰਾਂ ਤੋਂ ਪੋਸਟ ਫੈਕਟੋ ਪ੍ਰਵਾਨਗੀ ਲਈ ਜਾਵੇਗੀ। ਟੈਂਡਰ ਅਲਾਟ ਕੀਤੇ ਜਾਣ ਮਗਰੋਂ ਇੱਕ ਸਟੇਕ ਹੋਲਡਰ ਨੇ ਜ਼ਮੀਨ ਦੀ ਲੀਜ਼ ਲਈ ਆਪਣੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ। ਅਗਰ ਤਿੰਨੋ ਸਟੇਕ ਹੋਲਡਰ ਸਹਿਮਤ ਹੋ ਜਾਂਦੇ ਤਾਂ ਸਹਿਮਤੀ ਨਾਲ 15 ਸਾਲਾਂ ਮਗਰੋਂ ਹੋਰ 15 ਸਾਲਾਂ ਲਈ ਲੀਜ਼ ਵਧਾਈ ਜਾ ਸਕਦੀ ਸੀ।

### ਵਿਜੀਲੈਂਸ ਵੱਲੋਂ ਵੀ ਜਾਂਚ ਸ਼ੁਰੂ

ਵਿਜੀਲੈਂਸ ਬਿਊਰੋ ਨੇ ਵੀ ਗੋਆ ਵਿਚਲੀ ਜ਼ਮੀਨ ਦੀ ਟੈਂਡਰ ਪ੍ਰਕਿਰਿਆ ਆਦਿ ਦੀ ਜਾਂਚ ਵਿੱਢ ਦਿੱਤੀ ਹੈ। ਵਿਜੀਲੈਂਸ ਨੇ ਸੈਰ ਸਪਾਟਾ ਵਿਭਾਗ ਤੋਂ ਇਸ ਨਾਲ ਸਬੰਧਿਤ ਰਿਕਾਰਡ ਤਲਬ ਕੀਤਾ ਹੈ। ਇਸ ਤੋਂ ਪਹਿਲਾਂ ਸੈਰ ਸਪਾਟਾ ਵਿਭਾਗ ਦੇ ਇੱਕ ਅਧਿਕਾਰੀ ਵੱਲੋਂ ਮੁੱਢਲੀ ਪੜਤਾਲ ਕੀਤੀ ਗਈ ਹੈ ਅਤੇ ਇਸ ਅਧਿਕਾਰੀ ਨੇ ਗੋਆ ਦਾ ਦੌਰਾ ਵੀ ਕੀਤਾ ਹੈ।

# ਵਿਦੇਸ਼ 'ਚ ਰਿਜ਼ਕ ਲਈ ਭਟਕਦੇ ਬੱਚੇ

-ਪ੍ਰਿੰਸੀਪਲ ਵਿਜੈ ਕੁਮਾਰ

*ਭਾਰਤ ਦੀ ਸਿੱਖਿਆ ਦਾ ਤਾਂ ਇਹ ਹਾਲ ਹੈ ਕਿ ਦੇਸ਼ ਦੇ ਜ਼ਿਆਦਾਤਰ ਨੌਜਵਾਨਾਂ ਪੱਲੇ ਡਿਗਰੀਆਂ ਤਾਂ ਹਨ ਪਰ ਲੋੜੀਂਦਾ ਗਿਆਨ ਨਹੀਂ। ਇਸ ਨੇ ਬੇਰੁਜ਼ਗਾਰੀ ਦੇ ਸੰਕਟ ਨੂੰ ਹੋਰ ਵੀ ਸੰਕਟ ਭਰਪੂਰ ਕਰ ਦਿੱਤਾ ਹੈ। ਜੇ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਸਿੱਖਿਆ ਨੀਤੀਆਂ ਵਿਚ ਸੁਧਾਰ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿਚ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ।*



ਸਾਡੇ ਦੇਸ਼ ਦੇ ਲੋਕ ਸਿੱਖਿਆ ਸ਼ਾਸਤਰੀ ਮੈਕਾਲੇ ਦੀ ਬਣਾਈ ਹੋਈ ਸਿੱਖਿਆ ਨੀਤੀ ਨੂੰ ਅੱਜ ਤਕ ਕੋਸਦੇ ਆ ਰਹੇ ਹਨ ਕਿਉਂਕਿ ਉਸ ਸਿੱਖਿਆ ਨੀਤੀ ਦੀ ਬਦੌਲਤ ਦੇਸ਼ ਦੇ ਅੱਗੇ ਬੇਰੁਜ਼ਗਾਰੀ ਦੀ ਗੰਭੀਰ ਸਮੱਸਿਆ ਖੜ੍ਹੀ ਹੋ ਗਈ ਹੈ। ਸਾਡੇ ਦੇਸ਼ ਦੀਆਂ ਹੁਣ ਤਕ ਦੀਆਂ ਸਰਕਾਰਾਂ ਨੂੰ ਸਿੱਖਿਆ ਮਾਹਰਾਂ ਵੱਲੋਂ ਸਿੱਖਿਆ ਨੀਤੀਆਂ ਨੂੰ ਲੈ ਕੇ ਦਿੱਤੇ ਗਏ ਸੁਝਾਅ ਸਮਝ ਨਹੀਂ ਆਏ ਜਾਂ ਉਨ੍ਹਾਂ ਨੇ ਸਮਝਦੇ ਹੋਏ ਵੀ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਕਿਉਂਕਿ ਹੁਕਮਰਾਨਾਂ ਨੂੰ ਆਪਣੇ ਦੇਸ਼ ਨਾਲੋਂ ਆਪਣਾ ਫ਼ਿਕਰ ਜ਼ਿਆਦਾ ਹੈ।

ਭਾਰਤ ਦੀ ਕਿਸੇ ਵੀ ਸਰਕਾਰ ਨੇ ਅੱਜ ਤਕ ਨਾ ਤਾਂ ਦੋਸ਼ਪੂਰਨ ਸਿੱਖਿਆ ਨੀਤੀਆਂ ਵੱਲ ਧਿਆਨ ਦਿੱਤਾ ਤੇ ਨਾ ਹੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ। ਸਰਕਾਰਾਂ ਦੀ ਗ਼ੈਰ-ਜ਼ਿੰਮੇਵਾਰੀ ਨੇ ਬੇਰੁਜ਼ਗਾਰੀ ਨੂੰ ਬੇਹੱਦ ਗੰਭੀਰ ਮੁੱਦਾ ਬਣਾ ਦਿੱਤਾ ਹੈ। ਅੱਜ ਸਾਡੇ ਦੇਸ਼ ਦੇ ਹੋਣਹਾਰ ਮੁੰਡੇ-ਕੁੜੀਆਂ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ 'ਚ ਰੁਜ਼ਗਾਰ ਲੱਭਣ ਲਈ ਮਜਬੂਰ ਹੋ ਰਹੇ ਹਨ। ਦੇਸ਼ ਦਾ ਹਰ ਦੂਜਾ ਬੱਚਾ ਆਪਣੇ ਮਾਪਿਆਂ ਨੂੰ ਜ਼ਮੀਨ-ਜਾਇਦਾਦ ਵੇਚ ਕੇ ਬੈਂਕਾਂ ਤੋਂ ਕਰਜ਼ਾ ਚੁੱਕ ਕੇ ਜਾਂ ਫਿਰ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਫੜ ਕੇ ਉਸ ਨੂੰ ਵਿਦੇਸ਼ ਭੇਜਣ ਲਈ ਮਜਬੂਰ ਕਰ ਰਿਹਾ ਹੈ। ਨੌਜਵਾਨ ਮੁੰਡਿਆਂ-ਕੁੜੀਆਂ ਦੇ ਮੂੰਹੋਂ ਅਕਸਰ ਇਹੀ ਸ਼ਬਦ ਸੁਣਨ ਨੂੰ ਮਿਲ ਰਹੇ ਹਨ ਕਿ ਹੁਣ ਸਾਡੇ ਦੇਸ਼ ਵਿਚ ਰੱਖਿਆ ਹੀ ਕੀ ਹੈ। ਜੇ ਸਾਡੀਆਂ ਸਰਕਾਰਾਂ ਸਾਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾ ਸਕਦੀਆਂ ਤਾਂ ਇਸ ਮੁਲਕ 'ਚ ਰਹਿ ਕੇ ਕੀ ਕਰਨਾ? ਸਾਡੇ ਨੌਜਵਾਨ ਮੁੰਡੇ-ਕੁੜੀਆਂ ਇਹ ਸ਼ਬਦ ਕਹਿਣ ਲਈ ਇਸ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਸਾਡੇ ਦੇਸ਼ ਦੀਆਂ ਦੋਸ਼ਪੂਰਨ ਸਿੱਖਿਆ ਨੀਤੀਆਂ ਦੇਸ਼ 'ਚ ਬੇਰੁਜ਼ਗਾਰੀ ਦੇ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਰਹੀਆਂ ਹਨ। ਸਾਡੇ ਦੇਸ਼ ਦੀਆਂ ਸਰਕਾਰਾਂ ਉਨ੍ਹਾਂ ਦੇ ਰੁਜ਼ਗਾਰ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ। ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਨੌਜਵਾਨ ਮੁੰਡੇ-ਕੁੜੀਆਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਜਾਣ ਦੀ ਬਜਾਏ ਆਈਲੈਟਸ ਕਰਨ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਉਚੇਰੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਕਿਹੜਾ ਨੌਕਰੀ ਮਿਲਣੀ ਹੈ, ਉਸ ਤੋਂ ਬਾਅਦ ਵੀ ਤਾਂ ਵਿਹਲੇ ਹੀ ਘੁੰਮਣਾ ਹੈ। ਜੇਕਰ ਮਿਲਣੀ ਵੀ ਹੈ ਤਾਂ ਸਿਰਫ਼ ਅੱਠ-ਦਸ ਹਜ਼ਾਰ ਦੀ। ਉਹ ਇਹ ਵੀ ਸੋਚਦੇ ਹਨ ਕਿ ਜੇ ਉਚੇਰੀ ਸਿੱਖਿਆ ਹਾਸਲ ਕਰ ਕੇ ਵੀ ਵਿਦੇਸ਼ ਜਾਣਾ ਹੈ ਤਾਂ ਉੱਥੇ ਜਾ ਕੇ ਕਿਉਂ ਨਾ ਪੜ੍ਹਿਆ ਜਾਵੇ। ਵਿਦੇਸ਼ ਵਿਚ ਜਾ ਕੇ ਪੜ੍ਹਨ ਨਾਲ ਘੱਟੋ-ਘੱਟ ਰੁਜ਼ਗਾਰ ਤਾਂ ਮਿਲ ਹੀ ਜਾਵੇਗਾ। ਉਹ ਸੋਚਦੇ ਹਨ ਕਿ ਉਨ੍ਹਾਂ ਦਾ ਭਵਿੱਖ ਆਪਣੇ ਦੇਸ਼ ਨਾਲੋਂ ਵਿਦੇਸ਼ਾਂ ਵਿਚ ਜ਼ਿਆਦਾ ਸੁਰੱਖਿਅਤ ਹੈ।

ਇਸੇ ਲਈ ਸਾਡੇ ਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਬੱਚਿਆਂ ਦੀ ਗਿਣਤੀ ਘਟਦੀ ਜਾ ਰਹੀ ਹੈ ਤੇ ਆਈਲੈਟਸ ਸੈਂਟਰਾਂ ਵਿਚ ਵਧਦੀ ਜਾ ਰਹੀ ਹੈ। ਸਾਡੇ ਦੇਸ਼ ਦੇ ਨੌਜਵਾਨ ਮੁੰਡੇ-ਕੁੜੀਆਂ ਦਾ ਸ਼ੋਸ਼ਣ ਆਈਲੈਟਸ ਦੇ ਕੋਰਸਾਂ ਦੀਆਂ ਹਜ਼ਾਰਾਂ ਰੁਪਇਆਂ ਦੀਆਂ ਫੀਸਾਂ ਤੋਂ ਸ਼ੁਰੂ ਹੁੰਦਾ ਹੈ। ਉਸ ਤੋਂ ਬਾਅਦ ਉਨ੍ਹਾਂ ਬੱਚਿਆਂ ਤੋਂ ਵਿਦੇਸ਼ ਭੇਜਣ ਵਾਲੇ ਏਜੰਟ ਲੱਖਾਂ ਰੁਪਏ ਉਗਰਾਹੁੰਦੇ ਹਨ। ਉਸ ਤੋਂ ਮਗਰੋਂ ਵਿਦੇਸ਼ਾਂ ਦੀ ਧਰਤੀ 'ਤੇ ਡਾਲਰ ਕਮਾਉਣ ਦੇ ਸੁਪਨੇ ਲੈ ਕੇ ਆਏ ਉਨ੍ਹਾਂ ਬੱਚਿਆਂ ਤੋਂ ਵਿਦੇਸ਼ੀ ਯੂਨੀਵਰਸਿਟੀਆਂ ਤੇ ਕਾਲਜ ਲੱਖਾਂ ਰੁਪਏ ਫੀਸਾਂ ਦੇ ਰੂਪ 'ਚ ਲੁੱਟਦੇ ਹਨ।

ਸਾਡੇ ਦੇਸ਼ ਦੇ ਨੌਜਵਾਨ ਮੁੰਡਿਆਂ-ਕੁੜੀਆਂ ਜਿਹੜੇ ਆਪਣੇ ਦੇਸ਼ ਤੋਂ ਇੰਜੀਨੀਅਰਿੰਗ, ਮੈਡੀਕਲ, ਬੀਸੀਏ, ਐੱਮਸੀਏ, ਐੱਮਬੀਏ ਅਤੇ ਹੋਰ ਡਿਗਰੀਆਂ ਲੈ ਕੇ ਆਏ ਹੁੰਦੇ ਹਨ, ਉਨ੍ਹਾਂ ਨੂੰ ਵਿਦੇਸ਼ਾਂ 'ਚ ਰੁਜ਼ਗਾਰ ਲੱਭਣ ਲਈ ਮੁੜ ਪੜ੍ਹਨਾ ਪੈਂਦਾ ਹੈ ਕਿਉਂਕਿ ਉਹ ਸਾਡੇ ਦੇਸ਼ ਦੀ ਉਚੇਰੀ ਸਿੱਖਿਆ ਨੂੰ ਆਪਣੇ ਦੇਸ਼ ਦੀ ਉਚੇਰੀ ਸਿੱਖਿਆ ਦੇ ਮਿਆਰ ਦੀ ਨਹੀਂ ਸਮਝਦੇ। ਹੁਣ ਵਿਦੇਸ਼ਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਆਏ ਨੌਜਵਾਨ ਮੁੰਡੇ-ਕੁੜੀਆਂ ਜਿਸ ਕਿਸਮ ਦੀ ਜ਼ਿੰਦਗੀ ਜਿਊਂਦੇ ਹਨ, ਉਸ ਬਾਰੇ ਵੀ ਜਾਣ ਲੈਣਾ ਚਾਹੀਦਾ ਹੈ।

ਚੰਗੇ ਸ਼ਾਨਦਾਰ ਘਰਾਂ ਵਿਚ ਰਹਿਣ ਵਾਲੇ ਬੱਚਿਆਂ ਨੂੰ ਚਾਰ-ਪੰਜ ਇਕੱਠੇ ਹੋ ਕੇ ਬੇਸਮੈਂਟਾਂ 'ਚ ਰਹਿਣਾ ਪੈਂਦਾ ਹੈ ਕਿਉਂਕਿ ਇਕੱਲਾ ਬੱਚਾ ਬੇਸਮੈਂਟ ਦਾ ਕਿਰਾਇਆ ਨਹੀਂ ਦੇ ਸਕਦਾ। ਜਿਨ੍ਹਾਂ ਬੱਚਿਆਂ ਨੇ ਆਪਣੇ ਘਰਾਂ ਵਿਚ ਕੰਮ ਨੂੰ ਹੱਥ ਨਹੀਂ ਲਗਾਇਆ ਹੁੰਦਾ, ਉਹ ਹੋਟਲਾਂ, ਸਟੋਰਾਂ, ਚੌਕੀਦਾਰੀ, ਲੇਬਰ, ਕਲੀ, ਪੇਂਟ ਕਰਨ ਅਤੇ ਪੈਟਰੋਲ ਪੰਪਾਂ ਦੀ ਨੌਕਰੀ ਲਈ ਤਰਸਦੇ ਘੁੰਮਦੇ ਨੇ। ਚੰਗੇ ਪੜ੍ਹੇ-ਲਿਖੇ ਬੱਚੇ ਟੈਕਸੀ ਅਤੇ ਟਰੱਕ ਚਲਾਉਣ ਦਾ ਕੰਮ ਵੀ ਕਰਦੇ ਹਨ।

ਬੇਰੁਜ਼ਗਾਰੀ ਦਾ ਸੰਤਾਪ ਭੁਗਤ ਰਹੇ ਤਿੰਨ ਵਰਗਾਂ ਦੇ ਸਾਡੇ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਆਉਂਦੇ ਹਨ। ਪਹਿਲੇ ਵਰਗ ਵਿਚ ਚੰਗੀ ਬੌਧਿਕ ਯੋਗਤਾ ਵਾਲੇ ਉਹ ਬੱਚੇ ਹੁੰਦੇ ਹਨ ਜਿਹੜੇ ਚੰਗੇ ਸਕੂਲਾਂ ਵਿਚ ਪੜ੍ਹ ਕੇ ਅਤੇ ਮਿਹਨਤ ਕਰ ਕੇ ਆਏ ਹੁੰਦੇ ਹਨ। ਉਹ ਆਪਣੀ ਯੋਗਤਾ ਅਤੇ ਮਿਹਨਤ ਸਦਕਾ ਚੰਗੇ ਡਾਲਰਾਂ ਵਾਲੀ ਨੌਕਰੀ 'ਤੇ ਲੱਗ ਜਾਂਦੇ ਹਨ। ਚੰਗੀ ਤਨਖਾਹ ਵਾਲੀ ਨੌਕਰੀ ਮਿਲਣ ਕਰ ਕੇ ਉਹ ਬੱਚੇ ਚੰਗੇ ਸਟੇਟਸ ਵਾਲੀ ਜ਼ਿੰਦਗੀ ਜਿਊਣ ਲੱਗ ਪੈਂਦੇ ਹਨ। ਦੂਜਾ ਵਰਗ ਉਨ੍ਹਾਂ ਬੱਚਿਆਂ ਦਾ ਹੈ ਜੋ ਕਿ ਮੱਧ ਵਰਗ ਵਾਲੀ ਬੌਧਿਕ ਯੋਗਤਾ ਵਾਲੇ ਹੁੰਦੇ ਹਨ ਜਿਹੜੇ ਸਾਧਾਰਨ ਸਕੂਲਾਂ ਅਤੇ ਕਾਲਜਾਂ ਤੋਂ ਪੜ੍ਹ ਕੇ ਆਏ ਹੁੰਦੇ ਹਨ। ਉਨ੍ਹਾਂ ਨੇ ਲੋੜੀਂਦੀ ਮਿਹਨਤ ਨਹੀਂ ਕੀਤੀ ਹੁੰਦੀ। ਉਹ ਵੀ ਨੌਕਰੀ ਦੀ ਭਾਲ 'ਚ ਇੱਧਰੋਂ-ਉੱਧਰੋਂ ਪੈਸੇ ਦਾ ਪ੍ਰਬੰਧ ਕਰ ਕੇ ਵਿਦੇਸ਼ ਪਹੁੰਚ ਜਾਂਦੇ ਹਨ। ਇੱਥੇ ਪਹੁੰਚ ਕੇ ਜਦੋਂ ਉਨ੍ਹਾਂ ਦਾ ਸਾਹਮਣਾ ਸੱਚਾਈ ਨਾਲ ਹੁੰਦਾ ਹੈ ਤਾਂ ਉਹ ਆਪਣੇ ਮਾਪਿਆਂ ਵੱਲੋਂ ਆਪਣੇ ਲਈ ਲਏ ਕਰਜ਼ੇ ਨੂੰ ਉਤਾਰਨ ਲਈ ਕਾਫ਼ੀ ਮਿਹਨਤ ਕਰਦੇ ਹਨ। ਹਰ ਤਰ੍ਹਾਂ ਦੀ ਨੌਕਰੀ ਕਰਨ ਲਈ ਤਿਆਰ ਹੋ ਜਾਂਦੇ ਹਨ।

ਕਈ ਬੱਚੇ ਤਾਂ ਦਿਨ ਵਿਚ ਦੋ-ਤਿੰਨ ਨੌਕਰੀਆਂ ਵੀ ਕਰਦੇ ਹਨ ਪਰ ਉਨ੍ਹਾਂ ਨੂੰ ਉਨ੍ਹਾਂ ਵੱਲੋਂ ਹਾਸਲ ਕੀਤੀ ਗਈ ਉਚੇਰੀ ਸਿੱਖਿਆ ਦੇ ਪੱਧਰ ਦੀ ਨੌਕਰੀ ਨਹੀਂ ਮਿਲਦੀ ਜੋ ਉਹ ਹਾਸਲ ਕਰਨ ਦੇ ਚਾਹਵਾਨ ਹੁੰਦੇ ਹਨ। ਵੱਧ ਪੈਸੇ ਕਮਾਉਣ ਦੀ ਦੌੜ ਤੇ ਹੋਰ ਸੁੱਖ-ਸੁਵਿਧਾਵਾਂ ਹਾਸਲ ਕਰਨ ਦੀ ਦੌੜ ਵਿਚ ਇਸ ਵਰਗ ਦੇ ਬੱਚੇ ਟੈਕਸੀ ਅਤੇ ਟਰੱਕ ਚਲਾਉਣ ਦੇ ਧੰਦੇ ਨਾਲ ਜੁੜ ਜਾਂਦੇ ਹਨ। ਤੀਜੇ ਵਰਗ ਦਾ ਜ਼ਿਕਰ ਕਰਨ ਤੋਂ ਪਹਿਲਾਂ ਇੱਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਭਾਰਤ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਨੇਪਾਲ, ਚੀਨ ਅਤੇ ਹੋਰ ਦੇਸ਼ਾਂ ਦੇ ਬੇਰੁਜ਼ਗਾਰੀ ਦੇ ਸਤਾਏ ਹੋਏ ਬੱਚਿਆਂ ਨੇ ਅਮਰੀਕਾ, ਇੰਗਲੈਂਡ, ਕੈਨੇਡਾ, ਨਿਊਜ਼ੀਲੈਂਡ ਅਤੇ ਆਸਟਰੇਲੀਆ ਵਿਚ ਬਹੁ-ਗਿਣਤੀ ਵਿਚ ਆ ਕੇ ਬੇਰੁਜ਼ਗਾਰੀ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ। ਹੁਣ ਵਿਦੇਸ਼ ਆਉਣ ਵਾਲੇ ਤੀਜੇ ਵਰਗ ਦੇ ਮੁੰਡੇ ਅਤੇ ਕੁੜੀਆਂ ਦੀ ਗੱਲ ਕਰਦੇ ਹਾਂ।

ਇਹ ਉਹ ਬੱਚੇ ਹੁੰਦੇ ਹਨ ਜੋ ਇਕ-ਦੂਜੇ ਨੂੰ ਵੇਖ ਕੇ ਬਾਰ੍ਹਵੀਂ ਜਮਾਤ ਤੇ ਛੋਟੇ-ਮੋਟੇ ਕੋਰਸ ਕਰਨ ਤੋਂ ਬਾਅਦ ਕਿਸੇ ਨਾ ਕਿਸੇ ਤਰ੍ਹਾਂ ਆਈਲੈਟਸ ਕਰ ਕੇ ਵਿਦੇਸ਼ ਆਉਣ ਦੇ ਚਾਹਵਾਨ ਹੁੰਦੇ ਹਨ। ਇਨ੍ਹਾਂ ਦਾ ਉਦੇਸ਼ ਸਿਰਫ਼ ਡਾਲਰ ਕਮਾ ਕੇ ਅਮੀਰ ਹੋਣਾ ਹੁੰਦਾ ਹੈ। ਇਸ ਵਰਗ ਦੇ ਬੱਚਿਆਂ ਦੇ ਮਾਪੇ ਇਨ੍ਹਾਂ ਦੀ ਜ਼ਿੱਦ ਤੋਂ ਮਜਬੂਰ ਹੋ ਕੇ ਬੈਂਕਾਂ ਤੋਂ ਕਰਜ਼ਾ ਕੇ ਚੁੱਕ ਕੇ, ਜ਼ਮੀਨਾਂ ਵੇਚ ਕੇ ਅਤੇ ਆਪਣੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਫੜ ਕੇ ਇਨ੍ਹਾਂ ਨੂੰ ਵਿਦੇਸ਼ ਭੇਜ ਦਿੰਦੇ ਹਨ। ਇਹ ਬੱਚੇ ਆਏ ਤਾਂ ਪੜ੍ਹਾਈ ਕਰਨ ਦੇ ਆਧਾਰ 'ਤੇ ਹੁੰਦੇ ਹਨ, ਇਹ ਆਉਂਦੇ ਹੀ ਰੁਜ਼ਗਾਰ ਲੱਭਦੇ ਹਨ ਕਿਉਂਕਿ ਉਹ ਇਹ ਸੋਚ ਕੇ ਅਤੇ ਆਪਣੇ ਮਾਪਿਆਂ ਨੂੰ ਕਹਿ ਕੇ ਆਏ ਹੁੰਦੇ ਹਨ ਕਿ ਉਨ੍ਹਾਂ ਨੇ ਡਾਲਰ ਕਮਾ ਕੇ ਕਰਜ਼ਾ ਉਤਾਰ ਦੇਣਾ ਹੈ, ਪੜ੍ਹਾਈ ਦਾ ਖ਼ਰਚਾ ਕੱਢਣ ਲੱਗ ਪੈਣਾ ਹੈ ਪਰ ਇੱਥੇ ਆ ਕੇ ਜਦੋਂ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਹਤਾਸ਼ ਹੋ ਜਾਂਦੇ ਹਨ।

ਕਈ ਤਾਂ ਜ਼ਿੰਦਗੀ ਤੋਂ ਹਾਰ ਮੰਨ ਕੇ ਆਤਮ-ਹੱਤਿਆ ਕਰਨ ਦੀ ਵੀ ਸੋਚ ਲੈਂਦੇ ਹਨ। ਹੁਣ ਆਪਣੇ ਦੇਸ਼ ਦੀਆਂ ਸਿੱਖਿਆ ਨੀਤੀਆਂ ਦੀ ਗੱਲ ਕਰਨ ਤੋਂ ਪਹਿਲਾਂ ਉਸ ਵਰਗ ਦੇ ਬੱਚਿਆਂ ਦਾ ਜ਼ਿਕਰ ਕਰਨਾ ਪਵੇਗਾ ਜਿਹੜੇ ਸਾਡੇ ਦੇਸ਼ ਦੀਆਂ ਸਿੱਖਿਆ ਨੀਤੀਆਂ ਦੀ ਪੈਦਾਇਸ਼ ਹੁੰਦੇ ਹਨ। ਇਹ ਉਹ ਬੱਚੇ ਹੁੰਦੇ ਹਨ ਜਿਹੜੇ ਛੋਟੇ-ਮੋਟੇ ਰੁਜ਼ਗਾਰ ਉੱਤੇ ਲੱਗ ਕੇ ਪੈਰ ਛੱਡ ਜਾਂਦੇ ਹਨ। ਬਾਈਕਾਂ ਅਤੇ ਕਾਰਾਂ ਦੇ ਸਾਇਲੈਂਸਰ ਖੋਲ੍ਹ ਕੇ ਪਟਾਕੇ ਚਲਾਉਂਦੇ ਹਨ।

ਕਾਰਾਂ ਵਿਚ ਉੱਚੀ ਆਵਾਜ਼ ਵਿਚ ਡੈੱਕ ਲਗਾ ਕੇ ਥਾਂ-ਥਾਂ ਘੁੰਮਦੇ ਹਨ। ਨਸ਼ੇ ਕਰਕੇ ਲੜਾਈਆਂ-ਝਗੜੇ ਕਰਦੇ ਹਨ। ਉਨ੍ਹਾਂ ਨੇ ਆਂਢੀਆਂ-ਗੁਆਂਢੀਆਂ ਦਾ ਜਿਊਣਾ ਮੁਸ਼ਕਲ ਕੀਤਾ ਹੁੰਦਾ ਹੈ। ਇਨ੍ਹਾਂ ਬੱਚਿਆਂ ਕਾਰਨ ਹੀ ਤਿੰਨਾਂ ਮੁਲਕਾਂ ਨੇ ਸਾਡੇ ਦੇਸ਼ ਦੇ ਕੁਝ ਪ੍ਰਾਂਤਾਂ ਦੇ ਬੱਚਿਆਂ ਦੇ ਆਉਣ 'ਤੇ ਰੋਕ ਲਗਾ ਦਿੱਤੀ ਹੈ। ਭਵਿੱਖ ਵਿਚ ਇਹ ਰੋਕ ਹੋਰ ਮੁਲਕ ਵੀ ਲਗਾ ਸਕਦੇ ਹਨ। ਭਾਰਤ ਦੀ ਸਿੱਖਿਆ ਦਾ ਤਾਂ ਇਹ ਹਾਲ ਹੈ ਕਿ ਦੇਸ਼ ਦੇ ਜ਼ਿਆਦਾਤਰ ਨੌਜਵਾਨਾਂ ਪੱਲੇ ਡਿਗਰੀਆਂ ਤਾਂ ਹਨ ਪਰ ਲੋੜੀਂਦਾ ਗਿਆਨ ਨਹੀਂ। ਇਸ ਨੇ ਬੇਰੁਜ਼ਗਾਰੀ ਦੇ ਸੰਕਟ ਨੂੰ ਹੋਰ ਵੀ ਸੰਕਟ ਭਰਪੂਰ ਕਰ ਦਿੱਤਾ ਹੈ। ਜੇ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਸਿੱਖਿਆ ਨੀਤੀਆਂ ਵਿਚ ਸੁਧਾਰ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿਚ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ।

# ਮੁਫ਼ਤਖੋਰੀ ਦੀ ਰਾਜਨੀਤੀ ਹੈ ਦੇਸ਼ ਦੇ ਵਿਕਾਸ 'ਚ ਵੱਡਾ ਅੜਿੱਕਾ

ਮੁਫ਼ਤਖੋਰੀ ਦੀ ਰਾਜਨੀਤੀ ਦਾ ਸਹਾਰਾ ਲੈ ਕੇ ਚੋਣਾਂ ਜਿੱਤਣ ਦੀ ਕੋਸ਼ਿਸ਼ ਆਮ ਹੁੰਦੀ ਜਾ ਰਹੀ ਹੈ। ਇਸ ਦਾ ਤਾਜ਼ਾ ਸਬੂਤ ਹੈ ਜਬਲਪੁਰ 'ਚ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਵੱਲੋਂ ਵੋਟਰਾਂ ਨੂੰ ਭਰਮਾਉਣ ਲਈ ਕੀਤੇ ਗਏ ਵੱਡੇ ਐਲਾਨ ਹਨ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦੀ ਸਰਕਾਰ ਬਣੀ ਤਾਂ ਸੌ ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾਵੇਗੀ, ਰਸੋਈ ਗੈਸ ਸਿਲੰਡਰ ਪੰਜ ਸੌ ਰੁਪਏ 'ਚ ਦਿੱਤਾ ਜਾਵੇਗਾ ਅਤੇ ਔਰਤਾਂ ਨੂੰ ਹਰ ਮਹੀਨੇ 1,500 ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਸਾਨਾਂ ਦਾ ਕਰਜ਼ਾ ਮਾਫ਼ ਕਰਨ ਅਤੇ ਪੁਰਾਣੀ ਪੈਨਸ਼ਨ ਯੋਜਨਾ ਲਾਗੂ ਕਰਨ ਦਾ ਵੀ ਵਾਅਦਾ ਕੀਤਾ। ਉਨ੍ਹਾਂ ਇਸ ਨੂੰ 'ਪੰਜ ਗਾਰੰਟੀਆਂ' ਦਾ ਨਾਂ ਦਿੱਤਾ ਹੈ। ਅਜਿਹੀਆਂ ਪੰਜ ਗਾਰੰਟੀਆਂ ਕਰਨਾਟਕ 'ਚ ਵੀ ਦਿੱਤੀਆਂ ਗਈਆਂ ਸਨ। ਉਨ੍ਹਾਂ ਨੂੰ ਪੂਰਾ ਕਰਨ ਲਈ ਕਰਨਾਟਕ ਸਰਕਾਰ ਨੂੰ ਅੱਡੀ-ਚੋਟੀ ਦਾ ਜ਼ੋਰ ਲਾਉਣਾ ਪੈ ਰਿਹਾ ਹੈ ਕਿਉਂਕਿ ਸੂਬੇ ਦੀ ਵਿੱਤੀ ਹਾਲਤ ਉਨ੍ਹਾਂ ਨੂੰ ਪੂਰੀਆਂ ਕਰਨ ਦੀ ਇਜਾਜ਼ਤ ਨਹੀਂ ਦਿੰਦੀ।



ਕਾਂਗਰਸ ਨੇ ਹਿਮਾਚਲ ਪ੍ਰਦੇਸ਼ 'ਚ ਵੀ ਕੁਝ ਅਜਿਹੇ ਹੀ ਵਾਅਦੇ ਕੀਤੇ ਸਨ। ਹਿਮਾਚਲ ਸਰਕਾਰ ਨੂੰ ਛੇ ਮਹੀਨਿਆਂ ਬਾਅਦ ਵੀ ਇਹ ਵਾਅਦੇ ਪੂਰੇ ਕਰਨੇ ਔਖਾ ਹੋ ਰਹੇ ਹਨ ਅਤੇ ਇਸ ਦਾ ਕਾਰਨ ਸੂਬੇ ਦੀ ਵਿੱਤੀ ਹਾਲਤ ਹੈ। ਜਿਹੋ ਜਿਹੀਆਂ ਗਾਰੰਟੀਆਂ ਕਾਂਗਰਸ ਦੇ ਰਹੀ ਹੈ, ਉਂਜ ਹੀ ਹੋਰ ਪਾਰਟੀਆਂ ਵੀ ਕਰ ਰਹੀਆਂ ਹਨ। ਹਾਲੇ ਪਿੱਛੇ ਜਿਹੇ ਦਿੱਲੀ ਨਗਰ ਨਿਗਮ ਚੋਣਾਂ 'ਚ ਆਮ ਆਦਮੀ ਪਾਰਟੀ ਨੇ 10 ਗਾਰੰਟੀਆਂ ਦਿੱਤੀਆਂ ਸਨ। ਜਦੋਂ ਕੋਈ ਸਿਆਸੀ ਪਾਰਟੀ ਅਜਿਹੇ ਵਾਅਦੇ ਕਰਦੀ ਹੈ ਤਾਂ ਹੋਰ ਪਾਰਟੀਆਂ ਵੀ ਉਂਜ ਹੀ ਕਰਨ ਲੱਗ ਪੈਂਦੀਆਂ ਹਨ।

ਇਸ ਤੋਂ ਬਾਅਦ ਉਨ੍ਹਾਂ ਨੂੰ ਮੁਫ਼ਤ ਦੀ ਸਮੱਗਰੀ ਜਾਂ ਸੁਵਿਧਾ ਦੇਣ ਦੀ ਦੌੜ ਜਿਹੀ ਲੱਗ ਜਾਂਦੀ ਹੈ। ਕਿਸੇ ਵੇਲੇ ਇਹ ਦੌੜ ਤਾਮਿਲਨਾਡੂ ਤਕ ਸੀਮਤ ਸੀ ਪਰ ਹੁਣ ਇਹ ਸਮੁੱਚੇ ਦੇਸ਼ 'ਚ ਫੈਲ ਚੁੱਕੀ ਹੈ ਅਤੇ ਸਾਰੀਆਂ ਪਾਰਟੀਆਂ ਉਸ ਦੀ ਲਪੇਟ 'ਚ ਆ ਚੁੱਕੀਆਂ ਹਨ। ਇੱਥੋਂ ਤਕ ਕਿ ਉਹ ਭਾਰਤੀ ਜਨਤਾ ਪਾਰਟੀ ਵੀ ਪਿੱਛੇ ਨਹੀਂ ਹੈ, ਜੋ ਅਜਿਹੇ ਲੋਕ-ਲੁਭਾਊਣੇ ਵਾਅਦਿਆਂ ਨੂੰ 'ਰਿਓੜੀ ਸੱਭਿਆਚਾਰ' ਦੱਸਦੀ ਰਹੀ ਹੈ। ਸਿਆਸੀ ਪਾਰਟੀਆਂ ਲੋਕ-ਲੁਭਾਉਣੇ ਵਾਅਦਿਆਂ ਦਾ ਇਹ ਆਖ ਕੇ ਬਚਾਅ ਕਰਦੀਆਂ ਹਨ ਕਿ ਉਨ੍ਹਾਂ ਨੂੰ 'ਲੋਕ-ਭਲਾਈ' ਆਖਿਆ ਜਾਵੇ, ਨਾ ਕਿ ਮੁਫ਼ਤਖੋਰੀ।

ਉਹ ਕੁਝ ਵੀ ਆਖਣ, ਸੱਚ ਤਾਂ ਇਹੋ ਹੈ ਕਿ ਉਨ੍ਹਾਂ ਨੇ ਲੋਕ-ਭਲਾਈ ਅਤੇ ਮੁਫ਼ਤਖੋਰੀ ਵਿਚਲਾ ਫ਼ਰਕ ਖ਼ਤਮ ਕਰ ਦਿੱਤਾ ਹੈ। ਲੋਕ-ਭਲਾਈ ਦੀ ਕਿਉਂਕਿ ਸਪਸ਼ਟ ਪਰਿਭਾਸ਼ਾ ਨਹੀਂ ਹੈ, ਇਸ ਲਈ ਜਿਹੜੀ ਪਾਰਟੀ ਦੇ ਜੋ ਵੀ ਮਨ 'ਚ ਆਉਂਦਾ ਹੈ, ਉਹ ਉਹੋ ਜਿਹਾ ਐਲਾਨ ਕਰ ਦਿੰਦੀ ਹੈ। ਕਈ ਵਾਰ ਉਸ ਵੱਲੋਂ ਅਜਿਹੇ ਐਲਾਨ ਵੀ ਕਰ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਸੰਭਵ ਹੀ ਨਹੀਂ ਹੁੰਦਾ। ਉਨ੍ਹਾਂ ਨੂੰ ਜਾਂ ਤਾਂ ਅੱਧੇ-ਅਧੂਰੇ ਢੰਗ ਨਾਲ ਪੂਰਾ ਕੀਤਾ ਜਾਂਦਾ ਹੈ ਜਾਂ ਦੇਰੀ ਨਾਲ ਅਤੇ ਜਾਂ ਫਿਰ ਉਨ੍ਹਾਂ ਲਈ ਧਨ ਦਾ ਇੰਤਜ਼ਾਮ ਜਨਤਾ ਦੇ ਪੈਸਿਆਂ ਨਾਲ ਹੀ ਕੀਤਾ ਜਾਂਦਾ ਹੈ।

ਉਦਾਹਰਨ ਵਜੋਂ ਕਰਨਾਟਕ ਸਰਕਾਰ ਨੇ 200 ਯੂਨਿਟਾਂ ਬਿਜਲੀ ਮੁਫ਼ਤ ਦੇਣ ਦਾ ਵਾਅਦਾ ਪੂਰਾ ਕਰਨ ਲਈ ਬਿਜਲੀ ਮਹਿੰਗੀ ਕਰ ਦਿੱਤੀ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਪੈਟਰੋਲ ਤੇ ਡੀਜ਼ਲ 'ਤੇ ਵੈਟ ਵਧਾ ਦਿੱਤਾ। ਚੋਣਾਂ ਜਿੱਤਣ ਲਈ ਵਿੱਤੀ ਹਾਲਤ ਨੂੰ ਅੱਖੋਂ-ਪ੍ਰੋਖੇ ਕਰ ਕੇ ਲੋਕ-ਲੁਭਾਉਣੇ ਵਾਅਦੇ ਕਰਨਾ ਅਰਥ-ਵਿਵਸਥਾ ਨਾਲ ਖੁੱਲ੍ਹਾ ਖਿਲਵਾੜ ਹੈ। ਜੇ ਇਸ 'ਤੇ ਰੋਕ ਨਾ ਲੱਗੀ ਤਾਂ ਇਸ ਦੇ ਭੈੜੇ ਨਤੀਜੇ ਜਨਤਾ ਨੂੰ ਹੀ ਭੁਗਤਣੇ ਪੈਣਗੇ। ਅਜਿਹੇ ਐਲਾਨ ਕਰਕੇ ਸਰਕਾਰੀ ਖ਼ਜ਼ਾਨੇ ਨੂੰ ਪੈਣ ਵਾਲੇ ਘਾਟੇ ਕਿਸੇ ਦੂਸਰੇ ਰਸਤੇ ਆਮ ਲੋਕਾਂ ਦੀਆਂ ਜੇਬਾਂ 'ਚੋਂ ਹੀ ਪੂਰੇ ਕੀਤੇ ਜਾਣੇ ਹੁੰਦੇ ਹਨ।




### ਗੁਰਦੁਆਰਾ ਟਾਹਲਾ ਸਾਹਿਬ

# ਸ਼ਹੀਦੀ ਅਸਥਾਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦੀ

ਪ੍ਰੋ: ਸਰਚਾਂਦ ਸਿੰਘ ਖਿਆਲਾ
9781355522

ਅਠਾਰ੍ਹਵੀਂ ਸਦੀ ਦੇ ਮੱਧ (1757 ਈ.) ਦੌਰਾਨ ਜੰਗ ਦੇ ਮੈਦਾਨ ਦਾ ਉਹ ਅਦਭੁਤ ਦ੍ਰਿਸ਼ ਸ਼ਾਇਦ ਹੀ ਦੁਨੀਆ ਨੇ ਪਹਿਲਾਂ ਕਦੇ ਦੇਖਿਆ ਜਾਂ ਸੁਣਿਆ ਹੋਵੇ। ਗੁਰੂ ਨਗਰੀ ਅੰਮ੍ਰਿਤਸਰ ਤੋਂ ਤਰਨ ਤਾਰਨ ਵਾਲੇ ਪਾਸੇ ਪਿੰਡ ਚੱਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਰਣ ਤੱਤੇ 'ਚ ਦੋਹਾਂ ਦਲਾਂ ਦੇ ਸੂਰਬੀਰ ਰਣ ਸਿੰਗਾਂ ਅਤੇ ਨਗਾਰਿਆਂ ਦੀ ਗੂੰਜ ਵਿਚ ਇਕ ਦੂਜੇ ਨੂੰ ਲਲਕਾਰ ਕੇ ਟੁੱਟ ਕੇ ਪੈ ਰਹੇ ਹਨ। ਬੇਖ਼ੌਫ ਵੀਰਤਾ ਨਾਲ ਭਰਪੂਰ ਕੋਈ ਵੀ ਇਕ ਵੀ ਪੈਰ ਪਿਛਾਂਹ ਖਿੱਚ ਨਹੀਂ ਰਹੇ ਹਨ। ਮੈਦਾਨ-ਏ -ਜੰਗ ਵਿਚ ਸਰੀਰ ਲਹੂ ਲੁਹਾਨ ਹੈ, ਕੱਪੜੇ ਖ਼ੂਨ ਨਾਲ ਰੰਗੇ ਹੋਏ, ਜਿਵੇਂ ਹੋਲੀ ਖੇਡ ਰਹੇ ਹਨ, ਪਰ ਮੈਦਾਨ ਛੱਡਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਗੋਲੀਆਂ, ਤਲਵਾਰਾਂ ਦੀ ਖਣਕ ਅਤੇ ਜੈਕਾਰਿਆਂ ਦੀ ਗੂੰਜ 'ਚ ਵੇਖੋ ਕਈ ਬਿਨਾ ਸੀਸ ਅਤੇ ਉਨ੍ਹਾਂ ਵਿਚੋਂ ਇਕ ਤਾਂ ਖੱਬੇ ਹੱਥ ਦੀ ਹਥੇਲੀ 'ਤੇ ਸੀਸ ਟਿਕਾਈ ਦੁਸ਼ਮਣਾਂ ਦੀ ਆਹੂ ਲਾਹ ਕੇ ਜਮਪੁਰੀ ਪਹੁੰਚਾ ਰਿਹਾ ਹੈ। ਇੰਨਾ ਦੇ ਪਿੱਛੇ ਸਿੰਘ ਰਣ ਸਿੰਗਾ ਵਜਾਉਂਦੇ ਹੋਏ ਪੂਰੇ ਜੌਹਰ ਨਾਲ ਲੜ ਰਹੇ ਹਨ। ਇਸ ਅਸਚਰਜਤਾ ਨੂੰ ਦੇਖ, ਸਾਰੀ ਅਫਗਾਨੀ ਫ਼ੌਜ ਹੈਰਾਨ - ਪ੍ਰੇਸ਼ਾਨ ਅਤੇ ਭੈ-ਭੀਤ ਹੋ ਰਹੇ ਹਨ, ਕਈਆਂ ਨੇ ਹੁਣ ਨੱਠਣਾ ਸ਼ੁਰੂ ਕਰ ਦਿੱਤਾ ਹੈ। ਇਹ ਜੋ ਪਾਵਨ ਸੀਸ ਖੱਬੀ ਤਲੀ 'ਤੇ ਧਰ ਕੇ ਸਵਾ ਮਣ ਦਾ ਖੰਡਾ ਵਾਹੁੰਦਾ ਹੋਇਆ ਲੜ ਰਿਹਾ ਹੈ, ਇਹ ਹੋਰ ਕੋਈ ਨਹੀਂ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਸ਼ਸਤਰ ਤੇ ਸ਼ਾਸਤਰ ਦਾ ਸੁਮੇਲ, 75 ਸਾਲਾਂ ਦੇ ਬੁੱਢਾ ਜਰਨੈਲ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਹਨ।

ਇਸ ਮਹਾਨ ਯੋਧੇ ਬਾਬਾ ਦੀਪ ਸਿੰਘ ਜੀ ਦਾ ਜਨਮ ਪਿੰਡ ਪਹੂਵਿੰਡ, ਜ਼ਿਲ੍ਹਾ ਤਰਨ ਤਾਰਨ ਵਿਖੇ ਪਿਤਾ ਬਾਬਾ ਭਗਤਾ ਜੀ ਦੇ ਗ੍ਰਹਿ ਵਿਖੇ ਮਾਤਾ ਜਿਉਣੀ ਜੀ ਦੀ ਕੁੱਖੋਂ 26 ਜਨਵਰੀ, 1682 ਈ: (14 ਮਾਘ) ਨੂੰ ਹੋਇਆ। ਛੋਟੀ ਉਮਰ ਵਿਚ ਹੀ ਆਪ ਜੀ ਨੂੰ ਗੁਰਬਾਣੀ ਪੜ੍ਹਨ, ਕੀਰਤਨ ਕਰਨ ਅਤੇ ਸਵੇਰੇ ਸ਼ਾਮ ਸਤਿਸੰਗ ਕਰਨ ਦਾ ਬੜਾ ਸ਼ੌਕ ਸੀ। ਜਦੋਂ ਵੀ ਸਮਾਂ ਮਿਲਦਾ ਆਪ ਜੀ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਕਰਿਆ ਕਰਦੇ ਸਨ। ਆਪ ਜੀ ਦਾ ਸੁਭਾਅ ਬੜਾ ਮਿੱਠਾ ਤੇ ਉੱਚਾ ਸੁੱਚਾ ਆਚਰਣ ਸੀ। ਬਚਪਨ 'ਚ ਹੀ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਚਲੇ ਗਏ। ਜਿੱਥੇ ਉਨ੍ਹਾਂ ਧੰਨ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤਪਾਨ ਕੀਤਾ। ਗੁਰੂ ਸਾਹਿਬ ਦੇ ਨਜ਼ਦੀਕੀਆਂ 'ਚ ਗਿਣੇ ਜਾਂਦੇ ਅਤੇ ਗੁਰੂ ਸਾਹਿਬ ਵੱਲੋਂ ਲੜੀਆਂ ਗਈਆਂ ਜੰਗਾਂ ਯੁੱਧਾਂ 'ਚ ਵੀ ਆਪ ਜੀ ਦਾ ਭਾਰੀ ਯੋਗਦਾਨ ਰਿਹਾ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਮੁਕਤਸਰ ਦੀ ਜੰਗ ਤੋਂ ਬਾਅਦ, 1704 ਈ: 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ । ਜਿੱਥੇ ਦਸਮੇਸ਼ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੰਘਾਂ ਨਾਲ ਕੀਤੇ ਵਾਅਦੇ ਮੁਤਾਬਿਕ ਗੁਰਬਾਣੀ ਦੇ ਅਰਥ ਪੜ੍ਹਾਉਣ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਨ ਲਈ ਧੀਰਮੱਲੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਾ ਦੇਣ 'ਤੇ ਗੁਰੂ ਸਾਹਿਬ ਜੀ ਨੇ ਆਪ ਗੁਰਬਾਣੀ ਉਚਾਰਨ ਕਰਦਿਆਂ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਕਲਮਾਂ, ਸਿਆਹੀ ਤੇ ਕਾਗ਼ਜ਼ ਦਾ ਪ੍ਰਬੰਧ ਕਰਨ ਦੀ ਸੇਵਾ ਲਾਈ ਗਈ। ਗੁਰੂ ਸਾਹਿਬ ਉਚਾਰੀ ਹੋਈ ਬਾਣੀ ਦੇ ਅਰਥ ਸ਼ਾਮ ਨੂੰ ਸਾਰੇ ਸਿੰਘਾਂ ਨੂੰ ਸੁਣਾਉਂਦੇ। ਇਸ ਪ੍ਰਕਾਰ 9 ਮਹੀਨੇ 9 ਦਿਨ 9 ਘੜੀਆਂ 9 ਪਲਾਂ ਵਿਚ ਸੰਨ 1706ਈ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰੂਪ ਸੰਪੂਰਨ ਹੋਇਆ। ਇਸੇ ਵਕਤ ਹੀ ਅਰਥਾਂ ਦੀ ਟਕਸਾਲ ਆਰੰਭ ਹੋਈ। ਇੱਥੇ ਹੀ ਸਤਿਗੁਰਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਥਾਪਦਿਆਂ ਸੰਗਤ ਨੂੰ ਗੁਰਬਾਣੀ ਦਾ ਸੁੱਧ ਉਚਾਰਨ ਸਰਵਣ ਕਰਾਉਣ ਅਤੇ ਅਰਥ ਪੜਾਉਣ ਦੀ ਸੇਵਾ ਸੌਂਪੀ। ਗੁਰੂ ਸਾਹਿਬ ਨੇ ਫ਼ਰਮਾਇਆ ਕਿ ਭਾਈ ਦੀਪ ਸਿੰਘ ਜੀ ਜੇ ਧਰਮ ਦੀ ਰੱਖਿਆ ਕਰਦਿਆਂ ਤੁਹਾਡਾ ਸੀਸ ਧਰ ਨਾਲੋਂ ਅਲਹਿਦਾ ਵੀ ਹੋ ਗਿਆ, ਤੁਹਾਡੇ ਅਨੰਦ 'ਚ ਫ਼ਰਕ ਨਹੀਂ ਪਵੇਗਾ। ਇੰਝ ਹੀ ਸਤਿਗੁਰੂ ਨੇ ਭਾਈ ਮਨੀ ਸਿੰਘ ਜੀ ਨੂੰ ਵੀ ਰਹਿਮਤਾਂ ਨਾਲ ਨਿਵਾਜਿਆ। ਬਾਬਾ ਦੀਪ ਸਿੰਘ ਜੀ ਸ਼ਹੀਦ, 1748 ਈਸਵੀ ਦੌਰਾਨ ਕਾਇਮ ਕੀਤੇ ਗਏ 12 ਮਿਸਲਾਂ 'ਚੋਂ ਮਿਸਲ ਸ਼ਹੀਦਾਂ ਦੇ ਵੀ ਪ੍ਰਥਮ ਮੁਖੀ ਸਨ।

ਦਸ ਗੁਰੂ ਸਾਹਿਬਾਨ ਵੱਲੋਂ ਵਰੋਸਾਈ ਖ਼ਾਲਸੇ ਨੇ ਮਜ਼ਲੂਮ ਤੇ ਗ਼ਰੀਬ ਦੀ ਰੱਖਿਆ ਅਤੇ ਅਨਿਆਂਈਂ ਵਿਰੁੱਧ ਡਟ ਕੇ ਪਹਿਰਾ ਦੇਣ ਦੀ ਪਰੰਪਰਾ ਉੱਪਰ ਹਮੇਸ਼ਾਂ ਪਹਿਰਾ ਦਿੱਤਾ। ਮੁਗ਼ਲ ਹੋਵੇ ਜਾਂ ਅਫ਼ਗ਼ਾਨ ਧਾੜਵੀ ਸਭ ਨਾਲ ਜ਼ਬਰਦਸਤ ਟੱਕਰ ਲਈ। 18ਵੀਂ ਸਦੀ ਦੌਰਾਨ ਅਫਗਾਨੀ ਅਹਿਮਦ ਸ਼ਾਹ ਦੁਰਾਨੀ (ਅਬਦਾਲੀ) ਨੇ ਭਾਰਤ ਦੀ ਖ਼ੂਬ ਲੁੱਟ ਕੀਤੀ। ਉਸ ਸਮੇਂ ਇਸ ਸਿੱਖ ਹੀ ਸਨ, ਜਿਨ੍ਹਾਂ ਨੇ ਲੁੱਟ ਦੇ ਇਸ ਵਰਤਾਰੇ ਨੂੰ ਰੋਕਿਆ। ਸਿੱਖ ਮਿਸਲਾਂ ਦੇ ਜਥੇਦਾਰਾਂ ਨੇ ਮਿਲ ਜੁੱਲ ਕੇ ਇਨ੍ਹਾਂ ਅਫ਼ਗ਼ਾਨ ਧਾੜਵੀਆਂ ਦਾ ਮੁਕਾਬਲਾ ਕੀਤਾ। ਉਨ੍ਹਾਂ ਤੋਂ ਲੁੱਟਿਆ ਬਹੁ-ਕੀਮਤੀ ਮਾਲ-ਅਸਬਾਬ ਹੀ ਵਾਪਸ ਨਹੀਂ ਖੋਹ ਲਿਆ ਜਾਂਦਾ ਰਿਹਾ, ਸਗੋਂ ਭਾਰਤ ਦੀਆਂ ਬਹੂ ਬੇਟੀਆਂ ਨੂੰ ਵੀ ਉਨ੍ਹਾਂ ਤੋਂ ਛੁਡਵਾ ਕੇ ਘਰੋ-ਘਰੀ ਭੇਜਿਆ ਗਿਆ। ਜਿਸ ਕਰਕੇ ਅਬਦਾਲੀ ਸਿੱਖਾਂ ਦਾ ਸਖ਼ਤ ਵਿਰੋਧੀ ਬਣ ਗਿਆ ਅਤੇ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁੱਲ ਗਿਆ। ਉਸ ਦਾ ਬੇਟਾ ਤੈਮੂਰ ਲਾਹੌਰ ਦਾ ਗਵਰਨਰ ਬਣਾ ਦਿੱਤਾ ਗਿਆ ਸੀ। ਅਬਦਾਲੀ ਨੇ 1757 ਈ: ਦੇ ਵਿਚ ਦਿੱਲੀ ਜਾਂਦਾ ਹੋਇਆ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨਿਵਾਸ ਕਰ ਰਹੇ ਬਾਬਾ ਦੀਪ ਸਿੰਘ ਜੀ ਨੂੰ ਮਿਲੀ ਤਾਂ ਉਹ ਕਰੋਧ ਵਿਚ ਆਗਿਆ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ ਅਤੇ ਆਸ-ਪਾਸ ਦੇ ਨਗਰਾਂ ਅਤੇ ਸਿੰਘਾਂ ਦੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਜਿੱਥੋਂ ਅਨੇਕਾਂ ਸਿੰਘ ਬਾਬਾ ਜੀ ਦੀ ਅਗਵਾਈ ਵਿਚ ਧਰਮ ਹੇਤ ਸੀਸ ਦੇਣ ਲਈ ਹਾਜ਼ਰ ਹੋਏ। ਬਾਬਾ ਜੀ ਨੇ ਅਖੰਡ ਪਾਠ ਕਰਾਇਆ। ਅਤੇ ਨਗਾਰਿਆਂ 'ਤੇ ਚੋਟਾਂ ਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦੇਣ ਦਾ ਹੁਕਮ ਦਿੱਤਾ।

ਇਸ ਤਰ੍ਹਾਂ ਦਲ ਖ਼ਾਲਸਾ ਦੀ ਗਿਣਤੀ ਕਾਫ਼ੀ ਹੋ ਗਈ ਸੀ। ਹਰੀਕੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਵਿਚ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ 'ਤੇ ਪਹੁੰਚ ਕੇ ਸਿੰਘਾਂ ਅਤੇ ਬਾਬਾ ਜੀ ਦੀਪ ਸਿੰਘ ਨੇ ਸਣੇ ਕੇਸੀਂ ਇਸ਼ਨਾਨ ਕੀਤਾ। ਘੋੜਿਆਂ ਨੂੰ ਵੀ ਖ਼ੁਰਕ ਦਿੱਤੀ ਗਈ। ਕੜਾਹ ਪ੍ਰਸਾਦਿ ਲੈ ਕੇ ਸੇਵਕਾਂ ਦੀ ਭੇਟਾ ਗੁਰੂ ਚਰਨਾਂ 'ਚ ਪਰਵਾਨ ਹੋਣ ਦੀ ਅਰਦਾਸ ਕੀਤੀ ਗਈ। ਕਿ, ਜਿੰਨਾ ਚਿਰ ਹਰਿਮੰਦਰ ਸਾਹਿਬ ਨੂੰ ਅਜ਼ਾਦ ਨਹੀਂ ਕਰਵਾ ਲੈ ਦੇ ਸ਼ਹੀਦੀ ਨਹੀਂ ਪਾਵਾਂਗਾ। "ਮੁਹਿ ਮਰਨੇ ਕਾ ਚਾਉ ਹੈ , ਮਰਉ ਤ ਹਰਿ ਕੈ ਦੁਆਰ।" ਬਾਬਾ ਦੀਪ ਸਿੰਘ ਜੀ ਕੇਸਰੀ ਰੰਗ ਦਾ ਪੁਸ਼ਾਕ ਪਹਿਨਿਆ। ਸਾਰੇ ਸ਼ਸਤਰ ਸਰੀਰ 'ਤੇ ਸਜਾ ਲਏ। ਦੋ ਧਾਰਾ ਖੰਡਾ ਹੱਥ 'ਚ ਪਕੜਿਆ। ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਯੋਧਿਆਂ ਦੀ ਪਰਖ ਕਰਨ ਲਈ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਗੁਰੂ ਮਹਾਰਾਜ ਦੇ ਸਤਿਕਾਰ ਖ਼ਾਤਰ ਲੜ ਕੇ ਸ਼ਹੀਦੀ ਪਾਉਣ ਲਈ ਜਿਹੜਾ ਵੀ ਸਿੰਘ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜੋ ਕੋਈ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚੱਲਿਆ ਜਾਵੇ। ਇਸ ਵਕਤ ਬਾਬਾ ਜੀ ਨਾਲ ਅਨੇਕਾਂ ਮਝੈਲ ਵੀ ਆਣ ਮਿਲੇ ਸਨ, ਸਾਰੇ ਸਿੰਘ ਜੈਕਾਰੇ ਗਜਾਉਂਦੇ ਨਗਾਰਿਆਂ 'ਤੇ ਚੋਟਾਂ ਲਾਉਂਦੇ ਹੋਏ ਲਕੀਰ ਟੱਪ ਕੇ ਅੰਮ੍ਰਿਤਸਰ ਵੱਲ ਕੂਚ ਕਰਨਾ ਸ਼ੁਰੂ ਕੀਤਾ। ਸਿੰਘਾਂ ਦੀ ਚੜ੍ਹਾਈ ਬਾਰੇ ਅਫ਼ਗ਼ਾਨੀਆਂ ਨੂੰ ਖ਼ਬਰ ਮਿਲ ਚੁੱਕੀ ਸੀ। ਉਸ ਵਕਤ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਹਾਨ ਖ਼ਾਨ ਸਿੰਘਾਂ ਦਾ ਟਾਕਰਾ ਕਰਨ ਲਈ ਫ਼ੌਜ ਲੈ ਕੇ ਗੋਹਲਵੜ ਪਿੰਡ ਕੋਲ ਪਹੁੰਚਿਆ। ਬਾਬਾ ਜੀ ਨੇ ਜਥੇ ਦੇ ਸਿੰਘਾਂ ਨਾਲ ਦੁਸ਼ਮਣ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ 'ਤੇ ਹੁਣ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਸਿੰਘਾਂ ਅਤੇ ਅਫ਼ਗ਼ਾਨਾਂ ਦੀ ਟੱਕਰ 'ਚ ਸਿੰਘ ਅਫ਼ਗ਼ਾਨਾਂ ਨੂੰ ਪਛਾੜ ਦੇ ਹੋਏ ਅੰਮ੍ਰਿਤਸਰ ਵਲ ਨੂੰ ਵਧ ਰਹੇ ਸਨ। ਇਤਨੇ ਨੂੰ ਜਹਾਨ ਖ਼ਾਨ ਦਾ ਸਹਾਇਕ ਅਤਾਈ ਖ਼ਾਨ ਆਪਣੀ ਭਾਰੀ ਫ਼ੌਜ ਲੈ ਕੇ ਆ ਗਿਆ, ਜਿਸ ਨਾਲ ਮੈਦਾਨ-ਏ-ਜੰਗ ਦਾ ਰੂਪ ਬਦਲ ਗਿਆ। ਇਸ ਘਮਸਾਣ ਦੀ ਜੰਗ ਅੰਦਰ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਸਿੰਘ ਇਕ-ਇਕ ਕਰਕੇ ਸ਼ਹੀਦ ਹੋਣ ਲੱਗੇ। ਇੰਨੇ ਨੂੰ ਅਮਾਨ ਖਾਂ, ਯਕੂਬ ਖਾਂ ਤੇ ਹੋਰ ਅਫਗਾਨੀ ਜਰਨੈਲ ਵੀ ਮੈਦਾਨ ਵਿਚ ਅੱਪੜ ਗਏ। ਜੰਗ ਦਾ ਮੈਦਾਨ ਤਿੰਨ ਕੋਹਾਂ ਵਿਚ ਫੈਲ ਚੁੱਕਿਆ ਸੀ। ਸਾਰਾ ਮੈਦਾਨ ਖ਼ੂਨ ਨਾਲ ਲੱਥ ਪਥ ਹੋ ਚੁਕਾ ਸੀ । ਬਾਬਾ ਜੀ ਅਤੇ ਸਿੰਘ ਵੀ ਤਬਾਹੀ ਮਚਾ ਰਹੇ ਸਨ। ਪੰਜ ਹਜ਼ਾਰੀ ਫ਼ੌਜ ਦਾ ਮਾਲਕ ਅਮੀਰ ਜਾਨ ਖਾਂ ਹਾਥੀ ਉੱਤੋਂ ਲੜਦਾ ਅਤੇ ਆਪਣੀ ਫ਼ੌਜ ਨੂੰ ਕਮਾਂਡ ਦੇ ਰਿਹਾ ਸੀ। ਉਸ ਵਕਤ ਆਪਣਾ ਜੰਗੀ ਜੌਹਰ ਦਿਖਾ ਰਹੇ ਭਾਈ ਦਿਆਲ ਸਿੰਘ ਨੇ ਘੋੜੇ ਦਾ ਪੌੜ ਜਾਨ ਖਾਂ ਦੇ ਹਾਥੀ ਦੇ ਮੱਥੇ 'ਤੇ ਰਖਾ ਕੇ ਤਲਵਾਰ ਦੇ ਵਾਰ ਨਾਲ ਅਮੀਰ ਜਾਨ ਖਾਂ ਦਾ ਸਿਰ ਲਾਹ ਦਿੱਤਾ। ਅਯੂਬ ਖਾਂ ਦਿਆਲ ਸਿੰਘ ਦੀ ਫੁਰਤੀ ਅਤੇ ਬਹਾਦਰੀ ਦੇਖ ਰਿਹਾ ਸੀ। ਸਿੰਘਾਂ ਨੂੰ ਅੱਗੇ ਵਧਦਾ ਦੇਖ ਅਬਦਾਲੀਆਂ ਨੇ ਗਊਆਂ ਲਿਆ ਖੜੀਆਂ ਕੀਤੀਆਂ। ਬਾਬਾ ਦੀਪ ਸਿੰਘ ਜੀ ਦੇ ਆਦੇਸ਼ 'ਤੇ ਸਿੰਘਾਂ ਨੇ ਤੀਰ ਅਤੇ ਬੰਦੂਕਾਂ ਛੱਡ ਕੇ ਤਲਵਾਰਾਂ ਸੂਤ ਲਈਆਂ। ਉਸ ਵਕਤ ਯਕੂਬ ਖਾਂ ਨੇ ਬਾਬਾ ਦੀਪ ਸਿੰਘ ਨੂੰ ਯੁੱਧ ਲਈ ਵੰਗਾਰਿਆ। ਦੋਹਾਂ 'ਚ ਜ਼ਬਰਦਸਤ ਜੰਗ ਹੋਈ। ਦੋਹਾਂ ਦੇ ਘੋੜੇ ਮਾਰੇ ਗਏ। ਫਿਰ ਹੱਥੋਂ ਪਾਈ ਹੋ ਕੇ ਲੜੇ, ਬਾਬਾ ਦੀਪ ਸਿੰਘ ਜੀ ਨੇ ਗੁਰਜ ਦਾ ਵਾਰ ਕਰਦਿਆਂ ਯਕੂਬ ਖਾਂ ਦਾ ਸਿਰ ਸਣੇ ਫ਼ੌਲਾਦੀ ਟੋਪ ਚੂਰ- ਚੂਰ ਕਰ ਦਿੱਤਾ। ਅਫਗਾਨੀ ਸਿੰਘਾਂ ਦੇ ਕਰਤਬ ਦੇਖ ਅਸ਼ ਅਸ਼ ਕਰ ਉੱਠੇ। ਅਫ਼ਗ਼ਾਨ ਕਮਾਂਡਰ ਜਹਾਨ ਖ਼ਾਨ ਨੇ ਵੀ ਬਾਬਾ ਦੀਪ ਸਿੰਘ ਨਾਲ ਦਵੰਦ ਯੁੱਧ ਦੀ ਇੱਛਾ ਜਤਾਈ। ਬਾਬਾ ਦੀਪ ਸਿੰਘ ਨੇ ਉਸ ਨਾਲ ਦਵੰਦ ਯੁੱਧ ਕੀਤਾ। ਜਿੱਥੇ ਦੋਹਾਂ ਦੇ ਘੋੜੇ ਮਾਰੇ ਗਏ ਅਤੇ ਸੰਜੋਅ ਵੀ ਟੁੱਟ ਗਈਆਂ। ਅਖੀਰ ਦੋਹਾਂ ਦੇ ਆਪਸ ਵਿਚੀਂ ਸਾਂਝੇ ਵਾਰ ਨਾਲ ਦੋਹਾਂ ਦੇ ਸੀਸ ਲੱਥ ਗਏ।

**'ਚਲੀ ਤੇਗ ਅਤਿ ਬੇਗ ਸੈਂ, ਦੁਹੂੰ ਕੇਰ ਬਲ-ਵਾਰ।।**

**ਉਤਰ ਗਏ ਸਿਰ ਦੁਹੂੰ ਕੇ, ਪਰਸ-ਪਰੈਂ ਇਕ ਸਾਰ।।"**

(ਸ੍ਰੀ ਗੁਰੁ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)

ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਜਾਣ ਸਦਕਾ ਸਰੀਰ ਜ਼ਮੀਨ 'ਤੇ ਡਿਗ ਪਿਆ। ਇਹ ਕੌਤਕ ਦੇਖ ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਬਾਬਾ ਜੀ ਤੁਸਾਂ ਅਰਦਾਸ ਕੀਤੀ ਸੀ ਸੀਸ ਸੁਧਾਸਰ ਜਾ ਕੇ ਗੁਰੂ ਦੇ ਚਰਨਾਂ 'ਚ ਭੇਟ ਕਰਨਾ ਹੈ। ਇਹ ਹੁਣ ਕੀ ਭਾਣਾ ਵਰਤਾਇਆ ਜੇ ਸੁਧਾਸਰ ਇਥੋ ਦੋ ਕੋਹ ਦੂਰ ਹੈ।

**ਢਿਗ ਤੈ ਏਕ ਸਿੰਘ ਪਿਖਿ ਕਹਯੋ।**
**ਪਰਣ ਤੁਮਾਰਾ ਦੀਪ ਸਿੰਘ ਰਹਯੋ।**
**ਗੁਰਪੁਰਿ ਜਾਇ ਸੀਸ ਮੈਂ ਦੈਹੋਂ।**
**ਸੋ ਤੇ ਦੋਇ ਕੋਸ ਇਸ ਠੈਹੋਂ।।**

(ਸ੍ਰੀ ਗੁਰੁ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆਇਆ ਅਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਸਜੇ ਹੱਥ ਨਾਲ ਆਪਣਾ ਸਵਾ ਮਣ ਦਾ ਤਿੱਖਾ ਖੰਡਾ ਵਾਹੁੰਦੇ ਹੋਏ ਲੜਦੇ ਚਲੇ ਗਏ। ਇਸ ਤਰਾਂ ਸਰਾਇ ਗੋਤ ਦਾ ਜੱਟ ਮਹਿਤ ਸਿੰਘ ਵੀ ਬਿਨ ਸੀਸ ਚਾਟੀਵਿੰਡ ਤਕ ਲੜਿਆ। "ਜੱਟ ਸਰਾਇ ਮਹਿਤ ਸਿੰਘ ਤਯੋਂ ਹੀ ... ਲਰਯੋ ਕਬੰਧ ਤਾਂਹਿ ਕਾ ਭਾਰਾ"। ਜਥੇਦਾਰ ਰਾਮ ਸਿੰਘ ਵੀ ਬਿਨਾ ਸੀਸ ਲੜਿਆ। "ਲਰਯੋ ਕਬੰਧ ਰਾਮ ਸਿੰਘ ਕੇਰਾ" ਸਾਰੀ ਤੁਰਕ ਫ਼ੌਜ ਹੈਰਾਨ ਹੋ ਰਹੀ ਸੀ, ਸਿੰਘਾਂ ਦੇ ਧੜ ਸਿਰਾਂ ਤੋਂ ਬਿਨਾ ਲੜਦੇ ਦੇਖ ਤੁਰਕਾਂ ਦੀ ਫ਼ੌਜ ਨੇ ਭੈ-ਭੀਤ ਹੋ ਕੇ ਨੱਠਣਾ ਸ਼ੁਰੂ ਕਰ ਦਿੱਤਾ।


ਇੰਨੇ ਨੂੰ ਪਿੰਡ ਚੱਬੇ ਕੋਲ ਜਾਨ ਖਾਂ ਨੇ ਬਾਬੇ ਨੌਧ ਸਿੰਘ ਗਿੱਲ ਨੂੰ ਵੰਗਾਰਿਆ ਤਾਂ ਬਾਬਾ ਨੌਧ ਸਿੰਘ ਘੋੜਾ ਲੈ ਕੇ ਜਹਾਨ ਖਾਂ ਦੇ ਮੂਹਰੇ ਹੋ ਗਿਆ। ਲੜਾਈ 'ਚ ਦੋਹਾਂ ਦੇ ਘੋੜੇ ਢਿਗ ਪਏ, ਫਿਰ ਤਲਵਾਰਾਂ ਵੀ ਟੁੱਟ ਗਈਆਂ, ਸੰਜੋਆਂ ਅਤੇ ਢਾਲਾਂ ਵੀ ਟੁੱਟ ਗਈਆਂ, ਅਖੀਰ ਦੋਹਾਂ ਨੇ ਕਟਾਰਾਂ ਪਕੜ ਲਈਆਂ ਅਤੇ ਦੋਹਾਂ ਨੇ ਇੱਕੋ ਵਾਰ ਹੀ ਕਟਾਰਾਂ ਨੂੰ ਇਕ ਦੂਜੇ ਦੇ ਪੇਟ 'ਚ ਧਸਾ ਦਿੱਤੀਆਂ। ਬੀਸ ਹਜ਼ਾਰੀ ਜ਼ਬਰਦਸਤ ਖਾਂ ਨਾਲ ਭਾਈ ਬਲਵੰਤ ਸਿੰਘ ਨੇ ਅਤੇ ਇਸੇ ਤਰਾਂ ਕਈ ਹੋਰਨਾਂ ਨੇ ਵੀ ਦਵੰਦ ਯੁੱਧ ਕੀਤੇ। ਇਸ ਘਮਸਾਣ ਦੀ ਜੰਗ ਅੰਦਰ ਅਫ਼ਗ਼ਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫ਼ੌਜ ਦੇ ਹੌਸਲੇ ਟੁੱਟ ਗਏ । ਬਾਬਾ ਦੀਪ ਸਿੰਘ ਜੀ ਲੜਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ, ਬਾਬਾ ਜੀ ਨੇ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਭੇਟ ਕਰਦਿਆਂ ਸੱਚਖੰਡ ਨੂੰ ਪਿਆਨਾ ਕੀਤਾ।

ਇਸੇ ਤਰ੍ਹਾਂ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ 'ਚ ਬਾਬਾ ਦੀਪ ਸਿੰਘ ਜੀ ਦੇ ਨਾਮਵਰ ਸਾਥੀ ਸਿੰਘਾਂ ਜਥੇਦਾਰ ਰਾਮ ਸਿੰਘ, ਜਥੇਦਾਰ ਸਜਣ ਸਿੰਘ, ਜਥੇਦਾਰ ਬਹਾਦਰ ਸਿੰਘ, ਜਥੇਦਾਰ ਹੀਰਾ ਸਿੰਘ, ਭਾਈ ਨਿਹਾਲ ਸਿੰਘ, ਭਾਈ ਸੰਤ ਸਿੰਘ, ਭਾਈ ਕੌਰ ਸਿੰਘ, ਭਾਈ ਸੁੱਧਾ ਸਿੰਘ, ਭਾਈ ਬਸੰਤ ਸਿੰਘ, ਭਾਈ ਬੀਰ ਸਿੰਘ, ਭਾਈ ਮੰਨਾ ਸਿੰਘ, ਭਾਈ ਹੀਰਾ ਸਿੰਘ, ਭਾਈ ਗੰਡਾ ਸਿੰਘ, ਭਾਈ ਲਹਿਣਾ ਸਿੰਘ, ਭਾਈ ਗੁਪਾਲ ਸਿੰਘ, ਭਾਈ ਰਣ ਸਿੰਘ, ਭਾਈ ਭਾਗ ਸਿੰਘ, ਭਾਈ ਨੱਥਾ ਸਿੰਘ, ਭਾਈ ਬਾਲ ਸਿੰਘ, ਭਾਈ ਤਾਰਾ ਸਿੰਘ ਕੰਗ ਦੇ ਨਾਮ ਗਿਆਨੀ ਗਿਆਨ ਸਿੰਘ ਨੇ ਗਿਣਵਾਏ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਧਰਮ ਤੋਂ ਪ੍ਰੇਰਿਤ ਸਾਡੇ ਬਜ਼ੁਰਗਾਂ ਵੱਲੋਂ ਕੀਤੇ ਗਏ ਕਾਰਨਾਮੇ ਕੌਮਾਂ ਦੀ ਸਮੁੱਚੀ ਚੇਤਨਤਾ - ਸਿਮਰਿਤੀਆਂ ਦਾ ਹਿੱਸਾ ਹੋ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਹੋ ਨਿੱਬੜਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉੱਥੇ ਯਾਦਗਾਰੀ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਆਪ ਜੀ ਦਾ ਇਕ ਅਸਥਾਨ ਤਰਨ ਤਾਰਨ ਵਾਲੀ ਸੜਕ 'ਤੇ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਪਿੰਡ ਚਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਮੈਦਾਨ ਏ ਜੰਗ ਵਿਚ ਜਿੱਥੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਜੁਦਾ ਹੋਇਆ, ਉੱਥੇ ਹੁਣ ਸ਼ਾਨਦਾਰ ਅਤੇ ਅਤਿ ਸੁੰਦਰ ਗੁਰਦੁਆਰਾ ਟਾਹਲਾ ਸਾਹਿਬ ਸੁਭਾਇਮਾਨ ਹੈ। ਜਿਸ ਦੀ ਕਾਰਸੇਵਾ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਵਾਲੇ ਕਰਵਾ ਰਹੇ ਹਨ। ਇੱਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੱਥਾ ਟੇਕਣ, ਸੇਵਾ ਅਤੇ ਮੁਰਾਦਾਂ ਪਾਉਣ ਆਉਂਦੀਆਂ ਹਨ। ਜਦ ਕਿ ਐਤਵਾਰ ਨੂੰ ਗੁਰਮਤਿ ਸਮਾਗਮ 'ਚ ਅਣਗਿਣਤ ਸੰਗਤਾਂ ਦੀ ਆਮਦ ਨਾਲ ਗੁਰਦੁਆਰਾ ਟਾਹਲਾ ਸਾਹਿਬ ਅੱਜ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਦਾ ਕੇਂਦਰ ਬਣ ਚੁੱਕਿਆ ਹੈ।

ਸਲਾਹਕਾਰ, ਕੌਮੀ ਘੱਟ ਗਿਣਤੀ ਕਮਿਸ਼ਨ



# ਸਿੱਖਿਆ 'ਚ ਭਾਸ਼ਾਵਾਂ ਤੇ ਸਮਾਜ ਵਿਗਿਆਨਾਂ ਨੂੰ ਨਜ਼ਰਅੰਦਾਜ਼ ਕਰਨਾ ਮਹਿੰਗਾ ਪਵੇਗਾ



**ਡਾ. ਧਰਮ ਸਿੰਘ**

ਸਕੂਲ ਵਿਚ ਦਾਖ਼ਲ ਹੋਣ ਤੋਂ ਲੈ ਕੇ ਅੱਜ ਤੱਕ ਮੈਂ ਵਿੱਦਿਆ ਦੇ ਖੇਤਰ ਵਿਚ ਹਾਂ, ਪਹਿਲਾਂ ਪੜ੍ਹਾਈ ਲਈ ਅਤੇ ਫਿਰ ਨੌਕਰੀ ਦੇ ਸਿਲਸਿਲੇ ਵਿਚ। ਮੈਨੂੰ ਐਮ.ਏ. ਪਾਸ ਕੀਤੀ ਨੂੰ ਪੰਜਾਹ ਸਾਲ ਹੋ ਗਏ ਹਨ। ਇੰਜ ਜਿਸ ਤਰ੍ਹਾਂ ਦੀਆਂ ਵਿੱਦਿਅਕ ਨੀਤੀਆਂ ਲਾਗੂ ਰਹੀਆਂ ਹਨ ਅਤੇ ਜਿਸ ਤਰ੍ਹਾਂ ਦੇ ਪ੍ਰਭਾਵ ਇਨ੍ਹਾਂ ਨੇ ਸਮਾਜ ਉੱਪਰ ਛੱਡੇ ਹਨ, ਸਭ ਦਾ ਮੈਂ ਚਸ਼ਮਦੀਦ ਗਵਾਹ ਹਾਂ। ਬਹੁਤਾ ਪਿੱਛੇ ਨਾ ਜਾਈਏ, ਸੰਨ 1991 ਤੋਂ ਜਦੋਂ ਤੋਂ ਵਿਸ਼ਵੀਕਰਨ, ਉਦਾਰੀਕਰਨ, ਇੰਡਸਟਰੀ, ਮਾਰਕੀਟ ਅਤੇ ਹੋਰ ਕਈ ਤਰ੍ਹਾਂ ਦੇ ਛਲਾਵਿਆਂ ਅਤੇ ਭਰਮਾਂ ਦੇ ਨਾਂਅ 'ਤੇ ਜੋ ਨੀਤੀਆਂ ਲਾਗੂ ਹੋ ਰਹੀਆਂ ਹਨ, ਉਨ੍ਹਾਂ ਦਾ ਮੁਲਾਂਕਣ ਕਰਨ ਦਾ ਢੁਕਵਾਂ ਸਮਾਂ ਆ ਗਿਆ ਹੈ। ਸਮਾਜ ਨੇ ਕੀ ਖੱਟਿਆ ਅਤੇ ਕੀ ਗੁਆਇਆ ਹੈ, ਇਸ ਦੀ ਪੁਣਛਾਣ ਕਰਨੀ ਜ਼ਰੂਰੀ ਹੈ। ਸਭ ਤੋਂ ਪਹਿਲਾਂ ਵਿੱਦਿਆ ਦੇ ਮਨੋਰਥ ਦੀ ਗੱਲ ਕਰਨੀ ਬਣਦੀ ਹੈ। ਮਨੁੱਖ ਵਿੱਦਿਆ ਕਿਉਂ ਹਾਸਲ ਕਰਨੀ ਚਾਹੁੰਦਾ ਹੈ? ਉੱਤਰ ਸਪੱਸ਼ਟ ਹੈ ਉਪਜੀਵਿਕਾ ਕਮਾਉਣ ਦੇ ਨਾਲ-ਨਾਲ ਰੌਸ਼ਨ ਦਿਮਾਗੀ ਅਤੇ ਬਿਬੇਕੀ ਬਣਨ ਵਾਸਤੇ। ਬਦਕਿਸਮਤੀ ਨੂੰ ਅੱਜ ਸਾਰੇ ਮਨੋਰਥਾਂ ਵਿਚੋਂ ਕੇਵਲ ਉਪਜੀਵਿਕਾ ਜਾਂ ਪੈਸਾ ਕਮਾਉਣਾ ਹੀ ਵਿੱਦਿਆ ਦਾ ਸਰਬੋਤਮ ਆਦਰਸ਼ ਬਣ ਗਿਆ ਹੈ। ਪਦਾਰਥਵਾਦ ਦੇ ਇਸ ਯੁਗ ਵਿਚ ਪੈਸਾ ਜਾਂ ਮੁਨਾਫ਼ਾ, ਤਰੱਕੀ ਦੀਆਂ ਲਾਲਸਾਵਾਂ, ਪਦ-ਉਨਤੀ ਅਤੇ ਹੋਰ ਕਈ ਕੁਝ ਇਸ ਵਿਚ ਆਣ ਰਲਿਆ ਹੈ। ਵਿੱਦਿਆ ਕਦੀ ਵੀ ਕਾਰੋਬਾਰ ਨਹੀਂ ਸੀ। ਇਸ ਪਰਥਾਇ ਭਗਤ ਕਬੀਰ ਜੀ ਦੀ ਸਪੱਸ਼ਟ ਰਾਇ ਹੈ:

**ਮਾਇਆ ਕਾਰਨ ਬਿਦਿਆ ਬੇਚਹੁ**
**ਜਨਮੁ ਅਬਿਰਥਾ ਜਾਈ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੦੩)**

ਦਿਲਚਸਪ ਗੱਲ ਇਹ ਹੈ ਕਿ ਇਹ ਪੰਗਤੀ ਭਗਤ ਜੀ ਨੇ ਪਾਂਡੇ (ਪਾਧੇ, ਪਡੀਆ, ਬਿਪ੍ਰ) ਨੂੰ ਸੰਬੋਧਨ ਕਰਦਿਆਂ ਕਹੀ ਹੈ। ਇਕ ਥਾਂ ਹੋਰ ਗੁਰੂ ਅਮਰਦਾਸ ਜੀ ਨੇ ਵਿੱਦਿਆ ਦੇ ਨਾਂਅ 'ਤੇ ਮਾਇਆ ਇਕੱਠੀ ਕਰਨ ਨੂੰ ਝਗੜਿਆਂ ਦਾ ਮੂਲ ਕਾਰਨ ਮੰਨਿਆ ਹੈ।

**ਬੇਦ ਪੜਹਿ ਹਰਿ ਨਾਮੁ ਨ ਬੂਝਹਿ॥**
**ਮਾਇਆ ਕਾਰਣਿ ਪੜਿ ਪੜਿ ਲੂਝਹਿ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੫੦)**

ਮੰਨਿਆ ਕਿ ਵਿੱਦਿਆ ਦਾ ਇਹ ਸੰਕਲਪ ਮੱਧਕਾਲੀ ਹੈ ਪਰ ਕੀ ਅੱਜ ਮਨੁੱਖੀ ਸਰੋਕਾਰਾਂ, ਕਦਰਾਂ-ਕੀਮਤਾਂ ਜਾਂ ਸ਼ਖ਼ਸੀਅਤ ਦਾ ਸੰਤੁਲਿਤ ਵਿਕਾਸ ਆਦਿ ਅਜੋਕੇ ਸੰਕਲਪ ਦੀ ਰੱਟ ਲਾਉਣ ਦੇ ਬਾਵਜੂਦ, ਵਿੱਦਿਆ ਨੂੰ ਇਕ ਵਿਕਰੀਯੋਗ ਵਸਤੂ ਨਹੀਂ ਬਣਾ ਦਿੱਤਾ ਗਿਆ? ਇਸੇ ਲਈ ਰਹਿ ਰਹਿ ਕੇ ਤਕਨੀਕੀ ਸਿੱਖਿਆ ਜਾਂ ਨੌਕਰੀ ਵੱਲ ਸੇਧਿਤ ਕੋਰਸਾਂ (Job-oriented courses) ਦੀ ਗੱਲ ਹੋ ਰਹੀ ਹੈ। ਹਰ ਨਵੇਂ ਸੂਰਜ ਲੁੱਟਮਾਰ ਦੀਆਂ ਦੁਕਾਨਾਂ ਖੁੱਲ੍ਹ ਰਹੀਆਂ ਹਨ। ਮੰਨਿਆ ਕਿ ਬਦਲ ਰਹੀ ਦੁਨੀਆ ਨਾਲ ਬਰ ਮੇਚਣ ਲਈ ਅਤੇ ਨਵੇਂ ਤਕਾਜ਼ਿਆਂ ਨੂੰ ਪੂਰਿਆਂ ਕਰਨ ਲਈ ਵਿੱਦਿਅਕ ਨੀਤੀਆਂ ਅਤੇ ਇਸ ਦੇ ਮਨੋਰਥ ਵਿਚ ਤਬਦੀਲੀਆਂ ਸੁਭਾਵਿਕ ਹਨ ਅਤੇ ਜ਼ਰੂਰੀ ਵੀ ਪਰ ਕੀ ਇਹ ਬਦਲਾਅ ਇਕਪਾਸੜ ਜਾਂ ਉਲਾਰ ਨਹੀਂ ਹੋ ਰਿਹਾ? ਕੀ ਤਕਨੀਕੀ ਸਿੱਖਿਆ ਜਾਂ ਤਕਨਾਲੋਜੀ ਦੇ ਨਾਂਅ 'ਤੇ ਹਰ ਕਿਸੇ ਨੂੰ ਛੈਣੀ, ਹਥੌੜਾ ਜਾਂ ਪੇਚਕਸ ਫੜਾ ਕੇ ਵਿੱਦਿਆ ਦਾ ਮਨੋਰਥ ਪੂਰਾ ਹੋ ਜਾਵੇਗਾ? ਜਿਨ੍ਹਾਂ ਵਿਸ਼ਿਆਂ ਨੂੰ 'ਪਰੰਪਰਾਗਤ ਵਿਸ਼ੇ' ਆਖ਼ ਕੇ ਛੁਟਿਆਇਆ ਜਾ ਰਿਹਾ ਹੈ, ਕੀ ਮਨੁੱਖ ਦਾ ਉਨ੍ਹਾਂ ਬਿਨਾਂ ਗੁਜ਼ਾਰਾ ਸੰਭਵ ਹੈ? ਵਿੱਦਿਆ ਨੂੰ ਮਾਨਤਾ ਦੇਣ ਲਈ ਸਭ ਤੋਂ ਵੱਕਾਰੀ ਇਨਾਮ ਨੋਬਲ ਇਨਾਮ ਹੈ ਜੋ ਡਾਕਟਰੀ (ਦਵਾਈਆਂ ਆਦਿ), ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਅਰਥ ਸ਼ਾਸਤਰ, ਸਾਹਿਤ ਅਤੇ ਸ਼ਾਂਤੀ ਆਦਿ ਖੇਤਰਾਂ ਵਿਚ ਖੋਜ ਜਾਂ ਯੋਗਦਾਨ ਬਦਲੇ ਦਿੱਤਾ ਜਾਂਦਾ ਹੈ। ਇਨ੍ਹਾਂ ਇਨਾਮਾਂ ਵਿਚ ਅੱਜ ਨਵੇਂ ਕਹੇ ਨਾਂਅ ਜਾਣ ਵਾਲੇ ਵਿਸ਼ਿਆਂ ਵਿਚ ਕੋਈ ਵਿਸ਼ਾ ਸ਼ਾਮਲ ਨਹੀਂ। ਕੀ ਨੋਬਲ ਇਨਾਮ ਦੇਣ ਵਾਲਿਆਂ ਨੂੰ ਅਜੋਕੇ ਕਥਿਤ ਨਵੇਂ ਵਿਸ਼ਿਆਂ ਵਿਚੋਂ ਕੋਈ ਅਲੱਗ ਵਿਸ਼ਾ ਜਾਂ ਖੇਤਰ ਨਹੀਂ ਲੱਭਿਆ, ਜਿਸ ਨੂੰ ਇਸ ਇਨਾਮ ਲਈ ਯੋਗ ਸਮਝਿਆ ਗਿਆ ਹੋਵੇ? ਉੱਤਰ ਸਪੱਸ਼ਟ ਹੈ ਕਿ ਨੋਬਲ ਇਨਾਮ ਲਈ ਰੱਖੇ ਗਏ ਵਿਸ਼ੇ, ਸਾਰੇ ਦੇ ਸਾਰੇ, ਮਨੁੱਖੀ ਸੱਭਿਅਤਾ ਦੇ ਵਿਕਾਸ ਅਤੇ ਮਨੁੱਖੀ ਸਰੋਕਾਰਾਂ ਨਾਲ ਜੁੜੇ ਹੋਏ ਹਨ। ਤਕਨੀਕੀ ਸਿੱਖਿਆ ਅਤੇ ਤਕਨਾਲੋਜੀ ਇਨ੍ਹਾਂ ਵਿਸ਼ਿਆਂ ਦੀ ਖੋਜ ਵਿਚ ਸਹੂਲਤਾਂ ਜ਼ਰੂਰੀ ਪੈਦਾ ਕਰਦੀ ਹੈ ਪਰ ਇਹ ਉਨ੍ਹਾਂ ਦਾ ਬਦਲ ਨਹੀਂ ਬਣ ਸਕੇਗੀ। ਇਹ ਸਹੂਲਤਾਂ ਖੋਜ ਦੇ ਕੰਮ ਵਿਚ ਏਨੀ ਪਾਰਦਰਸ਼ਤਾ, ਬਾਰੀਕਬੀਨੀ ਤਾਂ ਲਿਆ ਸਕਦੀਆਂ ਹਨ ਪਰ ਉਨ੍ਹਾਂ ਦੀ ਥਾਂ ਨਹੀਂ ਲੈ ਸਕਦੀਆਂ।


ਪਰੰਪਰਾਗਤ ਵਿਸ਼ਿਆਂ ਵਿਚੋਂ, ਨਮੂਨੇ ਮਾਤਰ, ਇਤਿਹਾਸਕਾਰੀ ਦੀ ਗੱਲ ਲੈਂਦੇ ਹਾਂ। ਇਤਿਹਾਸ ਹਰ ਖਿੱਤੇ, ਮੁਲਕ ਜਾਂ ਉਪਮਹਾਂਦੀਪ ਦਾ ਹੁੰਦਾ ਹੈ। ਕੀ ਅੱਜ ਦੀਆਂ ਵਿੱਦਿਅਕ ਨੀਤੀਆਂ ਪਹਿਲਾਂ ਵਰਗੇ ਇਤਿਹਾਸਕਾਰ ਪੈਦਾ ਕਰ ਸਕਣਗੀਆਂ? ਸਮਾਜ-ਸ਼ਾਸਤਰ, ਭੂਗੋਲ, ਮਨੋਵਿਗਿਆਨ, ਪੁਰਾਤੱਤਵ ਗਿਆਨ ਆਦਿ ਵਿਸ਼ਿਆਂ ਵਿਚ ਖੋਜ ਕਰ ਸਕਣ ਵਾਲੇ ਖੋਜਕਾਰ ਪੈਦਾ ਹੋ ਸਕਣਗੇ? ਇਹੋ ਹਾਲ ਕਲਾ, ਸਾਹਿਤ ਅਤੇ ਭਾਸ਼ਾ ਦਾ ਹੈ। ਇਨ੍ਹਾਂ ਸਾਰਿਆਂ ਵਿਚ ਸਾਂਝੀ ਕੜੀ ਪ੍ਰਾਦੇਸ਼ਿਕ ਜਾਂ ਸਥਾਨਕ ਰੰਗਤ ਹੈ। ਅੱਜ ਦੀਆਂ ਵਿੱਦਿਅਕ ਨੀਤੀਆਂ ਵਿਚ ਭਾਸ਼ਾ ਅਤੇ ਸਾਹਿਤ ਨੂੰ ਕੋਈ ਥਾਂ ਹਾਸਲ ਨਹੀਂ ਅਤੇ ਜੇ ਹੈ ਤਾਂ ਗੌਣ ਸਥਾਨ ਹੈ। ਅਜੋਕੇ ਯੁਗ ਨੂੰ 'ਸੋਸ਼ਲ ਮੀਡੀਆ ਦਾ ਯੁਗ' ਕਿਹਾ ਜਾਂਦਾ ਹੈ, ਜਿਸ ਦਾ ਸਭ ਤੋਂ ਵੱਡਾ ਪ੍ਰਗਟਾਅ ਮਾਧਿਅਮ ਭਾਸ਼ਾ ਹੈ। ਹਰ ਭਾਸ਼ਾ ਦਾ ਆਪਣਾ ਵਿਆਕਰਨ, ਸੰਰਚਨਾ ਅਤੇ ਧੁਨੀ ਵਿਗਿਆਨ ਹੈ ਅਤੇ ਇਹ ਕੇਵਲ ਪੜ੍ਹਨ ਨਾਲ ਹੀ ਸਮਝੇ ਜਾ ਸਕਦੇ ਹਨ। ਵੇਖਿਆ ਜਾਵੇ ਤਾਂ ਅੱਜ ਦੇ ਵਿਦਿਆਰਥੀ ਕੋਲ ਭਾਸ਼ਾ ਦਾ ਸੰਤੁਸ਼ਟੀਜਨਕ ਗਿਆਨ ਨਹੀਂ। ਉਹ ਹਰ ਵਾਕ ਦੂਜੇ ਸ਼ਬਦਾਂ ਦਾ ਤੜਕਾ ਲਾ ਕੇ ਬੋਲਦਾ ਹੈ। ਬੁਲਾਰੇ ਨੂੰ ਸ਼ਬਦ ਨਾ ਲੱਭਣੇ ਜਾਂ ਆਹੁੜਨੇ ਭਾਸ਼ਾ ਦੀ ਅਸਮਰੱਥਾ ਨਹੀਂ, ਸਗੋਂ ਸਾਡੀ ਆਪਣੀ ਅਗਿਆਨਤਾ ਹੈ। ਇਸ ਅਗਿਆਨਤਾ ਦੇ ਸਬੂਤ ਸਭ ਚੈਨਲਾਂ, ਅਖ਼ਬਾਰਾਂ, ਰਿਸਾਲਿਆਂ ਆਦਿ ਵਿਚ ਸਹਿਜੇ ਹੀ ਵੇਖੇ ਜਾ ਸਕਦੇ ਹਨ। ਟੈਲੀਵਿਜ਼ਨ ਚੈਨਲਾਂ ਦੀਆਂ ਚਲ ਰਹੀਆਂ ਖ਼ਬਰਾਂ, ਇਸ਼ਤਿਹਾਰਾਂ ਅਤੇ ਹੋਰ ਜੋ ਸਮੱਗਰੀ ਵਾਰਤਾ ਵਿਚ ਕੈਪਸ਼ਨਾਂ ਦੇ ਰੂਪ ਵਿਚ ਪ੍ਰਚਾਰ ਹਿਤ, ਪ੍ਰਦਰਸ਼ਿਤ ਕੀਤੀ ਜਾਂਦੀ ਹੈ, ਗ਼ਲਤੀਆਂ ਨਾਲ ਭਰੀ ਹੁੰਦੀ ਹੈ। ਭਾਸ਼ਾ ਦਾ ਮਾਧਿਅਮ ਹੋਣ ਕਰਕੇ ਜਦ ਵੀ ਕੋਈ ਗ਼ਲਤੀ ਕਰਦਾ ਹੈ ਤਾਂ ਸਰੋਤੇ ਦੇ ਕੰਨ ਖੜ੍ਹੇ ਹੋ ਜਾਂਦੇ ਹਨ। ਇਕ ਬੜਾ ਆਮ ਵਰਤਿਆ ਜਾਣ ਵਾਲਾ ਜੁਮਲਾ ਹੈ, 'ਜਿਹੜਾ ਪ੍ਰੋਗਰਾਮ ਅਸੀਂ ਪੇਸ਼ ਕਰਨ ਜਾ ਰਹੇ ਹਾਂ, ਸਿੱਧਾ ਅੰਗਰੇਜ਼ੀ ਵਾਕੰਸ਼ Going to Present ਦਾ ਤਰਜਮਾ ਹੈ। ਜਾਣਾ ਜਾਂ ਕਰਨ ਜਾਣਾ ਪੰਜਾਬੀ, ਹਿੰਦੀ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਣ ਭਾਵ ਹਿਜਰਤ ਕਰਨ ਨੂੰ ਕਹਿੰਦੇ ਹਨ। ਸਹੀ ਜੁਮਲਾ ਹੋਵੇਗਾ "ਜਿਹੜਾ ਪ੍ਰੋਗਰਾਮ ਅਸੀਂ ਪੇਸ਼ ਕਰਾਂਗੇ ਜਾਂ ਕਰਨ ਲੱਗੇ ਹਾਂ।" ਗ਼ਲਤ ਬੋਲੇ ਜਾਣ ਵਾਲੇ ਸ਼ਬਦਾਂ ਦੀਆਂ ਇਕ-ਦੋ ਨਹੀਂ, ਅਨੇਕਾਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਕਿਸੇ ਘਟਨਾ ਦੇ ਵਾਪਰਨ ਨੂੰ 'ਅੰਜਾਮ ਦੇਣਾ' ਸਾਰੇ ਚੈਨਲਾਂ ਤੋਂ ਸੁਣਿਆ ਜਾ ਸਕਦਾ ਹੈ। 'ਅੰਜਾਮ' ਫ਼ਾਰਸੀ ਸ਼ਬਦ ਹੈ ਜਿਸ ਦਾ ਅਰਥ ਅਖ਼ੀਰ ਹੱਦ, ਸੀਮਾ ਅਤੇ ਨਤੀਜਾ ਆਦਿ ਹੈ। ਇੰਜ ਇਹ ਸ਼ਬਦ ਇਸ ਤਰ੍ਹਾਂ ਵਰਤਿਆ ਜਾਣਾ ਅਤੇ ਅਸ਼ੁੱਧ ਹੈ। ਇਕ ਹੋਰ ਸ਼ਬਦ ਖੁਲਾਸਾ ਵੀ ਬਹੁਤ ਵਰਤਿਆ ਜਾਂਦਾ ਹੈ। ਖੁਲਾਸਾ ਸ਼ਬਦ ਦਾ ਅਰਥ ਪਾਕ, ਸਾਫ਼ ਅਤੇ ਚੋਣਵਾਂ ਹੈ ਪਰ ਸਾਰੇ ਚੈਨਲ ਇਸ ਨੂੰ ਪ੍ਰਗਟਾਵੇ ਜਾਂ ਇੰਕਸ਼ਾਫ਼ ਦੇ ਅਰਥਾਂ ਵਿਚ ਇਸਤੇਮਾਲ ਕਰਦੇ ਹਨ। ਇਹ ਸਭ ਕੁਝ ਤਾਂ ਹੀ ਵਾਪਰ ਰਿਹਾ ਹੈ ਕਿਉਂਕਿ ਚੈਨਲਾਂ ਕੋਲ ਭਾਸ਼ਾ ਮਾਹਿਰ ਨਹੀਂ ਹਨ। ਭਾਸ਼ਾ ਮਾਹਿਰ ਇਸ ਲਈ ਨਹੀਂ ਮਿਲ ਰਹੇ, ਕਿਉਂਕਿ ਭਾਸ਼ਾਵਾਂ ਨੂੰ ਤਾਂ ਅਸੀਂ ਦੇਸ਼ ਨਿਕਾਲਾ ਦੇਣ ਦੀ ਠਾਣੀ ਹੋਈ ਹੈ। ਪੰਜਾਬੀ ਚੈਨਲਾਂ ਉੱਪਰ ਹੋੜੇ ਅਤੇ ਕਨੌੜੇ ਦਾ ਅੰਤਰ ਨ/ਣ, ਦ/ਧ ਆਦਿ ਧੁਨੀਆਂ ਦਾ ਉਚਾਰਣ ਨਾ ਕਰ ਸਕਣਾ ਜਾਂ ਰਲਗੱਡ ਕਰ ਦੇਣਾ, ਭਾਸ਼ਾਈ ਅਗਿਆਨਤਾ ਕਰਕੇ ਹੈ। ਭਾਸ਼ਾ ਮਾਹਿਰ ਹੀ ਸ਼ਬਦ ਬਣਤਰਾਂ, ਸ਼ਬਦ ਜੋੜਾਂ ਅਤੇ ਉਚਾਰਣ ਸੰਬੰਧੀ ਸਹੀ ਰਾਇ ਦੇ ਸਕਦਾ ਹੈ। ਸਾਹਿਤ, ਸੰਗੀਤ ਅਤੇ ਕਲਾ ਮਨੁੱਖੀ ਰੂਹ ਦੀ ਖ਼ੁਰਾਕ ਸਮਝੇ ਗਏ ਹਨ ਪਰ ਅੱਜ ਇਹ ਖ਼ੁਰਾਕ ਸੋਕੇ ਦਾ ਸ਼ਿਕਾਰ ਹੋ ਰਹੀ ਹੈ।

ਪੰਜਾਬ ਵਿਚ ਸਰਕਾਰੀ ਯੂਨੀਵਰਸਿਟੀਆਂ ਨਾਲੋਂ ਨਿੱਜੀ ਯੂਨੀਵਰਸਿਟੀਆਂ ਵਧੇਰੇ ਹਨ ਅਤੇ ਨਿੱਜੀ ਯੂਨੀਵਰਸਿਟੀਆਂ ਵਿਚ ਭਾਸ਼ਾਵਾਂ ਦੇ ਵਿਭਾਗ ਹੀ ਨਹੀਂ ਹਨ। ਸਮਾਜ ਵਿਗਿਆਨਾਂ ਵਿਚੋਂ ਵੀ ਕਿਸੇ ਵਿਗਿਆਨ ਦੇ ਵਿਭਾਗ ਕਿਸੇ-ਕਿਸੇ ਯੂਨੀਵਰਸਿਟੀ ਵਿਚ ਹਨ। ਜ਼ਿਆਦਾ ਉਹੋ ਵਿਭਾਗ ਹੀ ਖੁੱਲ੍ਹ ਰਹੇ ਹਨ, ਜਿਨ੍ਹਾਂ ਵਿਚ ਵਿਦਿਆਰਥੀਆਂ ਕੋਲੋਂ ਮੋਟੀਆਂ ਰਕਮਾਂ, ਫ਼ੀਸਾਂ ਦੇ ਰੂਪ ਵਿਚ ਉਗਰਾਹੀਆਂ ਜਾਂਦੀਆਂ ਹਨ। ਇਹੋ ਕਾਰਨ ਹੈ ਕਿ ਡਿਗਰੀਧਾਰਕ ਵਧ ਰਹੇ ਹਨ ਪਰ ਵਿਦਵਤਾ ਨਿੱਘਰ ਰਹੀ ਹੈ। ਯੂ.ਜੀ.ਸੀ. ਜਾਂ ਹੋਰ ਅਦਾਰੇ ਜਿੰਨੀਆਂ ਮਰਜ਼ੀ ਪੇਸ਼ਬੰਦੀਆਂ ਕਰ ਲੈਣ ਪਰ ਚਾਲਬਾਜ਼ ਕੋਈ ਨਾ ਕੋਈ ਰਾਹ ਲੱਭ ਹੀ ਲੈਂਦੇ ਹਨ।

ਆਉਣ ਵਾਲੇ ਸਮੇਂ ਵਿਚ ਹੋਰ ਸੱਤਿਆਨਾਸ਼ ਹੋਵੇਗਾ। ਭਾਸ਼ਾ ਸੱਭਿਆਚਾਰ, ਇਤਿਹਾਸ, ਸਾਹਿਤ, ਸਮਾਜ ਸ਼ਾਸਤਰ, ਭੂਗੋਲ, ਮਨੋਵਿਗਿਆਨ ਆਦਿ ਵਿਚ ਖੋਜ ਜੇਕਰ ਠੁੱਸ ਹੋਣ ਕੰਢੇ ਪਹੁੰਚ ਰਹੀ ਹੈ ਤਾਂ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ।

ਇਹ ਸਾਰਾ ਕੁਝ ਤਾਂ ਵਾਪਰ ਰਿਹਾ ਹੈ ਕਿਉਂਕਿ ਸਰਕਾਰਾਂ ਨੇ ਵਿਸ਼ਿਆਂ ਤੋਂ ਹੱਥ ਪਿੱਛੇ ਖਿੱਚ ਲਏ ਹਨ। ਅਫ਼ਸਰਸ਼ਾਹੀ ਦੇ ਬਹਿਕਾਵੇ ਵਿਚ ਆ ਕੇ ਅਧਪੜ੍ਹ ਸਿਆਸਤਦਾਨ ਤਾਂ ਕਾਲਜ/ਯੂਨੀਵਰਸਿਟੀਆਂ ਨੂੰ ਆਪਣੇ ਖ਼ਰਚ ਆਪ ਚੁੱਕਣ ਦਾ ਪਹਾੜਾ ਪੜ੍ਹ ਰਹੇ ਹਨ। ਖੋਜ ਤੇ ਵਿੱਦਿਆ ਨਾਲ ਜੁੜੀ ਹਰ ਚੀਜ਼ ਮਹੱਤਵਪੂਰਨ ਹੈ ਪਰ ਸਭ ਤੋਂ ਜ਼ਰੂਰੀ ਅਧਿਆਪਕ ਹਨ। ਪੰਜਾਬ ਵਿਚ ਪਿਛਲੇ ਵੀਹ ਸਾਲਾਂ ਤੋਂ ਨਾ ਸਕੂਲਾਂ, ਨਾ ਕਾਲਜਾਂ, ਨਾ ਯੂਨੀਵਰਸਿਟੀਆਂ ਵਿਚ ਨਿਯਮਿਤ ਅਧਿਆਪਕਾਂ ਦੀ ਭਰਤੀ ਹੋਈ ਹੈ। ਮੇਰਾ ਆਪਣਾ ਸੰਬੰਧ ਉਚੇਰੀ ਵਿੱਦਿਆ ਨਾਲ ਰਿਹਾ ਹੈ, ਇਸ ਲਈ ਮੈਂ ਆਪਣੇ ਅਨੁਭਵ ਦੇ ਆਧਾਰ 'ਤੇ ਹੀ ਗੱਲ ਕਰਾਂਗਾ। ਪੀ.ਐਚ.ਡੀ. ਦੀ ਡਿਗਰੀ ਕਾਫੀ ਮੁਸ਼ੱਕਤ ਅਤੇ ਸਮੇਂ ਬਾਅਦ ਹਾਸਲ ਹੁੰਦੀ ਹੈ। ਇਸ ਡਿਗਰੀ ਲਈ ਖੋਜ ਵਿਦਿਆਰਥੀ ਨਾਲ ਨਿਗਰਾਨ ਨਿਯੁਕਤ ਕੀਤਾ ਜਾਂਦਾ ਹੈ। ਨਿਗਰਾਨ ਜਾਂ ਸੁਪਰਵਾਈਜ਼ਰ ਬਹੁਤੀ ਵਾਰੀ, ਸੀਨੀਅਰ ਅਧਿਆਪਕ ਹੀ ਹੁੰਦੇ ਹਨ। ਨਵੇਂ ਅਧਿਆਪਕ ਭਰਤੀ ਨਾ ਕੀਤੇ ਜਾਣ ਕਰ ਕੇ ਉਨ੍ਹਾਂ ਦੀ ਸੀਨੀਅਰਤਾ ਨਹੀਂ ਬਣਦੀ ਜਾਂ ਕਹਿ ਲਵੋ ਕਿ ਉਹ ਨਿਗਰਾਨ ਬਣਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ। ਖੋਜਾਰਥੀ ਮਗਰ-ਮਗਰ ਫਿਰ ਰਹੇ ਹਨ, ਪਰ ਨਿਗਰਾਨ ਲੱਭ ਨਹੀਂ ਰਹੇ। ਜਦ ਮੈਂ ਵਿਭਾਗ ਮੁਖੀ ਸਾਂ ਤਾਂ ਬੀ.ਏ./ਐਮ.ਏ. ਦੇ ਪੇਪਰ ਸੈਟਰ ਜਾਂ ਮੁੱਖ ਪ੍ਰੀਖਿਅਕ ਲੱਭਣੇ ਮੁਸ਼ਕਿਲ ਹੋ ਰਹੇ ਸਨ। ਹੁਣ ਤਾਂ ਹੋਰ ਮਾੜਾ ਹਾਲ ਹੋਵੇਗਾ। ਯੂਨੀਵਰਸਿਟੀਆਂ ਦੇ ਕਈ ਵਿਭਾਗਾਂ ਦੇ ਮੁਖੀ ਨਹੀਂ ਹਨ, ਦੂਜੇ ਮੁਖੀਆਂ ਨੂੰ ਵਾਧੂ ਚਾਰਜ ਦੇ ਕੇ ਡੰਗ ਟਪਾਈ ਹੋ ਰਹੀ ਹੈ। ਯੂਨੀਵਰਸਿਟੀ ਵਿਭਾਗ ਦਾ ਮੁਖੀ ਘੱਟੋ ਘੱਟ ਐਸੋਸੀਏਟ ਪ੍ਰੋਫ਼ੈਸਰ ਹੋਣਾ ਚਾਹੀਦਾ ਹੈ। ਜਿਥੇ ਅਸਿਸਟੈਂਟ ਪ੍ਰੋਫ਼ੈਸਰ ਨਹੀਂ, ਉਥੇ ਐਸੋਸੀਏਟ ਅਤੇ ਪ੍ਰੋਫ਼ੈਸਰ ਕਿਥੋਂ ਲੱਭਣੇ ਹਨ? ਵਿੱਦਿਆ ਇਕ ਨਿਰੰਤਰ ਪ੍ਰਕਿਰਿਆ ਹੈ ਜਿਸ ਦੀ ਕੋਈ ਕੜੀ ਅਣਡਿੱਠ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਸ਼ਾਰਟ ਕੱਟ ਚੱਲ ਸਕਦਾ ਹੈ। ਸਕੂਲ/ਕਾਲਜ/ਯੂਨੀਵਰਸਿਟੀ ਇਕ ਇਕਾਈ ਦੇ ਵੱਖ-ਵੱਖ ਪੜਾਅ ਹਨ ਅਤੇ ਜੇ ਕੋਈ ਪੜਾਅ ਉਲੰਘਣ ਦੀ ਕੋਸ਼ਿਸ਼ ਕਰੇਗਾ ਜਾਂ ਸ਼ਾਰਟ ਕੱਟ ਚੱਲੇਗਾ ਤਾਂ ਉਸ ਦਾ ਮੂਧੇ-ਮੂੰਹ ਡਿਗਣਾ ਨਿਸਚਿਤ ਹੈ। ਲੋੜ ਹੈ ਅਜਿਹੇ ਵਰਤਾਰੇ ਨੂੰ ਠੱਲ੍ਹ ਪਾਉਣ ਅਤੇ ਸਾਰਥਿਕ ਨੀਤੀਆਂ ਘੜਨ ਦੀ।

# ਸਾਹਿਤ ਦਾ ਸਮੁੰਦਰ ਸੀ ਨਾਵਲਕਾਰ ਜਸਵੰਤ ਸਿੰਘ ਕੰਵਲ



ਜਸਵੰਤ ਸਿੰਘ ਕੰਵਲ ਦਾ ਜਨਮ 27 ਜੂਨ 1919 ਨੂੰ ਮਾਤਾ ਹਰਨਾਮ ਕੌਰ ਦੀ ਕੁੱਖੋਂ, ਪਿਤਾ ਮਾਹਲਾ ਸਿੰਘ ਦੇ ਘਰ ਪਿੰਡ ਢੁੱਡੀਕੇ ਵਿਖੇ ਹੋਇਆ ਸੀ। ਉਨ੍ਹਾਂ ਦਾ ਵਿਆਹ 1943 ਨੂੰ ਮੁਖਤਿਆਰ ਕੌਰ ਨਾਲ ਹੋਇਆ ਸੀ। ਉਨ੍ਹਾਂ ਦੇ ਘਰ ਚਾਰ ਬੇਟੀਆਂ ਤੇ ਇਕ ਬੇਟੇ ਨੇ ਜਨਮ ਲਿਆ। ਪਿੰਡ ਢੁੱਡੀਕੇ ਵਿਖੇ ਇਕ ਫ਼ਕੀਰ ਰਹਿੰਦਾ ਸੀ ਜਿਸ ਤੋਂ ਉਨ੍ਹਾਂ ਨੇ ਵੇਦਾਂਤ ਦਾ ਗਿਆਨ ਹਾਸਲ ਕੀਤਾ। ਨੌਂ ਕੁ ਜਮਾਤਾਂ ਪੜ੍ਹੇ ਕੰਵਲ ਨੂੰ ਰੋਜ਼ੀ-ਰੋਟੀ ਲਈ ਮਲਾਇਆ ਦੇ ਜੰਗਲਾਂ ਵਿਚ ਥਾਈਲੈਂਡ ਦੀ ਸੀਮਾ ਨੇੜੇ ਰਾਤ ਨੂੰ ਪਹਿਰੇਦਾਰੀ ਕਰਨੀ ਪਈ। ਮਲਾਇਆ ਤੋਂ ਆ ਕੇ ਪਿੰਡ ਖੇਤੀਬਾੜੀ ਵੀ ਕਰਨੀ ਪਈ। ਉਹ ਕਿਤਾਬਾਂ ਲਾਹੌਰ ਤੋਂ ਖ਼ਰੀਦ ਕੇ ਪੜ੍ਹਦੇ ਸਨ। ਉਨ੍ਹਾਂ ਨੂੰ ਅੰਮ੍ਰਿਤਸਰ ਵਿਚ ਵੀ ਨੌਕਰੀ ਕਰਨੀ ਪਈ। ਉਸ ਸਮੇਂ ਪਿੰਗਲ ਦੀ ਜਾਣਕਾਰੀ ਵੀ ਲਈ। ਉਨ੍ਹਾਂ ਦੀ ਪਹਿਲੀ ਕਿਤਾਬ 'ਜੀਵਨੀ ਕਣੀਆਂ' (1944) ਵਿਚ ਛਪੀ। ਉਨ੍ਹਾਂ ਦੀਆਂ ਪ੍ਰਕਾਸ਼ਿਤ ਮਸ਼ਹੂਰ ਕਿਤਾਬਾਂ ਇਸ ਪ੍ਰਕਾਰ ਹਨ : 'ਸੱਚ ਨੂੰ ਫਾਂਸੀ', 'ਪਾਲੀ', 'ਪੂਰਨਮਾਸ਼ੀ', 'ਰਾਤ ਬਾਕੀ ਹੈ', 'ਸਿਵਲ ਲਾਈਨਜ਼', 'ਜੰਗਲ ਦੇ ਸ਼ੇਰ', 'ਦੇਵਦਾਸ', 'ਸੁਰਸਾਂਝ', 'ਮਨੁੱਖਤਾ', 'ਰੂਪਧਾਰਾ', 'ਹਾਣੀ', 'ਮਿੱਤਰ ਪਿਆਰੇ ਨੂੰ', 'ਭਵਾਨੀ', 'ਤਾਰੀਖ ਵੇਖਦੀ ਹੈ', 'ਬਰਫ ਦੀ ਅੱਗ', 'ਲਹੂ ਦੀ ਲੋਅ', 'ਤੌਸ਼ਾਲੀ ਦੀ ਹੰਸੋ', 'ਅਹਿਸਾਸ', 'ਸੂਰਮੇ', 'ਹੁਨਰ ਦੀ ਜਿੱਤ', 'ਖ਼ੂਬਸੂਰਤ ਦੁਸ਼ਮਣ', 'ਗੁਆਚੀ ਪੱਗ', 'ਜੂਹੂ ਦਾ ਮੋਤੀ', (ਸਮਿ ?ਤੀਆਂ), 'ਮਰਨ ਮਿੱਤਰਾਂ ਦੇ ਅੱਗੇ', 'ਭਾਵਨਾ', (ਕਵਿਤਾਵਾਂ) ਹਨ। ਇਸ ਤੋਂ ਬਿਨਾਂ 'ਗੋਰਾ ਮੁੱਖ ਸੱਜਣਾਂ ਦਾ', 'ਸੰਧੂਰ', 'ਰੂਹ ਦਾ ਹਾਣ', 'ਲੰਬੇ ਵਾਲਾਂ ਦੀ ਪੀੜ', 'ਰੂਪਮਤੀ', 'ਚਿੱਕੜ ਤੇ ਕੰਵਲ', 'ਫੁੱਲਾਂ ਦਾ ਮਾਲੀ', 'ਜ਼ਿੰਦਗੀ ਦੂਰ ਨਹੀਂ', 'ਕੰਡੇ', 'ਮਾਈ ਦਾ ਲਾਲ', 'ਹਾਉਕਾ ਤੇ ਮੁਸਕਾਨ', 'ਰੂਪ ਤੇ ਰਾਖੇ', 'ਜੰਡ ਪੰਜਾਬ ਦਾ', 'ਮੁਕਤੀ ਮਾਰਗ', 'ਮੇਰੀਆਂ ਸਾਰੀਆਂ ਕਹਾਣੀਆਂ ਚਾਰ ਭਾਗਾਂ ਵਿਚ', 'ਸਾਧਨਾ', 'ਇਕ ਹੋਰ ਹੈਲਨ', 'ਨਵਾਂ ਸੰਨਿਆਸ', 'ਕਾਲੇ ਹੰਸ', 'ਝੀਲ ਦਾ ਮੋਤੀ', 'ਹਾਲ ਮਰੀਦਾਂ ਦਾ', 'ਸੱਚ ਕੀ ਬੇਲਾ', 'ਪੰਜਾਬ! ਤੇਰਾ ਕੀ ਬਣੂੰ', 'ਆਪਣਾ ਕੌਮੀ ਘਰ', 'ਕੌਮੀ ਲਲਕਾਰ', 'ਕੰਵਲ ਕਹਿੰਦਾ ਰਿਹਾ', 'ਦੂਜਾ ਸਫ਼ਰਨਾਮਾ', 'ਪੰਨਿਆਂ ਦਾ ਚਾਨਣ' (ਸਵੈ-ਜੀਵਨੀ) ਆਦਿ ਵੀ ਹਨ। ਡਾ. ਜਸਵੰਤ ਸਿੰਘ ਕੰਵਲ ਦੇ ਇਨਾਮਾਂ-ਸਨਮਾਨਾਂ ਦੀ ਸੂਚੀ ਵੀ ਲੰਬੀ ਹੈ। ਜਿੰਨਾ ਕੰਵਲ ਸਾਹਿਬ ਨੂੰ ਸਾਹਿਤਕ ਖੇਤਰ 'ਚ ਮਾਣ-ਸਨਮਾਨ ਮਿਲਿਆ, ਓਨਾ ਸ਼ਾਇਦ ਕਿਸੇ ਹੋਰ ਦੇ ਹਿੱਸੇ ਨਾ ਆਇਆ ਹੋਵੇ। ਸ਼੍ਰੋਮਣੀ ਐਵਾਰਡ, ਭਾਸ਼ਾ ਵਿਭਾਗ, ਪੰਜਾਬ, ਸਾਹਿਤ ਅਕੈਡਮੀ ਪੁਰਸਕਾਰ, ਦਿੱਲੀ, ਪੰਜਾਬ ਸਾਹਿਤ ਰਤਨ, ਪੰਜਾਬ ਸਰਕਾਰ ਦੇ ਅਦਾਰੇ ਭਾਸ਼ਾ ਵਿਭਾਗ ਤੇ ਕਈ 'ਵਰਸਿਟੀਆਂ ਵੱਲੋਂ ਡਾਕਟਰੇਟ ਦੀ ਉਪਾਧੀ (ਗਵਰਨਰ ਦੇ ਹੱਥੀਂ) ਤੇ ਹੋਰ ਸਾਹਿਤ ਸਭਾਵਾਂ ਤੇ ਕਲੱਬਾਂ ਵੱਲੋਂ ਤਾਂ ਸੈਂਕੜੇ ਇਨਾਮ-ਸਨਮਾਨ ਮਿਲ ਚੁੱਕੇ ਹਨ। ਨਾਵਲ ਦਾ ਘੇਰਾ ਕੰਵਲ ਸਾਹਿਬ ਨੇ ਬਹੁਤ ਵਿਸ਼ਾਲ ਕੀਤਾ। ਜਸਵੰਤ ਸਿੰਘ ਕੰਵਲ ਇਕ ਫਰਵਰੀ 2020 ਨੂੰ ਸਵੇਰ ਵੇਲੇ ਪਰਲੋਕ ਸਿਧਾਰ ਗਏ ਸਨ।

-ਦਰਸ਼ਨ ਸਿੰਘ ਪ੍ਰੀਤੀਮਾਨ।


## NAME OF CHANGE

I Sodi Singh S / O S. Kabal Singh
VOP Lohian khas
Dist Jalandhar Punjab India,
Presently Residing at
4231 N Cresta Ave Fresno
California 93723,
Has Changed my Name from
Sodi Singh to Sodhi Kaur Singh.
All Concerned please note.

# ਪੁਸਤਕਾਂ ਮੁੱਲ ਖ਼ਰੀਦ ਕੇ ਪੜ੍ਹਨ ਵਾਲੇ ਥੋੜ੍ਹੇ ਹਨ, ਤਾਂ ਵੀ ਪ੍ਰਕਾਸ਼ਕਾਂ ਦਾ ਧੰਦਾ ਜ਼ੋਰਾਂ ਨਾਲ ਚੱਲ ਰਿਹੈ

**-ਮਲਵਿੰਦਰ**

ਮੈਨੂੰ ਬਰੈਂਪਟਨ ਤੋਂ ਅੰਮ੍ਰਿਤਸਰ ਆਇਆਂ ਅਜੇ ਤਿੰਨ ਮਹੀਨੇ ਨਹੀਂ ਹੋਏ। ਇਸ ਅਰਸੇ ਦੌਰਾਨ ਮੈਨੂੰ ਭੇਟ ਹੋਈਆਂ ਕਿਤਾਬਾਂ ਦੀ ਗਿਣਤੀ ਤਿੰਨ ਦਰਜਨ ਤੋਂ ਵੱਧ ਗਈ ਹੈ। ਇਨ੍ਹਾਂ ਕਿਤਾਬਾਂ ਵਿੱਚੋਂ ਕੁਝ ਦੇ ਲੋਕ-ਅਰਪਣ ਸਮਾਗਮ ਵਿਚ ਸ਼ਾਮਲ ਹੋ ਕੇ ਆਪਣੀ ਸੰਖੇਪ ਭੂਮਿਕਾ ਨਿਭਾ ਆਇਆ ਹਾਂ। ਕੁਝ ਦੇ ਰੀਵਿਊ ਲਿਖ ਕੇ ਮੈਗਜ਼ੀਨਾਂ ਨੂੰ ਭੇਜ ਦਿੱਤੇ ਹਨ। ਕੁਝ ਨੂੰ ਨਿੱਠ ਕੇ ਪੜ੍ਹਨਾ ਚਾਹੁੰਦਾ ਹਾਂ ਤੇ ਪੜ੍ਹ ਵੀ ਰਿਹਾ ਹਾਂ। ਫਿਰ ਵੀ ਬਹੁਤ ਸਾਰੀਆਂ ਕਿਤਾਬਾਂ ਅਣ-ਪੜ੍ਹੀਆਂ ਰਹਿ ਜਾਣਗੀਆਂ। ਇਨ੍ਹਾਂ ਅਣ-ਪੜ੍ਹੀਆਂ ਕਿਤਾਬਾਂ ਦੀ ਚੀਸ ਕੋਈ ਨਹੀਂ ਸੁਣੇਗਾ। ਲੇਖਕ ਨੂੰ ਤਸੱਲੀ ਹੁੰਦੀ ਹੈ ਕਿ ਉਸ ਦੀ ਕਿਤਾਬ ਸਾਹਿਤਕ ਦੋਸਤਾਂ ਦੇ ਹੱਥਾਂ ਵਿਚ ਪਹੁੰਚ ਗਈ ਹੈ। ਆਪਣੀ ਸਮਾਜਿਕਤਾ ਨਿਭਾਉਂਦਿਆਂ ਕੋਈ ਕਿੰਨਾ ਕੁ ਪੜ੍ਹ ਸਕਦਾ ਹੈ? ਕਈ ਵਾਰ ਤਾਂ ਸੋਸ਼ਲ ਮੀਡੀਆ ’ਤੇ ਪਈਆਂ ਪੋਸਟਾਂ ਨੂੰ ਪੜ੍ਹਦਿਆਂ ਤੇ ਹੁੰਗਾਰੇ ਭਰਦਿਆਂ ਦਿਨ ਬੀਤ ਜਾਂਦਾ ਹੈ। ਕੋਈ ਹੋਰ ਦਿਨ ਕਿਸੇ ਸਮਾਗਮ ਦੀ ਹਾਜ਼ਰੀ ਭਰਦਿਆਂ ਬੀਤ ਜਾਂਦਾ ਹੈ। ਵੱਡੀ ਰਕਮ ਖ਼ਰਚ ਕਰ ਕੇ ਛਪਵਾਈ ਕਿਤਾਬ ਮੁਫ਼ਤ ਵਿਚ ਭੇਟ ਕਿਉਂ ਕੀਤੀ ਜਾਂਦੀ ਹੈ? ਵੱਡੀ ਗਿਣਤੀ ਵਿਚ ਕਿਤਾਬਾਂ ਭੇਟ ਕਿਉਂ ਹੋ ਰਹੀਆਂ ਹਨ? ਮੁੱਲ ਖ਼ਰੀਦ ਕੇ ਕਿਤਾਬ ਪੜ੍ਹਨ ਦਾ ਰੁਝਾਨ ਖ਼ਤਮ ਕਿਉਂ ਹੋ ਗਿਆ ਹੈ? ਫ਼ਿਕਰ ਵਰਗੇ ਇਹ ਸਵਾਲ ਹਨ। ਗੱਲ ਤਾਂ ਕਰਨੀ ਬਣਦੀ ਹੈ। ਕੈਨੇਡਾ ਤੋਂ ਹੀ ਆਏ ਇਕ ਦੋਸਤ ਨੇ ਪੰਜਾਬ ਵਿਚਲੇ ਇਕ ਨਾਮੀ ਪਬਲਿਸ਼ਰ ਕੋਲੋਂ ਮੋਟੀ ਰਕਮ ਤਾਰ ਕੇ ਆਪਣੀ ਪੁਸਤਕ ਛਪਵਾਈ।

ਵਿਦਵਾਨਾਂ ਦੇ ਇਕ ਗਰੁੱਪ ਨੂੰ ਪੁਸਤਕ ਦੀਆਂ ਕਾਪੀਆਂ ਭੇਟ ਕਰ ਕੇ ਪੁਸਤਕ ਦਾ ਰੂਨੁਮਾਈ ਸਮਾਗਮ ਕਰਵਾਉਣ ਦੀ ਬੇਨਤੀ ਕੀਤੀ। ਬੇਨਤੀ ਪ੍ਰਵਾਨ ਹੋਈ। ਕੁਝ ਹੋਰ ਦੋਸਤਾਂ ਨੂੰ ਪੁਸਤਕ ਭੇਟ ਕਰ ਕੇ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ। ਮਿੱਥੇ ਦਿਨ ਸਮਾਗਮ ਸਫਲਤਾ ਪੂਰਨ ਸੰਪੰਨ ਹੋ ਗਿਆ। ਸਮਾਗਮ ਵਿਚ ਹਾਜ਼ਰ ਕੁਝ ਦੋਸਤ ਜਿਨ੍ਹਾਂ ਨੂੰ ਕਿਤਾਬ ਪ੍ਰਾਪਤ ਨਹੀਂ ਸੀ ਹੋਈ, ਨੂੰ ਵੀ ਕਿਤਾਬ ਭੇਟ ਕੀਤੀ ਗਈ ਅਤੇ ਤਸਵੀਰਾਂ ਖਿਚਵਾਈਆਂ ਗਈਆਂ। ਜਿਹੜੇ ਰਹਿ ਗਏ ਉਨ੍ਹਾਂ ਮੰਗ ਕੇ ਕਿਤਾਬ ਲੈ ਲਈ। ਕੁੱਲ ਮਿਲਾ ਕੇ ਇਹ ਸਮਾਗਮ ਵਿਚਾਰ-ਚਰਚਾ ਨਾਲੋਂ ਵੱਧ ਪੁਸਤਕ ਭੇਟ ਸਮਾਗਮ ਹੋ ਨਿੱਬੜਿਆ। ਇਹ ਕਿਸੇ ਇਕ ਲੇਖਕ, ਕਿਤਾਬ ਜਾਂ ਸਮਾਗਮ ਦੀ ਕਹਾਣੀ ਨਹੀਂ ਹੈ। ਪੰਜਾਬੀ ਸਾਹਿਤ ਵਿਚ ਇਹ ਆਮ ਵਰਤਾਰਾ ਹੈ। ਇਕ ਹੋਰ ਸਮਾਗਮ ਵਿਚ ਇਕ ਬਜ਼ੁਰਗ ਅਤੇ ਪ੍ਰੌੜ ਲੇਖਕ ਉਨ੍ਹਾਂ ਲੋਕਾਂ ਨੂੰ ਵੀ ਕਿਤਾਬਾਂ ਭੇਟ ਕਰ ਰਿਹਾ ਸੀ ਜਿਨ੍ਹਾਂ ਨੂੰ ਉਹ ਜਾਣਦਾ ਤਕ ਨਹੀਂ ਸੀ। ਉਨ੍ਹਾਂ ਦੇ ਨਾਂ ਉਹ ਨੇੜੇ ਬੈਠੇ ਜਾਣਕਾਰਾਂ ਕੋਲੋਂ ਪੁੱਛ-ਪੁੱਛ ਕੇ ਕਿਤਾਬ ਵਿਚ ਲਿਖ ਕੇ ਸਤਿਕਾਰ ਸਹਿਤ ਭੇਟ ਕਰ ਰਿਹਾ ਸੀ। ਭੇਟ ਹੋਈਆਂ ਕਿਤਾਬਾਂ ਕਿੰਨੀਆਂ ਕੁ ਪੜ੍ਹੀਆਂ ਜਾਂਦੀਆਂ ਹਨ, ਇਹ ਇਕ ਵੱਖਰਾ ਵਿਸ਼ਾ ਹੈ। ਗੱਲ ਤਾਂ ਇਸ ਵਿਸ਼ੇ ’ਤੇ ਵੀ ਕਰਨੀ ਬਣਦੀ ਹੈ। ਇਸ ਵਰਤਾਰੇ ਪਿੱਛੇ ਕਾਰਨ ਲੱਭਣ ਲੱਗੀਏ ਤਾਂ ਕਈ ਵਿਚਾਰ ਸਾਹਮਣੇ ਆਉਣਗੇ ਪਰ ਪੰਜਾਬੀ ਸਾਹਿਤ ਨਾਲ ਜੁੜੇ ਲੋਕਾਂ ਲਈ ਇਹ ਫ਼ਿਕਰ ਵਾਲੀ ਗੱਲ ਜ਼ਰੂਰ ਹੈ। ਪੰਜਾਬੀ ਵਿਚ ਲਿਖਣ ਵਾਲੇ ਦਸ ਹਜ਼ਾਰ ਤੋਂ ਵੱਧ ਲੇਖਕ ਹਨ। ਪੰਜਾਬੀ ਕਵਿਤਾ ਦੀ ਕਿਤਾਬ 250 ਛਪਦੀ ਹੈ। ਇਸ ਵਿੱਚੋਂ 200 ਲੇਖਕ/ਸ਼ਾਇਰ ਆਪ ਖ਼ਰੀਦ ਕੇ ਦੋਸਤਾਂ ਨੂੰ ਭੇਟ ਕਰ ਦਿੰਦਾ ਹੈ। ਮੁੱਲ ਖ਼ਰੀਦ ਕੇ ਪੜ੍ਹਨ ਵਾਲਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਫਿਰ ਵੀ ਪਬਲਿਸ਼ਰਾਂ ਦਾ ਧੰਦਾ ਜ਼ੋਰਾਂ ਨਾਲ ਚੱਲ ਰਿਹਾ ਹੈ। ਮੈਂ ਇਕ ਪਬਲਿਸ਼ਰ ਨਾਲ ਇਹ ਫ਼ਿਕਰ ਸਾਂਝਾ ਕੀਤਾ ਤਾਂ ਉਸ ਨੇ ਕਿਹਾ ਕਿ ਖ਼ਰੀਦ ਕੇ ਪੜ੍ਹਨ ਵਾਲੇ ਵੀ ਹਨ, ਤਾਂ ਹੀ ਸਾਡੀ ਦੁਕਾਨਦਾਰੀ ਚੱਲ ਰਹੀ ਹੈ। ਅਸਲ ਕਾਰਨ ਉਸ ਨੇ ਇਹ ਦੱਸਿਆ ਕਿ ਕਿਤਾਬਾਂ ਛਪ ਬਹੁਤ ਜ਼ਿਆਦਾ ਰਹੀਆਂ ਹਨ। ਹੁਣ ਜੇ ਸਾਲ ਵਿਚ ਪੰਜਾਬੀ ਕਵਿਤਾ ਦੀਆਂ ਤਿੰਨ ਸੌ ਕਿਤਾਬਾਂ ਛਪਦੀਆਂ ਹਨ।

ਕੋਈ ਬਹੁਤ ਵੱਡਾ ਪੜ੍ਹਾਕੂ ਇਸ ਵਿੱਚੋਂ ਸਾਲ ਵਿਚ ਤੀਹ ਕਿਤਾਬਾਂ ਪੜ੍ਹ ਲਏਗਾ। ਪੌਣੇ ਤਿੰਨ ਸੌ ਕਿਤਾਬ ਤਾਂ ਅਣਪੜ੍ਹੀ ਰਹਿ ਜਾਵੇਗੀ। ਕਿਤਾਬਾਂ ਪੜ੍ਹਨ ਵਾਲਿਆਂ ਦੇ ਵੀ ਵਰਗ ਹਨ। ਕੁਝ ਇਤਿਹਾਸ ਦੀਆਂ ਕਿਤਾਬਾਂ ਪੜ੍ਹਦੇ ਹਨ। ਕੁਝ ਤਰਕਸ਼ੀਲ ਸੰਸਥਾਵਾਂ ਵੱਲੋਂ ਛਾਪਿਆ ਜਾਂਦਾ ਸਾਹਿਤ ਪੜ੍ਹਦੇ ਹਨ। ਕੁਝ ਧਾਰਮਿਕ ਪੁਸਤਕਾਂ ਪੜ੍ਹਦੇ ਹਨ। ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਪੜ੍ਹਨ ਵਾਲੇ ਥੋੜ੍ਹੇ ਰਹਿ ਜਾਂਦੇ ਹਨ। ਦੂਜਾ ਕਾਰਨ ਕਿਤਾਬ ਤਾਂ ਕਵੀ/ਲੇਖਕ ਦੇ ਪੈਸਿਆਂ ਨਾਲ ਛਪਦੀ ਹੈ। ਪਬਲਿਸ਼ਰ ਦਾ ਤਾਂ ਉੱਪਰ ਠੱਪਾ ਹੀ ਲੱਗਦਾ ਹੈ। ਉਸ ਕੋਲ਼ ਪਈਆਂ ਚਾਲੀ-ਪੰਜਾਹ ਕਿਤਾਬਾਂ ਉਹ ਦੂਜੇ ਪਬਲਿਸ਼ਰਾਂ ਜਾਂ ਲਾਇਬ੍ਰੇਰੀਆਂ ਨੂੰ ਭੇਜ ਛੱਡਦਾ ਹੈ। ਇਸ ਕਾਰੋਬਾਰ ਵਿਚ ਉਸ ਦਾ ਮੁਨਾਫ਼ਾ ਬਣਿਆ ਰਹਿੰਦਾ ਹੈ। ਵੱਡੀ ਗਿਣਤੀ ਵਿਚ ਕਿਤਾਬਾਂ ਕਿਉਂ ਛਪ ਰਹੀਆਂ ਹਨ। ਡਿਜੀਟਲ ਦਾ ਜ਼ਮਾਨਾ ਹੈ। ਤਕਨੀਕ ਵਿਕਸਤ ਹੋਣ ਨਾਲ ਕਿਤਾਬਾਂ ਦੀ ਛਪਾਈ ਸੌਖੀ ਹੋ ਗਈ ਹੈ। ਸਾਧਾਰਨ ਪਰਿਵਾਰ ਦਾ ਲੇਖਕ ਵੀ ਵੀਹ-ਪੱਚੀ ਹਜ਼ਾਰ ਰੁਪਈਆ ਖ਼ਰਚ ਕੇ ਕਿਤਾਬ ਛਪਵਾ ਰਿਹਾ ਹੈ। ਸੋਸ਼ਲ ਮੀਡੀਆ ਨੇ ਉਸ ਅੰਦਰ ਲੇਖਕ ਜਾਂ ਕਵੀ ਹੋਣ ਦਾ ਭਰਮ ਪੈਦਾ ਕਰ ਦਿੱਤਾ ਹੁੰਦਾ ਹੈ। ਕਿਤਾਬ ਛਪਣ ਤੋਂ ਬਾਅਦ ਉਸ ਕਿਤਾਬ ਦੀ ਲੋਕ-ਅਰਪਣ ਰਸਮ ਵੇਲੇ ਬੁਲਾਰਿਆਂ ਵੱਲੋਂ ਕੀਤੀ ਗਈ ਪ੍ਰਸ਼ੰਸਾ ਕਵੀ/ਲੇਖਕ ਦੇ ਭਰਮ ਦੀਆਂ ਜੜ੍ਹਾਂ ਮਜ਼ਬੂਤ ਕਰ ਦਿੰਦੀ ਹੈ। ਆਰਥਿਕ ਪੱਖੋਂ ਸੌਖੇ ਕੁਝ ਲੇਖਕਾਂ ਨੂੰ ਆਪਣੀਆਂ ਕਿਤਾਬਾਂ ਦੀ ਗਿਣਤੀ ਵਧਾਉਣ ਦਾ ਝੱਲ ਹੋ ਜਾਂਦਾ ਹੈ। ਦਰਜਨਾਂ ਦੇ ਹਿਸਾਬ ਨਾਲ ਛਪੀਆਂ ਕਿਤਾਬਾਂ ਦੇ ਲੇਖਕ ਆਮ ਮਿਲ ਜਾਂਦੇ ਹਨ। ਕਿਤਾਬਾਂ ਦੀ ਸੰਪਾਦਨਾ ਕਰਨ ਦਾ ਵਰਤਾਰਾ ਵੀ ਇਨ੍ਹਾਂ ਕਿਤਾਬਾਂ ਦੀ ਗਿਣਤੀ ਵਿਚ ਵਾਧਾ ਕਰ ਰਿਹਾ ਹੈ। ਕਿਸੇ ਸਭਾ ਵੱਲੋਂ ਆਪਣੇ ਮੈਂਬਰਾਂ ਦੀਆਂ ਰਚਨਾਵਾਂ ਇਕੱਠੀਆਂ ਕਰ ਕੇ ਇਕ ਥਾਂ ਛਾਪ ਦੇਣੀਆਂ। ਸੰਪਾਦਤ ਕੀਤੀ ਗਈ ਕਿਤਾਬ ਸੰਪਾਦਨਾ ਦੇ ਮਿਆਰ ਨਾਲ ਕਿੰਨਾ ਕੁ ਇਨਸਾਫ਼ ਕਰਦੀ ਹੈ, ਇਸ ਦੀ ਚਰਚਾ ਨਾ ਹੀ ਕਰੀਏ ਤਾਂ ਚੰਗਾ ਹੈ। ਭੇਟ ਹੋਈ ਕਿਤਾਬ ਦੇ ਸੋਸ਼ਲ ਮੀਡੀਆ ’ਤੇ ਪਏ ਤਾਰੀਫ਼ੀ ਰੀਵਿਊ ਵੀ ਅਗਲੀ ਕਿਤਾਬ ਛਪਣ ਦਾ ਰਾਹ ਖੋਲ੍ਹ ਦਿੰਦੇ ਹਨ। ਕੀ ਕਰੀਏ : ਨਵੇਂ ਲੇਖਕਾਂ ਨੂੰ ਕਿਤਾਬ ਛਪਵਾਉਣ ਦੀ ਕਾਹਲ ਨਹੀਂ ਕਰਨੀ ਚਾਹੀਦੀ। ਕਿਸੇ ਵੀ ਨਵੇਂ ਕਵੀ ਨੂੰ ਕਿਤਾਬ ਛਪਵਾਉਣ ਲਈ ਉਤਸ਼ਾਹਤ ਨਾ ਕਰੀਏ। ਪੜ੍ਹਨ ਲਈ ਉਤਸ਼ਾਹਤ ਕਰੀਏ। ਕਿਤਾਬਾਂ ਦੀ ਗਿਣਤੀ ’ਚ ਵਾਧਾ ਤੁਹਾਨੂੰ ਵੱਡਾ ਲੇਖਕ ਜਾਂ ਕਵੀ ਨਹੀਂ ਬਣਾਉਂਦਾ। ਆਪਣੀ ਛਪੀ ਕਿਤਾਬ ਨੂੰ ਸਾਲ-ਡੇਢ ਸਾਲ ਬਾਅਦ ਦੁਬਾਰਾ ਨਿੱਠ ਕੇ ਪੜ੍ਹੀਏ। ਬਹੁਤ ਕੁਝ ਤੁਹਾਡੀਆਂ ਨਜ਼ਰਾਂ ਵਿਚ ਹੀ ਰੱਦ ਹੋ ਜਾਵੇਗਾ। ਆਪਣੇ ਦਾਇਰੇ ਅੰਦਰਲੇ ਲੇਖਕਾਂ ਦੀ ਪਿੱਠ ਪਲੋਸੀ ਜਾਣੀ ਵੀ ਸਿਰਜਣਸ਼ੀਲਤਾ ਨਾਲ ਖਿਲਵਾੜ ਹੈ। ਆਪਣੇ ਦਾਇਰੇ ਤੋਂ ਬਾਹਰਲੇ ਲੇਖਕ/ਕਵੀ ਦੀ ਅਣਦੇਖੀ ਵੀ ਸਿਹਤਮੰਦ ਵਰਤਾਰਾ ਨਹੀਂ ਹੈ। ਤੁਹਾਡੀ ਕਿਤਾਬ ’ਚ ਇਕ ਵੀ ਹਲਕੀ ਕਵਿਤਾ, ਕਹਾਣੀ, ਲੇਖ ਕਿਉਂ ਹੋਵੇ। ਛਾਂਗਣਾ ਸੁਹੱਪਣ ਸਿਰਜਣਾ ਹੈ। ਵਾਧੂ ਸ਼ਬਦਾਂ, ਸਤਰਾਂ, ਪੈਰਿਆਂ, ਪੰਨਿਆਂ ਨੂੰ ਆਪਣੀ ਲਿਖਤ ’ਚੋਂ ਹਟਾ ਦੇਣ ਨਾਲ ਲਿਖਤ ਭਾਵਪੂਰਤ, ਪ੍ਰਭਾਵੀ ਤੇ ਪੜ੍ਹਨਯੋਗ ਹੋ ਜਾਂਦੀ ਹੈ। ਚੰਗੀ ਰਚਨਾ ਦਾ ਜ਼ਿਕਰ ਕਿਤੇ ਨਾ ਕਿਤੇ ਹੋ ਹੀ ਜਾਂਦਾ ਹੈ। ਆਪਣੀ ਲਿਖਤ ਲਈ ਤਰਲੋਮੱਛੀ ਹੋਣਾ ਹੋਛਾਪਣ ਹੁੰਦਾ ਹੈ। ਚੰਗਾ ਲਿਖੀਏ ਤਾਂ ਚੰਗੇ ਹੁੰਗਾਰੇ ਦੀ ਆਸ ਬਣੀ ਰਹਿੰਦੀ ਹੈ। ਹੜ੍ਹ ਵਾਂਗ ਆਉਂਦੇ ਹੁੰਗਾਰੇ ਲਿਖਤ ਦੇ ਮਿਆਰੀ ਹੋਣ ਦੀ ਗਵਾਹੀ ਨਹੀਂ ਭਰਦੇ। ਤੁਹਾਡਾ ਅਹੁਦਾ, ਸਮਾਜਿਕਤਾ, ਸਨਮਾਨ ਦੇਣ ਵਾਲੀ ਕਿਸੇ ਸੰਸਥਾ ਦਾ ਅਹੁਦੇਦਾਰ ਹੋਣਾ ਜਾਂ ਕਿਸੇ ਸਾਹਿਤਕ ਪਰਚੇ ਦਾ ਸੰਪਾਦਕ ਹੋਣਾ ਵੀ ਥੋਕ ’ਚ ਮਿਲਦੇ ਹੁੰਗਾਰਿਆਂ ਦਾ ਸਬੱਬ ਹੋ ਸਕਦਾ ਹੈ। ਹਰ ਪੱਖ ਨੂੰ ਧਿਆਨ ’ਚ ਰੱਖੀਏ। ਸੁਚੇਤ ਰਹੀਏ। ਸਹਿਜ ਰਹੀਏ। ਹੋਰ ਕੀ ਕਰੀਏ?

# ਵੱਡੀ ਚਿੰਤਾ ਦਾ ਵਿਸ਼ਾ ਹੈ ਘਟਦਾ ਪਾਣੀ, ਸੰਜੀਦਾ ਯਤਨਾਂ ਦੀ ਲੋੜ

**-ਡਾ. ਰਣਜੀਤ ਸਿੰਘ**



ਭਾਰਤ ਸੰਸਾਰ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਹੁਣ ਇਸ ਦੀ ਵਸੋਂ 140 ਕਰੋੜ ਨੂੰ ਪਾਰ ਕਰ ਗਈ ਹੈ। ਜਦੋਂ ਦੇਸ਼ ਆਜ਼ਾਦ ਹੋਇਆ ਸੀ, ਉਦੋਂ ਆਬਾਦੀ ਕੇਵਲ 33 ਕਰੋੜ ਸੀ। ਤੇਜ਼ੀ ਨਾਲ ਹੋਏ ਆਬਾਦੀ ਦੇ ਇਸ ਵਾਧੇ ਕਾਰਨ ਤਿੰਨ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਤੇ ਮਕਾਨ ਦੀ ਪੂਰਤੀ ਲਈ ਦੇਸ਼ ਦੇ ਕੁਦਰਤੀ ਵਸੀਲਿਆਂ ਦੀ ਵੀ ਤੇਜ਼ੀ ਨਾਲ ਵਰਤੋਂ ਕੀਤੀ ਜਾ ਰਹੀ ਹੈ। ਲੋਕਾਂ ਲਈ ਮਕਾਨ ਬਣਾਉਣ ਲਈ ਲੱਖਾਂ ਪਿੰਡ ਉਜਾੜਨੇ ਪਏ ਹਨ। ਇੰਜ ਵਾਹੀ ਹੇਠ ਧਰਤੀ ਘਟ ਰਹੀ ਹੈ ਜਦੋਂ ਕਿ ਭੋਜਨ ਦੀਆਂ ਲੋੜਾਂ ਵਧ ਰਹੀਆਂ ਹਨ। ਜਦੋਂ ਵਸੋਂ ਕੇਵਲ 33 ਕਰੋੜ ਸੀ ਉਦੋਂ ਲੋਕੀਂ ਪਾਣੀ ਦੀ ਸੰਕੋਚਵੀਂ ਵਰਤੋਂ ਕਰਦੇ ਸਨ ਕਿਉਂਕਿ ਪਾਣੀ ਬਿਨਾਂ ਧਰਤੀ ’ਤੇ ਜੀਵਨ ਸੰਭਵ ਨਹੀਂ ਹੈ।

ਹੁਣ ਜਦੋਂ ਆਬਾਦੀ ਇੰਨੀ ਵਧ ਗਈ ਹੈ ਤਾਂ ਪਾਣੀ ਦੀਆਂ ਲੋੜਾਂ ਵੀ ਉਸੇ ਅਨੁਪਾਤ ਵਿਚ ਵਧੀਆਂ ਹਨ। ਇਸ ਦੇ ਨਾਲ ਹੀ ਲੋਕਾਂ ਵਿਚ ਪਾਣੀ ਦੀ ਸੰਕੋਚਵੀਂ ਵਰਤੋਂ ਕਰਨ ਅਤੇ ਪਾਣੀ ਨੂੰ ਦੇਵਤਾ ਸਮਝ ਕੇ ਸਤਿਕਾਰ ਕਰਨਾ ਖ਼ਤਮ ਹੋ ਗਿਆ ਹੈ। ਉਹ ਪਾਣੀ ਦੀ ਖੁੱਲ੍ਹ ਕੇ ਵਰਤੋਂ ਕਰਦੇ ਹਨ। ਸਾਰੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਵੀ ਪਾਣੀ ਦੀ ਅਹਿਮ ਭੂਮਿਕਾ ਹੈ। ਪਾਣੀ ਬਿਨਾਂ ਫ਼ਸਲਾਂ, ਪਸ਼ੂ ਪੰਛੀ, ਰੁੱਖ, ਬੂਟੇ ਕੋਈ ਵੀ ਜੀਵਤ ਨਹੀਂ ਰਹਿ ਸਕਦਾ। ਇੰਜ ਦੇਸ਼ ’ਚ ਪਾਣੀ ਦੀ ਵਰਤੋਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅਸੀਂ ਆਪਣੇ ਦਰਿਆਵਾਂ ਤੇ ਧਰਤੀ ਹੇਠਲੇ ਪਾਣੀ ਦੀ ਬੜੀ ਬੇਦਰਦੀ ਨਾਲ ਵਰਤੋਂ ਕਰ ਰਹੇ ਹਾਂ। ਇਸ ਨਾਲ ਧਰਤੀ ਹੇਠਲਾ ਪਾਣੀ ਮੁੱਕਣ ਦੇ ਨੇੜੇ ਹੈ ਅਤੇ ਦਰਿਆ ਸੁੱਕਣ ਵਾਲੇ ਹਨ। ਮੀਂਹ ਦੇ ਪਾਣੀ ਦੀ ਸੰਭਾਲ ਤੇ ਧਰਤੀ ਹੇਠ ਇਸ ਦੀ ਭਰਪਾਈ ਵੱਲ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ। ਸਾਰੀਆਂ ਗਲੀਆਂ, ਸੜਕਾਂ ਪੱਕੀਆਂ ਹੋ ਗਈਆਂ ਹਨ। ਛੱਪੜ ਅਤੇ ਤਲਾਬ ਪੂਰ ਦਿੱਤੇ ਗਏ ਹਨ। ਦਰਿਆ, ਨਦੀਆਂ ਅਤੇ ਨਾਲਿਆਂ ਦੇ ਵਹਿਣ ਮੋੜ ਦਿੱਤੇ ਗਏ ਹਨ। ਇੰਜ ਧਰਤੀ ਹੇਠ ਬਹੁਤ ਘੱਟ ਪਾਣੀ ਜਾ ਰਿਹਾ ਹੈ। ਪੰਜਾਬ ਜਿਸ ਦਾ ਨਾਮ ਹੀ ਪਾਣੀਆਂ ਦੀ ਹੋਂਦ ਕਰਕੇ ਪਿਆ ਸੀ, ਉਸ ਦਾ ਵੀ ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ ਕਿਉਂਕਿ ਘਰਾਂ ਅਤੇ ਖੇਤਾਂ ਦੀਆਂ ਪਾਣੀ ਦੀਆਂ ਲੋੜਾਂ ਧਰਤੀ ਹੇਠਲੇ ਪਾਣੀ ਨਾਲ ਹੀ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਨਹਿਰੀ ਪਾਣੀ ਨਾਲ ਤਾਂ ਸਿੰਚਾਈ ਮਸਾਂ ਇਕ ਤਿਹਾਈ ਹਿੱਸੇ ਦੀ ਹੀ ਹੁੰਦੀ ਹੈ। ਕੁਝ ਦਿਨ ਪਹਿਲਾਂ ਮੈਨੂੰ ਫਰੈੱਡ ਪੀਆਰਸ ਦੀ ਕਿਤਾਬ ‘ਜਦੋਂ ਦਰਿਆ ਸੁੱਕਦੇ ਹਨ’ ਪੜ੍ਹਨ ਦਾ ਮੌਕਾ ਮਿਲਿਆ। ਲੇਖਕ ਨੇ ਭਾਰਤ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਮੁੱਕ ਰਹੇ ਪਾਣੀ ਦੀ ਬਹੁਤ ਸੁਚੱਜੇ ਢੰਗ ਨਾਲ ਚੇਤਾਵਨੀ ਦਿੱਤੀ ਹੈ। ਇਸ ਪੁਸਤਕ ਦਾ ਪੀਏਯੂ ਦੇ ਇਕ ਪੁਰਾਣੇ ਵਿਦਿਆਰਥੀ ਤੇ ਹੁਣ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਪ੍ਰੋਫੈਸਰ ਗੁਰਰੀਤ ਬਰਾੜ ਨੇ ਪੰਜਾਬੀ ਵਿਚ ਅਨੁਵਾਦ ਕਰਕੇ ਆਪਣੇ ਖ਼ਰਚੇ ’ਤੇ ਛਪਾਈ ਕਰਵਾਈ ਹੈ। ਗੁਰਰੀਤ ਆਪਣੀ ਮਿੱਟੀ ਦਾ ਮੋਹ ਨਹੀਂ ਭੁੱਲਿਆ। ਉਹ ਪੁਸਤਕ ਦੇ ਆਰੰਭ ਵਿਚ ਲਿਖਦਾ ਹੈ, “ਸਾਡੀ ਤਹਿਜ਼ੀਬ ਉਸਾਰਨ ਵਾਲੇ ਪੰਜਾਬ ਦੇ ਸਾਰੇ ਦਰਿਆਵਾਂ ਨੂੰ ਸਮਰਪਿਤ, ਜਿਹੜੇ ਸਿਰਫ਼ ਸਾਡੀ ਸਰਜ਼ਮੀਨ ਉੱਤੇ ਹੀ ਨਹੀਂ ਸਗੋਂ ਮੇਰੇ ਜਿਹੇ ਹਰ ਪੰਜਾਬੀ ਦੇ ਅੰਦਰ ਵੀ ਵਗਦੇ ਨੇ। ਦੁਆ ਹੋਵੇ ਕਿ ਉਨ੍ਹਾਂ ਨੂੰ ਐਸੀ ਕਿਸੇ ਕਿਤਾਬ ਦਾ ਹਿੱਸਾ ਨਾ ਬਣਨਾ ਪਵੇ।” ਪੁਸਤਕ ਵਿਚ ਫਰੈੱਡ ਨੇ ਸਾਰੇ ਸੰਸਾਰ ਵਿਚ ਸੁੱਕ ਗਏ ਅਤੇ ਸੁੱਕ ਰਹੇ ਦਰਿਆਵਾਂ ਦਾ ਵੇਰਵਾ ਦਿੱਤਾ ਹੈ ਅਤੇ ਦਰਿਆਵਾਂ ਨੂੰ ਜਿਊਂਦਿਆਂ ਰੱਖਣ ਲਈ ਅਪੀਲ ਵੀ ਕੀਤੀ ਹੈ। ਪੰਜਾਬ ਵਿਚ ਮੁੱਕ ਰਹੇ ਪਾਣੀ ਲਈ ਅਸੀਂ ਝੋਨੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਾਂ ਪਰ ਇਹ ਭੁੱਲ ਜਾਂਦੇ ਹਾਂ ਕਿ ਸਾਰੀ ਵਸੋਂ ਦਾ ਢਿੱਡ ਭਰਨ ਲਈ ਭੋਜਨ ਤਾਂ ਪੈਦਾ ਕਰਨਾ ਹੀ ਪਵੇਗਾ। ਪਾਣੀ ਤਾਂ ਉਨ੍ਹਾਂ ਫ਼ਸਲਾਂ ਨੂੰ ਵੀ ਚਾਹੀਦਾ ਹੈ ਜਿਹੜੀਆਂ ਝੋਨੇ ਦੀ ਥਾਂ ਬੀਜੀਆਂ ਜਾਣਗੀਆਂ। ਲੇਖਕ ਨੇ ਗੁਜਰਾਤ ਦੇ ਦੁੱਧ ਉਤਪਾਦਕਾਂ ਦਾ ਇਕ ਵੇਰਵਾ ਦਿੱਤਾ ਹੈ ਜਿਹੜਾ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ। ਇਕ ਅਨੁਮਾਨ ਅਨੁਸਾਰ ਭਾਰਤ ਵਿਚ ਸਿੰਚਾਈ ਲਈ ਸਾਲਾਨਾ 20 ਕਰੋੜ ਏਕੜ ਫੁੱਟ ਪਾਣੀ ਧਰਤੀ ਹੇਠੋਂ ਖਿੱਚਿਆ ਜਾਂਦਾ ਹੈ ਜਦੋਂ ਕਿ ਮੀਂਹ ਇਸ ਨਾਲੋਂ ਮਸਾਂ ਅੱਧੀ ਮਾਤਰਾ ਵਿਚ ਹੀ ਪੈਂਦੇ ਹਨ। ਪੰਜਾਬ ਵਿਚ ਕਦੇ ਖੂਹਾਂ ਵਿਚ ਪਾਣੀ ਚਰਸ ਨਾਲ ਕੱਢਿਆ ਜਾਂਦਾ ਸੀ। ਇਹ ਚਮੜੇ ਦਾ ਵੱਡਾ ਬੋਕਾ ਹੁੰਦਾ ਸੀ। ਇਸ ਨੂੰ ਖੂਹ ਵਿਚ ਸੁੱਟਿਆ ਜਾਂਦਾ ਸੀ। ਜਦੋਂ ਇਹ ਪਾਣੀ ਨਾਲ ਭਰ ਜਾਂਦਾ ਸੀ ਤਾਂ ਬਲਦਾਂ ਦੀ ਜੋੜੀ ਇਸ ਨੂੰ ਬਾਹਰ ਖਿੱਚਦੀ ਸੀ। ਇਸ ਨਾਲ ਬਹੁਤ ਘੱਟ ਧਰਤੀ ਦੀ ਸਿੰਚਾਈ ਹੁੰਦੀ ਸੀ। ਮੁੜ ਬਲਦਾਂ ਨਾਲ ਚੱਲਣ ਵਾਲੇ ਹਲਟ ਆ ਗਏ।

ਖੂਹਾਂ ਵਿੱਚੋਂ ਕੋਈ 30-40 ਫੁੱਟ ਡੂੰਘਾਈ ਤੋਂ ਟਿੰਡਾਂ ਰਾਹੀਂ ਪਾਣੀ ਖਿੱਚਿਆ ਜਾਂਦਾ ਸੀ। ਪਰ ਹੁਣ ਟਿਊਬਵੈੱਲ ਬੋਰ ਹਰੇਕ ਸਾਲ ਡੂੰਘੇ ਕਰਨੇ ਪੈ ਰਹੇ ਹਨ। ਮੋਟਰਾਂ ਵੀ ਵੱਡੀਆਂ ਲੱਗ ਰਹੀਆਂ ਹਨ, ਇੰਜ ਬਿਜਲੀ ਦੀ ਖਪਤ ਵਿਚ ਵੀ ਵਾਧਾ ਹੋਇਆ ਹੈ। ਜੇਕਰ ਕਿਸਾਨਾਂ ਨਾਲ ਬਿਜਲੀ ਦਾ ਮਹੀਨੇਵਾਰ ਕੋਟਾ ਮਿੱਥਿਆ ਜਾਵੇ ਤਾਂ ਇਸ ਨਾਲ ਧਰਤੀ ਹੇਠਲੇ ਪਾਣੀ ਦੀ ਕੁਝ ਬੱਚਤ ਹੋ ਸਕਦੀ ਹੈ। ਹੇਠਲੇ ਪੱਧਰ ਤੋਂ ਜਿਹੜਾ ਪਾਣੀ ਕੱਢਿਆ ਜਾ ਰਿਹਾ ਹੈ ਉਸ ਦੀ ਕਦੇ ਵੀ ਭਰਪਾਈ ਨਹੀਂ ਹੋ ਸਕੇਗੀ। ਧਰਤੀ ਹੇਠ ਪਾਣੀ ਜਾਣ ਵਾਲੇ ਅਸੀਂ ਲਗਪਗ ਸਾਰੇ ਸੋਮੇ ਬੰਦ ਕਰ ਦਿੱਤੇ ਹਨ। ਦਰਿਆਵਾਂ, ਬੇਈਆਂ ਦੇ ਪਾਣੀ ਨੂੰ ਬੰਨ੍ਹ ਲਾ ਕੇ ਰੋਕ ਲਿਆ ਹੈ। ਸਾਰੇ ਛੱਪੜ ਪੂਰ ਦਿੱਤੇ ਹਨ। ਗਲੀਆਂ, ਸੜਕਾਂ ਤੇ ਹੋਰ ਖ਼ਾਲੀ ਥਾਂ ਪੱਕੇ ਕਰ ਲਏ ਹਨ। ਮੀਂਹ ਦੇ ਪਾਣੀ ਨੂੰ ਹੇਠ ਭੇਜਣ ਦਾ ਕੋਈ ਉਪਰਾਲਾ ਨਹੀਂ ਕੀਤਾ ਹੈ। ਕਿਸੇ ਸਿਆਣੇ ਆਗੂ ਨੇ ਹਰੇਕ ਖੇਤ ਤਾਈਂ ਨਹਿਰੀ ਪਾਣੀ ਪਹੁੰਚਾਉਣ ਦਾ ਪ੍ਰਬੰਧ ਕੀਤਾ ਸੀ। ਇਨ੍ਹਾਂ ਦੀ ਸਰਕਾਰ ਨੇ ਕਦੇ ਸਫ਼ਾਈ ਨਹੀਂ ਕਰਵਾਈ, ਕੁਝ ਨਹਿਰਾਂ ਪੱਕੀਆਂ ਕਰ ਦਿੱਤੀਆਂ ਹਨ, ਮੀਂਹ ਦਾ ਪਾਣੀ ਇਨ੍ਹਾਂ ਵਿਚ ਭਰਨ ਦਾ ਕਦੇ ਪ੍ਰਬੰਧ ਨਹੀਂ ਕੀਤਾ। ਲੁਧਿਆਣੇ ਤੋਂ ਫਿਲੌਰ ਨੂੰ ਜਾਈਏ ਤਾਂ ਸਤਲੁਜ ਦਰਿਆ ਵਿਚ ਮਸਾਂ ਇਕ ਵੱਡੇ ਟਿਊਬਵੈੱਲ ਜਿੰਨਾ ਪਾਣੀ ਵਗਦਾ ਹੈ। ਸਾਰੀ ਵਸੋਂ ਦਾ ਢਿੱਡ ਭਰਨ ਲਈ ਕੁਦਰਤ ਵੱਲੋਂ ਸਾਨੂੰ ਬਖ਼ਸ਼ੇ ਤੇ ਸਾਡੇ ਵੱਲੋਂ ਵਰਤੇ ਕੁੱਲ ਪਾਣੀ ਦਾ ਅੱਧਿਓਂ ਵੱਧ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ।

ਪੰਜਾਬ ਵਿਚ ਸੀਵਰੇਜ ਦੇ ਪਾਣੀ ਦੀ ਸੁਧਾਈ ਕਰਕੇ ਇਸ ਨੂੰ ਸਿੰਚਾਈ ਲਈ ਵਰਤਣ ਦਾ ਯਤਨ ਨਹੀਂ ਕੀਤਾ ਗਿਆ ਸਗੋਂ ਇਸ ਨੂੰ ਜਾਂ ਤਾਂ ਧਰਤੀ ਹੇਠ ਭੇਜਿਆ ਜਾ ਰਿਹਾ ਹੈ ਜਾਂ ਦਰਿਆਵਾਂ ਵਿਚ ਸੁੱਟਿਆ ਜਾ ਰਿਹਾ ਹੈ। ਇੰਜ ਸਾਡੇ ਦਰਿਆਵਾਂ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਗਿਆ ਹੈ। ਮਾਲਵੇ ਦੇ ਕੁਝ ਇਲਾਕਿਆਂ ਵਿਚ ਇਸੇ ਪਾਣੀ ਨੂੰ ਪੀਣ ਲਈ ਮਜਬੂਰ ਹੋਣਾ ਪੈਂਦਾ ਹੈ ਜਿਸ ਕਾਰਨ ਇਹ ਇਲਾਕਾ ਕੈਂਸਰ ਪੱਟੀ ਬਣ ਗਿਆ ਹੈ। ਭਵਿੱਖ ਵਿਚ ਪਾਣੀ ਸਭ ਤੋਂ ਵੱਡੀ ਸਮੱਸਿਆ ਹੋਵੇਗੀ। ਇਸ ਕਰਕੇ ਸਾਨੂੰ ਆਪਣੇ ਦਰਿਆਵਾਂ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਤੀ ’ਤੇ ਵੱਡੀ ਮਾਤਰਾ ਵਿਚ ਪਾਣੀ ਹੈ। ਇਕ ਅੰਦਾਜ਼ੇ ਅਨੁਸਾਰ ਧਰਤੀ ’ਤੇ 1100 ਖਰਬ ਏਕੜ ਫੁੱਟ ਪਾਣੀ ਹੈ ਪਰ ਇਸ ਦਾ 97% ਤੋਂ ਵਧੇਰੇ ਹਿੱਸਾ ਸਮੁੰਦਰੀ ਪਾਣੀ ਹੈ ਜਿਹੜਾ ਅਸੀਂ ਪੀ ਨਹੀਂ ਸਕਦੇ। ਏਸ਼ੀਆ ਅੰਦਰ ਦੁਨੀਆ ਦੀ ਦੋ-ਤਿਹਾਈ ਆਬਾਦੀ ਵਸਦੀ ਹੈ ਪਰ ਕੁੱਲ ਵਗਦੇ ਪਾਣੀ ਦਾ ਸਿਰਫ਼ ਤੀਜਾ ਹਿੱਸਾ ਹੀ ਇੱਥੇ ਹੈ। ਇਹਦੇ ’ਚੋਂ ਕੋਈ 80% ਪਾਣੀ ਮੌਨਸੂਨ ਰੁੱਤ ਵੇਲੇ ਹੀ ਵਗਦਾ ਹੈ। ਹਰੀ ਕ੍ਰਾਂਤੀ ਨੇ ਅੰਨ ਭੰਡਾਰ ਤਾਂ ਭਰ ਦਿੱਤੇ ਪਰ ਪਾਣੀ ਦੇ ਸੋਮੇ ਖ਼ਾਲੀ ਕਰ ਦਿੱਤੇ। ਆਬਾਦੀ ਦਾ ਢਿੱਡ ਤਾਂ ਭਰ ਦਿੱਤਾ ਪਰ ਪਹਿਲਾਂ ਨਾਲੋਂ ਕੋਈ ਤਿੰਨ ਗੁਣਾ ਵਧੇਰੇ ਪਾਣੀ ਖ਼ਰਚ ਹੋਇਆ। ਅਜਿਹਾ ਕਰਨਾ ਮਜਬੂਰੀ ਹੈ। ਭੋਜਨ ਮਨੁੱਖ ਦੀ ਮੁੱਢਲੀ ਲੋੜ ਹੈ, ਇਸ ਕਰਕੇ ਰੋਟੀ ਦੇਣਾ ਤਾਂ ਹਰ ਸਰਕਾਰ ਦਾ ਪਹਿਲਾ ਫ਼ਰਜ਼ ਬਣਦਾ ਹੈ। ਖ਼ਤਮ ਹੋ ਰਹੇ ਪਾਣੀ ਦੀ ਸੰਭਾਲ ਲਈ ਤੇਜ਼ੀ ਨਾਲ ਵਧ ਰਹੀ ਆਬਾਦੀ ’ਤੇ ਵੀ ਲਗਾਮ ਲਗਾਉਣ ਦੀ ਲੋੜ ਹੈ। ਖੇਤੀ ਖੋਜ ਨੂੰ ਵੀ ਨਵਾਂ ਮੋੜ ਦੇਣ ਦੀ ਲੋੜ ਹੈ। ਅਜਿਹੀਆਂ ਫ਼ਸਲਾਂ ਤੇ ਘੱਟ ਪਾਣੀ ਦੀ ਲੋੜ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਜਾਣ। ਸਿੰਚਾਈ ਦੇ ਨਵੇਂ ਢੰਗ-ਤਰੀਕੇ ਵਿਕਸਤ ਕੀਤੇ ਜਾਣ ਤੇ ਉਨ੍ਹਾਂ ਦੀ ਪਾਲਣਾ ਲਈ ਸੰਜੀਦਾ ਯਤਨ ਕੀਤੇ ਜਾਣ। ਸਾਰੀਆਂ ਨਹਿਰਾਂ ਤੇ ਖਾਲਿਆਂ ਦੀ ਸਫ਼ਾਈ ਕਰਕੇ ਉਨ੍ਹਾਂ ਦੇ ਕੰਢੇ ਮਜ਼ਬੂਤ ਕੀਤੇ ਜਾਣ ਤਾਂ ਜੋ ਮੀਂਹ ਦਾ ਪਾਣੀ ਉੱਥੇ ਖੜ੍ਹਾ ਕੀਤਾ ਜਾ ਸਕੇ। ਪਿੰਡਾਂ ਦੇ ਛੱਪੜਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ।

ਬਾਰਿਸ਼ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਲਈ ਯਤਨ ਕਰਨੇ ਜ਼ਰੂਰੀ ਹਨ। ਫ਼ਿਲਹਾਲ ਇਸ ਪਾਸੇ ਕੋਈ ਖ਼ਾਸ ਯਤਨ ਨਹੀਂ ਹੋ ਰਹੇ ਹਨ। ਗ਼ੈਰ ਖੇਤੀ ਲਈ ਵਰਤੇ ਜਾ ਰਹੇ ਪਾਣੀ ਦੀ ਗ਼ਲਤ ਵਰਤੋਂ ਨੂੰ ਰੋਕਿਆ ਜਾਵੇ ਤੇ ਘੱਟ ਤੋਂ ਘੱਟ ਪਾਣੀ ਨਾਲ ਗੁਜ਼ਾਰਾ ਕਰਨ ਲਈ ਲੋਕਾਂ ਨੂੰ ਸਿੱਖਿਅਤ ਕੀਤਾ ਜਾਵੇ। ਮਈ-ਜੂਨ ’ਚ ਫ਼ਸਲਾਂ ਦੀ ਕਾਸ਼ਤ ਨੂੰ ਉਤਸ਼ਾਹਤ ਨਾ ਕੀਤਾ ਜਾਵੇ। ਦਾਲਾਂ, ਬਾਜਰਾ, ਮੱਕੀ ਆਦਿ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਲਈ ਉਨ੍ਹਾਂ ਦੀ ਘੱਟੋ-ਘੱਟ ਸਮਰਥਨ ਮੁੱਲ ’ਤੇ ਖ਼ਰੀਦ ਯਕੀਨੀ ਬਣਾਈ ਜਾਵੇ। ਬਾਜਰੇ ਤੇ ਬਾਸਮਤੀ ਦੀ ਕਾਸ਼ਤ ਨੂੰ ਮਕਬੂਲ ਬਣਾਇਆ ਜਾਵੇ। ਅਗੇਤਾ ਝੋਨਾ ਲਗਾਉਣ ਦੇ ਰੁਝਾਨ ਨੂੰ ਠੱਲ੍ਹ ਪਾਈ ਜਾਵੇ। ਕਦੇ ਸਰਕਾਰ ਨੇ ਇਸ ’ਤੇ ਰੋਕ ਲਗਾਈ ਸੀ ਜਿਸ ਨਾਲ ਪਾਣੀ ਦੀ ਚੋਖੀ ਬੱਚਤ ਹੋਈ ਸੀ। ਪਿੰਡਾਂ ਦੀਆਂ ਢਾਬਾਂ ਤੇ ਖਾਲਿਆਂ ਦੇ ਕਬਜ਼ੇ ਛੁਡਾ ਕੇ ਮੁੜ ਚਾਲੂ ਕੀਤੇ ਜਾਣ। ਸ਼ਹਿਰਾਂ ਦੇ ਪਾਰਕਾਂ ਵਿਚ ਘਾਹ ਨੂੰ ਪਾਣੀ ਲਗਾਉਣ ਲਈ ਨਿਯਮ ਬਣਾਏ ਜਾਣ ਤਾਂ ਜੋ ਪਾਣੀ ਨੂੰ ਬਚਾਇਆ ਜਾ ਸਕੇ। ਜੇ ਸੰਜੀਦਾ ਯਤਨ ਨਾ ਕੀਤੇ ਗਏ ਤਾਂ ਪੀਣ ਲਈ ਸ਼ੁੱਧ ਪਾਣੀ ਮਿਲਣਾ ਮੁਸ਼ਕਲ ਹੋ ਜਾਵੇਗਾ।

# ਕਾਲੇ ਦਿਨਾਂ ਦੀ ਦਾਸਤਾਨ: ਲੋਕਾਂ 'ਤੇ ਅਸਮਾਨੀ ਬਿਜਲੀ ਵਾਂਗ ਡਿੱਗਿਆ ਐਮਰਜੈਂਸੀ ਦਾ ਐਲਾਨ

ਵਰਿੰਦਰ ਸਿੰਘ ਵਾਲੀਆ



ਜਮਹੂਰੀਅਤ ਦੀ ਤਵਾਰੀਖ਼ ਵਿਚ 25 ਜੂਨ 1975 ਨੂੰ ਕਾਲੇ ਦਿਨ ਵਜੋਂ ਯਾਦ ਕੀਤਾ ਜਾਂਦਾ ਹੈ। ਲੋਕਤੰਤਰ ਦਾ ਸੂਰਜ ਅਸਤ ਹੁੰਦਿਆਂ ਸਾਰ ਲੰਬੇ ਤੇ ਡਰਾਉਣੇ ਪਰਛਾਵੇਂ ਖ਼ਲਕਤ ਨੂੰ ਡਰਾਉਣ ਅਤੇ ਸਤਾਉਣ ਲੱਗ ਪਏ ਸਨ। ਅਣਗਿਣਤ ਕੁਰਬਾਨੀਆਂ ਸਦਕਾ ਹਾਸਲ ਹੋਏ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਵਾਲੇ ਤੁਗ਼ਲਕੀ ਫ਼ਰਮਾਨ ਪਿੱਛੋਂ ਸ਼ੁਰੂ ਹੋਏ ਦਮਨਚੱਕਰ ਕਾਰਨ ਆਮ ਲੋਕਾਂ ਨੂੰ ਅਕਹਿ ਤੇ ਅਸਹਿ ਯਾਤਨਾਵਾਂ ਝੇਲਣੀਆਂ ਪਈਆਂ ਸਨ।

ਮਹਿਜ਼ ਚਾਰ ਸਾਲ ਪਹਿਲਾਂ 1971 ਦੀ ਹਿੰਦ-ਪਾਕਿ ਜੰਗ ਜਿੱਤ ਕੇ ਦੁਨੀਆ ਦੇ ਨਕਸ਼ੇ 'ਤੇ ਬੰਗਲਾਦੇਸ਼ ਨਾਂ ਦਾ ਮੁਲਕ ਹੋਂਦ ਵਿਚ ਲਿਆ ਕੇ ਦੇਸ਼ ਵਾਸੀਆਂ ਦੀਆਂ ਅੱਖਾਂ ਦਾ ਤਾਰਾ ਬਣਨ ਵਾਲੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹੁਣ ਉਨ੍ਹਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਈ ਸੀ। ਸੁਲਘਦੇ ਸਮਿਆਂ ਦੀ ਇਹ ਗਾਥਾ ਅੱਜ ਵੀ ਲੋਕ-ਚੇਤਿਆਂ 'ਤੇ ਖੁਣੀ ਹੋਈ ਹੈ। ਆਜ਼ਾਦੀ ਦੇ 28 ਸਾਲਾਂ ਬਾਅਦ ਆਪਣੇ ਲੋਕ ਆਪਣੀ ਹੀ ਜਨਤਾ 'ਤੇ ਇੰਨਾ ਤਸ਼ੱਦਦ ਢਾਹੁਣਗੇ, ਇਸ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ। ਸੰਨ 1971 ਵਿਚ ਜਿਸ ਪ੍ਰਧਾਨ ਮੰਤਰੀ ਨੂੰ 'ਫ਼ੌਲਾਦੀ ਔਰਤ' ਜਾਂ 'ਦੁਰਗਾ' ਦੇ ਲਕਬ ਨਾਲ ਸਤਿਕਾਰਿਆ ਗਿਆ ਸੀ, ਉਸ ਵੱਲੋਂ ਜਮਹੂਰੀ ਅਧਿਕਾਰਾਂ ਦੇ ਹਨਨ ਵਾਲਾ ਫ਼ੈਸਲਾ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਸੀ।

ਇਕ ਸਮਾਂ ਸੀ ਜਦੋਂ ਇੰਦਰਾ ਨੂੰ 'ਗੂੰਗੀ ਗੁੜੀਆ' ਕਿਹਾ ਜਾਂਦਾ ਸੀ। ਉਹ ਹੱਦ ਦਰਜੇ ਦੀ ਸ਼ਰਮਾਕਲ ਸੀ ਤੇ ਵੱਡਿਆਂ ਦੇ ਸਾਹਮਣੇ ਜ਼ੁਬਾਨ ਨਹੀਂ ਸੀ ਖੋਲ੍ਹਦੀ। ਕਾਂਗਰਸ ਦੇ 'ਕਿੰਗ ਮੇਕਰ' ਵਜੋਂ ਮਕਬੂਲ ਕਾਮਰਾਜ ਨੇ ਇਸੇ ਕਰਕੇ ਉਸ ਨੂੰ ਪ੍ਰਧਾਨ ਮੰਤਰੀ ਬਣਾਉਣ ਦੇ ਹੱਕ ਵਿਚ ਆਪਣੀਆਂ ਗੋਟੀਆਂ ਖੇਡੀਆਂ ਸਨ। ਕਾਮਰਾਜ ਨੂੰ ਲੱਗਦਾ ਸੀ ਕਿ ਮੁਰਾਰਜੀ ਦੇਸਾਈ ਸਣੇ ਹੋਰ ਕਈ ਘਾਗ ਨੇਤਾਵਾਂ ਦੇ ਮੁਕਾਬਲੇ ਇੰਦਰਾ ਗਾਂਧੀ ਬਿਹਤਰ ਰਹੇਗੀ। ਕਿਸੇ ਦੇ ਖ਼ਾਬ ਵਿਚ ਵੀ ਨਹੀਂ ਸੀ ਕਿ 1966 ਤੋਂ 1977 ਤਕ ਰਾਜ ਕਰਨ ਵਾਲੀ ਦੇਸ਼ ਦੀ ਤੀਜੀ ਪ੍ਰਧਾਨ ਮੰਤਰੀ ਤਮਾਮ ਹੰਢੇ-ਵਰਤੇ ਨੇਤਾਵਾਂ ਨੂੰ ਧੂੜ ਚਟਾਉਣ ਦੀ ਸਮਰੱਥਾ ਰੱਖਦੀ ਹੈ।

ਪ੍ਰਧਾਨ ਮੰਤਰੀ ਬਣਦਿਆਂ 'ਗੂੰਗੀ ਗੁੜੀਆ' ਬੱਦਲਾਂ ਵਾਂਗ ਗਰਜਦੀ ਤਾਂ ਉਸ ਦੇ ਸਿਆਸੀ ਵਿਰੋਧੀ ਠਠੰਬਰ ਜਾਂਦੇ ਸਨ। ਐਮਰਜੈਂਸੀ ਦੇ ਐਲਾਨ ਤੋਂ ਪਹਿਲਾਂ ਇੰਦਰਾ ਗਾਂਧੀ ਨੇ ਜੁਡੀਸ਼ੀਅਰੀ ਨਾਲ ਸਿੰਙ ਫਸਾ ਲਏ ਸਨ। ਇੰਦਰਾ ਗਾਂਧੀ ਨੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਹਿੱਤ ਰਜਵਾੜਿਆਂ ਦੀਆਂ ਪੈਨਸ਼ਨਾਂ ਬੰਦ ਕਰ ਦਿੱਤੀਆਂ ਜਿਸ ਕਰਕੇ ਸ਼ਾਹੀ ਘਰਾਣਿਆਂ 'ਚ ਹਾਹਾਕਾਰ ਮਚ ਗਈ। ਇਸ ਤੋਂ ਇਲਾਵਾ 14 ਪ੍ਰਾਈਵੇਟ ਬੈਂਕਾਂ ਦੇ ਰਾਸ਼ਟਰੀਕਰਨ ਦੇ ਐਲਾਨ ਨੇ ਵੀ ਇੰਦਰਾ ਗਾਂਧੀ ਦੇ ਵਿਰੋਧੀਆਂ ਵਿਚ ਵਾਧਾ ਕੀਤਾ। ਇਨ੍ਹਾਂ ਫ਼ੈਸਲਿਆਂ ਨੂੰ ਉੱਚਤਮ ਅਦਾਲਤ ਵਿਚ ਚੁਣੌਤੀ ਦਿੱਤੀ ਗਈ। ਮੁਰਾਰਜੀ ਦੇਸਾਈ ਨੇ ਬੈਂਕਾਂ ਦੇ ਰਾਸ਼ਟਰੀਕਰਨ ਦਾ ਵਿਰੋਧ ਕੀਤਾ ਤਾਂ ਉਸ ਕੋਲੋਂ ਵਿੱਤ ਮੰਤਰਾਲਾ ਖੋਹ ਕੇ ਆਰਡੀਨੈਂਸ ਲਿਆਂਦਾ ਗਿਆ। ਜਦੋਂ ਸੁਪਰੀਮ ਕੋਰਟ ਨੇ ਇੰਦਰਾ ਗਾਂਧੀ ਦੇ ਆਪਹੁਦਰੇ ਫ਼ੈਸਲਿਆਂ ਵਿਰੁੱਧ ਫ਼ੈਸਲੇ ਦੇਣੇ ਸ਼ੁਰੂ ਕਰ ਦਿੱਤੇ ਤਾਂ ਉਸ ਨੇ ਜੱਜਾਂ ਨਾਲ ਆਢਾ ਲਾਉਣ ਦੀ ਠਾਣ ਲਈ। ਜਮਹੂਰੀਅਤ ਦੇ ਤਿੰਨ ਥੰਮ੍ਹ ਆਪਸ ਵਿਚ ਭਿੜਨ ਲੱਗੇ ਤਾਂ ਚੌਥਾ ਥੰਮ੍ਹ ਪ੍ਰੈੱਸ ਇੰਦਰਾ ਗਾਂਧੀ ਦੀ ਆਲੋਚਨਾ ਕਰਨ ਲਈ ਪਿੜ ਵਿਚ ਕੁੱਦ ਪਿਆ।

'ਗੂੰਗੀ ਗੁੜੀਆ' ਤੋਂ 'ਫ਼ੌਲਾਦੀ ਔਰਤ' ਦਾ ਲਕਬ ਹਾਸਲ ਕਰਨ ਵਾਲੀ ਇੰਦਰਾ ਹਰ ਹਾਲਤ ਵਿਚ ਪਾਰਲੀਮੈਂਟ ਨੂੰ ਜਮਹੂਰੀਅਤ ਦੇ ਬਾਕੀ ਤਿੰਨ ਥੰਮ੍ਹਾਂ ਤੋਂ ਉੱਪਰ ਸਾਬਿਤ ਕਰਨਾ ਚਾਹੁੰਦੀ ਸੀ। ਇੰਦਰਾ ਦੇ ਅੰਦਰ ਰਿੱਝ ਰਹੇ ਲਾਵੇ ਨੇ ਉਦੋਂ ਉਬਾਲਾ ਖਾਧਾ ਜਦੋਂ 12 ਜੂਨ 1975 ਨੂੰ ਇਲਾਹਾਬਾਦ ਹਾਈ ਕੋਰਟ ਨੇ ਉਸ ਨੂੰ 1971 ਵਿਚ ਰਾਏਬਰੇਲੀ ਲੋਕ ਸਭਾ ਚੋਣ ਵੇਲੇ ਧਾਂਦਲੀਆਂ ਮਚਾਉਣ ਦਾ ਦੋਸ਼ੀ ਕਰਾਰ ਦੇ ਦਿੱਤਾ। ਇਹ ਇਤਿਹਾਸਕ ਫ਼ੈਸਲਾ ਆਜ਼ਾਦੀ ਸੰਗਰਾਮੀਏ ਰਾਜ ਨਾਰਾਇਣ ਦੀ ਰਿੱਟ ਪਟੀਸ਼ਨ 'ਤੇ ਦਿੱਤਾ ਗਿਆ ਜੋ ਇੰਦਰਾ ਗਾਂਧੀ ਦੇ ਮੁਕਾਬਲੇ ਚੋਣ ਹਾਰ ਗਿਆ ਸੀ।

ਸਰਕਾਰੀ ਮਸ਼ੀਨਰੀ ਦੀ ਵਰਤੋਂ ਤੋਂ ਇਲਾਵਾ ਮੁੱਖ ਦੋਸ਼ ਇਹ ਸੀ ਕਿ ਇੰਦਰਾ ਗਾਂਧੀ ਨੇ ਯਸ਼ਪਾਲ ਕਪੂਰ ਨਾਂ ਦੇ ਸਰਕਾਰੀ ਅਧਿਕਾਰੀ ਨੂੰ ਆਪਣਾ ਚੋਣ ਏਜੰਟ ਬਣਾਇਆ ਸੀ ਜਿਸ ਦੇ ਪੁਖਤਾ ਸਬੂਤ ਸਨ। ਸੰਨ 1971 ਵਿਚ 'ਗ਼ਰੀਬੀ ਹਟਾਓ, ਦੇਸ਼ ਬਚਾਓ' ਨਾਅਰੇ ਨੂੰ ਪਰਣਾਈ ਪ੍ਰਧਾਨ ਮੰਤਰੀ ਲਈ ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਫ਼ੈਸਲੇ ਨਾਗਵਾਰਾ ਸਨ। ਇੰਦਰਾ ਗਾਂਧੀ ਬਾਰੇ ਪਟੀਸ਼ਨ ਜਦੋਂ 13 ਜੱਜਾਂ ਦੇ ਬੈਂਚ ਨੇ ਸੁਣੀ ਤਾਂ ਸੱਤ ਜੱਜਾਂ ਨੇ ਉਸ ਦੇ ਹੱਕ ਵਿਚ ਫ਼ੈਸਲਾ ਦੇ ਦਿੱਤਾ। ਸੁਪਰੀਮ ਕੋਰਟ ਦਾ ਚੀਫ ਜਸਟਿਸ ਜਦੋਂ ਸੇਵਾ ਮੁਕਤ ਹੋਇਆ ਤਾਂ ਇੰਦਰਾ ਗਾਂਧੀ ਨੇ ਤਿੰਨ ਜੱਜਾਂ ਦੀ ਸੀਨੀਆਰਟੀ ਨੂੰ ਅੱਖੋਂ-ਪਰੋਖੇ ਕਰ ਕੇ ਉਸ ਜੱਜ ਨੂੰ ਪ੍ਰਮੋਟ ਕੀਤਾ ਜਿਸ ਨੇ ਪ੍ਰਧਾਨ ਮੰਤਰੀ ਦੇ ਹੱਕ ਵਿਚ ਫ਼ੈਸਲਾ ਦਿੱਤਾ ਸੀ। ਇਸ ਤੋਂ ਖ਼ਫ਼ਾ ਹੋ ਕੇ ਤਿੰਨ ਸੀਨੀਅਰ ਜੱਜ ਅਸਤੀਫ਼ਾ ਦੇ ਗਏ। ਅਦਾਲਤਾਂ ਵਿਚ ਸਿੱਧੀ ਦਖ਼ਲਅੰਦਾਜ਼ੀ ਨੇ ਜਮਹੂਰੀਅਤ ਦੇ ਥੰਮ੍ਹਾਂ ਵਿਚਾਲੇ ਟਕਰਾਅ ਪੈਦਾ ਕਰ ਦਿੱਤਾ। ਇਸ ਤੋਂ ਇਲਾਵਾ ਦੇਸ਼ ਵਿਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਘਪਲੇਬਾਜ਼ੀ ਦੇ ਦੈਂਤ ਦਨਦਨਾਉਣ ਲੱਗੇ। ਦਰਵੇਸ਼ ਸਿਆਸਤਦਾਨ ਜੈਪ੍ਰਕਾਸ਼ ਨਾਰਾਇਣ ਅਤੇ ਹੋਰ ਸਿਆਸੀ ਧੁਰੰਤਰਾਂ ਨੇ ਇੰਦਰਾ ਗਾਂਧੀ ਵਿਰੁੱਧ ਜਹਾਦ ਛੇੜ ਦਿੱਤਾ। ਗੁਜਰਾਤ ਤੇ ਬਿਹਾਰ ਦੀਆਂ ਸਰਕਾਰਾਂ ਤੋੜਨੀਆਂ ਪਈਆਂ। ਦੇਸ਼ ਭਰ ਵਿਚ ਇੰਦਰਾ ਗਾਂਧੀ ਵਿਰੁੱਧ ਅੰਦੋਲਨ ਸ਼ੁਰੂ ਹੋ ਗਏ।

ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਤੋਂ ਮੋਰਚਾ ਸ਼ੁਰੂ ਕਰ ਕੇ ਇੰਦਰਾ ਗਾਂਧੀ ਦੇ ਨੱਕ ਵਿਚ ਦਮ ਕਰ ਦਿੱਤਾ। ਇਸ ਦਾ ਖ਼ਮਿਆਜ਼ਾ ਉਨ੍ਹਾਂ ਨੂੰ ਬਾਅਦ ਵਿਚ ਭੁਗਤਣਾ ਪਿਆ। ਕਈ ਥਾਈਂ ਸਾੜ-ਫੂਕ, ਪੱਥਰਬਾਜ਼ੀ ਅਤੇ ਹਿੰਸਕ ਘਟਨਾਵਾਂ ਨੇ ਕਾਨੂੰਨ-ਵਿਵਸਥਾ ਨੂੰ ਤਹਿਸ-ਨਹਿਸ ਕਰ ਦਿੱਤਾ। ਪਾਕਿਸਤਾਨ ਦੇ ਦੋ ਟੁਕੜੇ ਕਰ ਕੇ ਬੰਗਲਾਦੇਸ਼ ਬਣਾਉਣ ਵਾਲੀ ਇੰਦਰਾ ਖ਼ਿਲਾਫ਼ ਦੇਸ਼-ਵਿਆਪੀ ਰੋਹ ਭੜਕ ਪਿਆ ਸੀ। ਪ੍ਰਧਾਨ ਮੰਤਰੀ ਦੇ ਛੋਟੇ ਫ਼ਰਜ਼ੰਦ ਸੰਜੇ ਗਾਂਧੀ, ਉਸ ਦੇ ਮਿੱਤਰ ਬੰਸੀ ਲਾਲ ਅਤੇ ਹੋਰ ਨਿਕਟ ਵਰਤੀਆਂ ਦੀ ਸਿਆਸਤ ਵਿਚ ਬੇਹੱਦ ਦਖ਼ਲਅੰਦਾਜ਼ੀ ਨੇ ਇੰਦਰਾ ਗਾਂਧੀ ਦੀ ਛਬੀ ਦਾਗ਼ਦਾਰ ਕਰ ਦਿੱਤੀ ਸੀ।

ਪਾਣੀ ਸਿਰ ਤੋਂ ਲੰਘਣ ਲੱਗਿਆ ਤਾਂ ਇੰਦਰਾ ਗਾਂਧੀ ਨੇ ਆਪਣੇ ਬਚਪਨ ਦੇ ਦੋਸਤ, ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸਿਧਾਰਥ ਸ਼ੰਕਰ ਰੇਅ ਨੂੰ ਤੁਰੰਤ ਦਿੱਲੀ ਬੁਲਾਇਆ। ਲੰਬੇ ਵਿਚਾਰ-ਵਿਮਰਸ਼ ਪਿੱਛੋਂ ਕਾਨੂੰਨੀ ਮਾਹਿਰ ਵਜੋਂ ਜਾਣੇ ਜਾਂਦੇ ਰੇਅ ਨੇ ਇੰਦਰਾ ਨੂੰ ਮਸ਼ਵਰਾ ਦਿੱਤਾ ਕਿ ਸੰਵਿਧਾਨ ਦੀ ਧਾਰਾ 352 ਤਹਿਤ ਦੇਸ਼ ਵਿਚ ਐਮਰਜੈਂਸੀ ਲਗਾਈ ਜਾ ਸਕਦੀ ਹੈ। ਇੰਦਰਾ ਦੀ ਮਾਨਸਿਕ ਅਵਸਥਾ ਅਜਿਹੀ ਸੀ ਕਿ ਉਹ ਕਿਸੇ ਵੀ ਹਾਲਤ ਵਿਚ ਸੱਤਾ ਤੋਂ ਅਲੱਗ ਨਹੀਂ ਸੀ ਹੋਣਾ ਚਾਹੁੰਦੀ।


ਐਮਰਜੈਂਸੀ ਲਗਾਉਣ ਦਾ ਮਸ਼ਵਰਾ ਇੰਦਰਾ ਗਾਂਧੀ ਨੂੰ ਪਸੰਦ ਆਇਆ। ਆਪਣੇ ਸਿਆਸੀ ਵਿਰੋਧੀਆਂ ਨੂੰ ਟਿਕਾਣੇ ਲਗਾਉਣ ਲਈ ਉਸ ਨੇ ਜਦੋਂ 25 ਜੂਨ 1975 ਨੂੰ ਆਲ ਇੰਡੀਆ ਰੇਡੀਓ ਤੋਂ ਐਮਰਜੈਂਸੀ ਦਾ ਐਲਾਨ ਕੀਤਾ ਤਾਂ ਲੋਕਾਂ 'ਤੇ ਇਹ ਅਸਮਾਨੀ ਬਿਜਲੀ ਵਾਂਗ ਡਿੱਗਿਆ। ਲੋਕਤੰਤਰ ਨੂੰ ਗ੍ਰਹਿਣ ਲੱਗ ਗਿਆ ਸੀ। ਦੂਰਦਰਸ਼ਨ ਅਤੇ ਰੇਡੀਓ ਦੀ ਰੱਜ ਕੇ ਦੁਰਵਰਤੋਂ ਕੀਤੀ ਗਈ। ਅਖ਼ਬਾਰਾਂ ਦੇ ਦਫ਼ਤਰਾਂ ਤੇ ਪ੍ਰਿੰਟਿੰਗ ਪ੍ਰੈੱਸਾਂ ਦੀ ਬਿਜਲੀ ਰਾਤੋ-ਰਾਤ ਕੱਟ ਦਿੱਤੀ ਗਈ।

ਉਸ ਦਿਨ 'ਹਿੰਦੁਸਤਾਨ ਟਾਈਮਜ਼' ਅਤੇ ਇਕ-ਅੱਧੀ ਹੋਰ ਅਖ਼ਬਾਰ ਨੂੰ ਛੱਡ ਕੇ ਕੋਈ ਅਖ਼ਬਾਰ ਨਾ ਛਪ ਸਕਿਆ। ਲੋਕਾਂ ਨੂੰ ਸਰਕਾਰੀ ਮੀਡੀਆ ਰਾਹੀਂ ਇਕਤਰਫ਼ਾ ਸੂਚਨਾਵਾਂ ਪਰੋਸੀਆਂ ਜਾ ਰਹੀਆਂ ਸਨ। ਐਮਰਜੈਂਸੀ ਦੇ ਐਲਾਨ ਤੋਂ ਬਾਅਦ ਅਖ਼ਬਾਰਾਂ ਦੇ ਦਫ਼ਤਰਾਂ ਅੰਦਰ ਲੋਕ ਸੰਪਰਕ ਅਧਿਕਾਰੀ ਬਿਠਾਏ ਗਏ ਜੋ ਹਰ ਉਸ ਖ਼ਬਰ ਨੂੰ ਰੋਕ ਦਿੰਦੇ ਜਿਸ ਵਿਚ ਸਰਕਾਰ ਦੀ ਆਲੋਚਨਾ ਹੁੰਦੀ। ਸੈਂਸਰ ਕੀਤੀਆਂ ਖ਼ਬਰਾਂ ਵਾਲੀ ਜਗ੍ਹਾ ਖ਼ਾਲੀ ਰੱਖ ਕੇ ਅਖ਼ਬਾਰ ਛਪਣੇ ਸ਼ੁਰੂ ਹੋਏ ਤਾਂ ਪਾਠਕਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਕੋਲੋਂ ਕੁਝ ਛੁਪਾਇਆ ਜਾ ਰਿਹਾ ਹੈ। ਖ਼ਾਲੀ ਥਾਵਾਂ ਚੀਕਣ ਲੱਗੀਆਂ।

ਅਜਿਹੇ ਹਾਲਾਤ ਵਿਚ ਸਿਰਜੇ ਜਾ ਰਹੇ ਹਿਰਦੇਵੇਧਕ ਬਿਰਤਾਂਤ ਨੇ ਇੰਦਰਾ ਗਾਂਧੀ ਵਿਰੁੱਧ ਜ਼ਬਰਦਸਤ ਲੋਕ ਰਾਇ ਬਣਾਉਣੀ ਆਰੰਭ ਕਰ ਦਿੱਤੀ। ਖ਼ੁਰੀਆਂ ਵਾਲੇ ਬੂਟਾਂ ਨਾਲ ਦਰੜੇ ਜਾ ਰਹੇ ਮਨੁੱਖੀ ਅਧਿਕਾਰਾਂ ਨੇ ਲਾਮਿਸਾਲ ਜਨ-ਅੰਦੋਲਨ ਨੂੰ ਜਨਮ ਦਿੱਤਾ। ਦੋ ਸਾਲਾਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿਚ ਇੰਦਰਾ ਗਾਂਧੀ ਦੀ ਸੱਤਾਧਾਰੀ ਪਾਰਟੀ ਬੁਰੀ ਤਰ੍ਹਾਂ ਚੋਣ ਹਾਰ ਗਈ। ਲੋਕਤੰਤਰ ਦਾ ਸੂਰਜ ਫਿਰ ਉਦੈ ਹੋਇਆ। ਜਨਤਾ ਪਾਰਟੀ ਦੀ ਸਰਕਾਰ ਬਣੀ। ਕੁਝ ਮਹੀਨਿਆਂ ਪਿੱਛੋਂ ਇੰਦਰਾ ਗਾਂਧੀ ਨੂੰ ਇਕ ਦਿਨ ਲਈ 'ਪੁਲਿਸ ਮੈੱਸ' ਨਵੀਂ ਦਿੱਲੀ ਵਿਚ ਕੈਦ ਰੱਖਿਆ ਗਿਆ। ਅਗਲੇ ਦਿਨ ਉਸ ਨੂੰ ਜ਼ਮਾਨਤ ਮਿਲੀ। ਇੰਦਰਾ ਦਾ ਮੁਕੱਦਰ ਫਿਰ ਬੁਲੰਦ ਹੋਣਾ ਸ਼ੁਰੂ ਹੋਇਆ। ਸੰਨ 1980 'ਚ ਮੱਧਕਾਲੀ ਚੋਣਾਂ ਮਗਰੋਂ ਉਹ ਮੁੜ ਸੱਤਾ 'ਤੇ ਭਾਵੇਂ ਕਾਬਜ਼ ਹੋ ਗਈ ਫਿਰ ਵੀ ਐਮਰਜੈਂਸੀ ਦੇ ਕਾਲੇ ਧੱਬਿਆਂ ਨੇ ਉਸ ਦਾ ਪਿੱਛਾ ਕਦੇ ਨਾ ਛੱਡਿਆ।

# ਪਰਿਵਾਰ ਨੂੰ ਮੱਦੇਨਜ਼ਰ ਰੱਖਦਿਆਂ ਨਸ਼ਿਆਂ ਦਾ ਛੱਡੀਏ ਖਹਿੜਾ

-ਲਲਿਤ ਗੁਪਤਾ



ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ 26 ਜੂਨ ਨੂੰ ਨਸ਼ਾ ਵਿਰੋਧੀ ਅਤੇ ਨਸ਼ੇ ਦੀ ਗ਼ੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ ਜਾਂਦਾ ਹੈ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਨਸ਼ੇ ਦੀ ਲਤ ਜਾਂ ਬਹੁਤ ਜ਼ਿਆਦਾ ਸੇਵਨ ਸਾਡੀ ਮਾਨਸਿਕ ਤੇ ਸਰੀਰਕ ਸਿਹਤ ਲਈ ਕਿਵੇਂ ਘਾਤਕ ਸਾਬਤ ਹੁੰਦਾ ਹੈ। ਨਸ਼ੇ ਗੁਰਦੇ ਤੇ ਜਿਗਰ ਦੇ ਨਾਲ-ਨਾਲ ਦਿਲ ਨੂੰ ਵੀ ਨੁਕਸਾਨ ਪਹੁੰਚਾਉਣ ਦਾ ਕੰਮ ਕਰਦੇ ਹਨ, ਜਿਸ ਨਾਲ ਸਰੀਰ ਅੰਦਰੋਂ ਖੋਖਲਾ ਹੋ ਜਾਂਦਾ ਹੈ। ਇਹ ਭਰਮ, ਕਿਸੇ ਕੰਮ ਨੂੰ ਕਰਨ ਦਾ ਭੁਲੇਖਾ ਤੇ ਮਾਨਸਿਕ ਕਮਜ਼ੋਰੀ ਦੇ ਨਾਲ-ਨਾਲ ਤਣਾਅ ਦਾ ਕਾਰਨ ਵੀ ਬਣਦਾ ਹੈ। ਇਸ ਦੀ ਓਵਰਡੋਜ਼ ਮੌਤ ਦਾ ਕਾਰਨ ਵੀ ਬਣ ਸਕਦੀ ਹੈ।

ਨਸ਼ੇ ਕਾਰਨ ਸਾਡਾ ਦਿਮਾਗ ਠੀਕ ਤਰ੍ਹਾਂ ਕੰਮ ਕਰਨਾ ਬੰਦ ਕਰ ਦਿੰਦਾ ਹੈ। ਨੈਸ਼ਨਲ ਇੰਸਟੀਚਿਊਟ ਆਨ ਡਰੱਗ ਐਬਿਊਜ਼ (ਐੱਨਆਈਡੀਏ) ਦੀ ਰਿਪੋਰਟ ਅਨੁਸਾਰ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਨਾਲ ਬ੍ਰੇਨ ਸਟੈਮ, ਲਿਮਬਿਕ ਸਿਸਟਮ ਅਤੇ ਸੇਰੇਬ੍ਰਲ ਕਾਰਟੈਕਸ ਸਾਰੇ ਪ੍ਰਭਾਵਿਤ ਹੁੰਦੇ ਹਨ। ਮਾਰਿਜੁਆਨਾ ਜਾਂ ਭੰਗ (ਗਾਂਜਾ) ਸਭ ਤੋਂ ਵੱਧ ਮਾਤਰਾ 'ਚ ਆਮ ਤੌਰ 'ਤੇ ਵਰਤੇ ਜਾਣ ਵਾਲੇ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ 'ਚੋਂ ਇਕ ਹੈ। ਇਸ ਦੀ ਜ਼ਿਆਦਾ ਵਰਤੋਂ ਸਰੀਰ ਦੀਆਂ ਮੋਟਰ ਐਕਟਿਵਿਟੀਜ਼, ਮੂਡ 'ਚ ਤਬਦੀਲੀਆਂ, ਯਾਦਦਾਸ਼ਤ 'ਚ ਕਮੀ ਅਤੇ ਸਪੱਸ਼ਟ ਤੌਰ 'ਤੇ ਸੋਚਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ 'ਚ ਮੁਸ਼ਕਲਾਂ ਪੈਦਾ ਕਰ ਸਕਦੀ ਹੈ। ਮਾਦਾ ਕੈਨਾਬਿਸ ਪੌਦੇ ਦੇ ਫੁੱਲਾਂ, ਆਲੇ-ਦੁਆਲੇ ਦੇ ਪੱਤਿਆਂ ਅਤੇ ਤਣਿਆਂ ਨੂੰ ਸੁਕਾ ਕੇ ਬਣਾਇਆ ਗਿਆ ਭੰਗ ਸਭ ਤੋਂ ਆਮ ਵਰਤੋਂ ਵਾਲਾ ਹੈ। ਗਾਂਜੇ ਦਾ ਸੇਵਨ ਕਰਨ ਨਾਲ ਇਨਸਾਨ ਦਾ ਉਤਸ਼ਾਹ ਇਕ ਵਾਰ ਵਧ ਜਾਂਦਾ ਹੈ। ਭੰਗ ਦੇ ਨਾਲ ਮਿਲਾਇਆ ਤੰਬਾਕੂ ਕੈਂਸਰ ਦਾ ਮੁੱਖ ਕਾਰਨ ਹੈ। ਗਾਂਜੇ ਦੇ ਆਦੀ ਲੋਕਾਂ ਦੇ ਚਿਹਰਿਆਂ 'ਤੇ ਕਾਲੇ ਧੱਬੇ ਪੈ ਜਾਂਦੇ ਹਨ। ਕੋਕੀਨ, ਮੇਥਾਮਫੇਟਾਮਾਈਨ ਅਤੇ ਹੋਰ ਉਤੇਜਕ ਕੇਂਦਰੀ ਨਸ ਪ੍ਰਣਾਲੀ ਦੀ ਗਤੀ ਨੂੰ ਪ੍ਰਭਾਵਿਤ ਕਰਦੇ ਹਨ। ਇਹ ਦਿਲ ਦੀ ਧੜਕਣ, ਸਰੀਰ ਦਾ ਤਾਪਮਾਨ ਅਤੇ ਬਲੱਡ ਪ੍ਰੈਸ਼ਰ ਵਧਾਉਂਦੇ ਹਨ। ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਪਦਾਰਥਾਂ ਦੀ ਵਰਤੋਂ ਊਰਜਾ ਦੇ ਪੱਧਰ, ਫੋਕਸ, ਚੌਕਸੀ ਅਤੇ ਜਾਗਰੂਕਤਾ ਨੂੰ ਵੀ ਵਧਾਉਂਦਾ ਹੈ ਪਰ ਇਹ ਭੁੱਖ ਨੂੰ ਵੀ ਦਬਾਉਂਦੇ ਹਨ। ਨਸ਼ੇ ਤੋਂ ਬਾਅਦ ਦਾ ਸਮਾਂ ਵਿਅਕਤੀ ਲਈ ਬਹੁਤ ਨੁਕਸਾਨਦਾਇਕ ਹੁੰਦਾ ਹੈ। ਇਸ 'ਚ ਵਿਅਕਤੀ ਬਹੁਤ ਜ਼ਿਆਦਾ ਥੱਕਿਆ, ਭੁੱਖਾ, ਚਿੜਚਿੜਾ, ਮਾਨਸਿਕ ਤੌਰ 'ਤੇ ਉਲਝਣ ਅਤੇ ਉਦਾਸ ਮਹਿਸੂਸ ਕਰਦਾ ਹੈ। ਇਸ ਕਾਰਨ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਵੀ ਹੋ ਸਕਦਾ ਹੈ। ਕਿਸੇ ਵੀ ਤਰ੍ਹਾਂ ਦੇ ਨਸ਼ੇ ਤੋਂ ਛੁਟਕਾਰਾ ਪਾਉਣ ਲਈ ਸਭ ਤੋਂ ਪਹਿਲਾਂ ਆਪਣੀ ਖ਼ੁਦ ਦੀ ਕੋਸ਼ਿਸ਼ ਜ਼ਰੂਰੀ ਹੈ ਕਿਉਂਕਿ ਜਦੋਂ ਤੱਕ ਤੁਸੀਂ ਖ਼ੁਦ ਨਹੀਂ ਚਾਹੋਗੇ, ਉਦੋਂ ਤੱਕ ਤੁਹਾਨੂੰ ਨਸ਼ਾ ਛੱਡਣ ਲਈ ਕੋਈ ਹੋਰ ਮਦਦ ਨਹੀਂ ਕਰ ਸਕਦਾ। ਸਭ ਤੋਂ ਪਹਿਲਾਂ ਆਪਣੇ ਮਨ 'ਚ ਪੱਕਾ ਫ਼ੈਸਲਾ ਕਰੋ ਕਿ ਤੁਸੀਂ ਨਸ਼ਾ ਛੱਡਣਾ ਚਾਹੁੰਦੇ ਹੋ। ਸ਼ੁਰੂ 'ਚ ਤੁਹਾਨੂੰ ਆਪਣੀਆਂ ਇਨ੍ਹਾਂ ਗੱਲਾਂ 'ਤੇ ਟਿਕੇ ਰਹਿਣ 'ਚ ਮੁਸ਼ਕਲ ਆਵੇਗੀ ਪਰ ਆਪਣੇ ਮਨ ਨੂੰ ਮਜ਼ਬੂਤ ਰੱਖੋ। ਦਿਨ 'ਚ ਕਈ ਵਾਰ ਆਪਣੇ ਮਨ 'ਚ ਨਸ਼ਾ ਛੱਡਣ ਦੇ ਕਾਰਨਾਂ ਨੂੰ ਦੁਹਰਾਓ। ਜੇ ਸੰਭਵ ਹੋਵੇ ਤਾਂ ਇਸ ਨੂੰ ਲਿਖਤੀ ਰੂਪ 'ਚ ਅਜਿਹੀ ਜਗ੍ਹਾ 'ਤੇ ਲਾਓ, ਜਿੱਥੇ ਤੁਸੀਂ ਇਸ ਨੂੰ ਵਾਰ-ਵਾਰ ਦੇਖ ਸਕਦੇ ਹੋ। ਨਸ਼ਾ ਛੱਡਣ ਲਈ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਤਸਵੀਰ ਆਪਣੇ ਸਾਹਮਣੇ ਰੱਖੋ ਅਤੇ ਉਸ ਨੂੰ ਵਾਰ-ਵਾਰ ਦੇਖੋ ਕਿ ਤੁਸੀਂ ਪਰਿਵਾਰ ਲਈ ਕਿੰਨੇ ਮਹੱਤਵਪੂਰਨ ਹੋ ਅਤੇ ਪਰਿਵਾਰ ਤੁਹਾਡੇ ਲਈ ਕਿੰਨਾ ਜ਼ਰੂਰੀ ਹੈ। ਇਸ ਦੇ ਨਾਲ ਹੀ ਦੋਸਤਾਂ ਦੀ ਮਦਦ ਵੀ ਲਓ। ਆਪਣੇ ਸਾਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਦੱਸੋ ਕਿ ਤੁਸੀਂ ਸ਼ਰਾਬ, ਸਿਗਰਟ, ਗੁਟਖਾ ਜਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਨੂੰ ਛੱਡ ਦਿੱਤਾ ਹੈ। ਦੋਸਤਾਂ ਨੂੰ ਕਹੋ ਕਿ ਉਹ ਤੁਹਾਨੂੰ ਇਨ੍ਹਾਂ ਦਾ ਸੇਵਨ ਕਰਨ ਲਈ ਮਜਬੂਰ ਨਾ ਕਰਨ। ਹੋ ਸਕੇ ਤਾਂ ਆਪਣੀ ਸੰਗਤ ਨੂੰ ਬਦਲੋ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬਿਲਕੁਲ ਵੀ ਇਕੱਲੇ ਨਾ ਰਹੋ। ਜੇ ਤੁਹਾਡਾ ਪਰਿਵਾਰ ਹੈ ਖ਼ਾਸ ਕਰਕੇ ਛੋਟੇ ਬੱਚੇ ਤਾਂ ਉਨ੍ਹਾਂ ਨਾਲ ਸਮਾਂ ਬਿਤਾਉਣ ਦੀ ਕੋਸ਼ਿਸ਼ ਕਰੋ। ਇਨ੍ਹਾਂ ਗੱਲਾਂ ਦਾ ਧਿਆਨ ਰੱਖ ਕੇ ਤੁਸੀਂ ਕੁਝ ਹੱਦ ਤੱਕ ਨਸ਼ੇ ਦੀ ਵਰਤੋਂ ਨੂੰ ਛੱਡ ਸਕਦੇ ਹੋ। ਸੋ ਅੱਜ ਹੀ ਨਸ਼ੇ ਛੱਡਣ ਦਾ ਪ੍ਰਣ ਲਓ।

# ਟੁੱਟਦੇ ਤਾਰਿਆਂ ਦੀ ਦਾਸਤਾਨ ਦੇ ਪਾਰ

**ਜਗਜੀਤ ਸਿੰਘ ਲੋਹਟਬੱਦੀ**

> *ਕੁਝ ਲੋਕ ਹੁੰਦੇ ਹਨ ਜਿਹੜੇ ਬੀਤੇ ਬਾਰੇ ਰੌਸ਼ਨ, ਧੁਪਹਿਲੀਆਂ ਯਾਦਾਂ ਰੱਖਦੇ ਹਨ। ਉਨ੍ਹਾਂ ਦੇ ਚਿੰਤਨ ਵਿੱਚ ਵਰਤਮਾਨ ਤੇ ਭਵਿੱਖ ਵੀ ਰੌਸ਼ਨ ਹੈ। ਤੀਜੀ ਤਰ੍ਹਾਂ ਦੇ ਲੋਕਾਂ ਦੀਆਂ ਯਾਦਾਂ ਵਿੱਚ ਖ਼ੁਸ਼ੀ ਵੀ ਹੁੰਦੀ ਹੈ, ਉਦਾਸੀ ਵੀ; ਧੁੱਪ ਵੀ ਹੁੰਦੀ ਹੈ, ਛਾਂ ਵੀ।*



ਅਜ਼ਲ ਤੋਂ ਹੀ ਮਨੁੱਖ ਬੇਚੈਨ ਰਹਿੰਦਾ ਹੈ। 'ਅੱਵਲ ਨੰਬਰ' ਅਲਾਟ ਹੋਣ ਦੇ ਬਾਵਜੂਦ। ਚੁਰਾਸੀ ਲੱਖ ਜੂਨਾਂ ਵਿੱਚੋਂ ਉੱਤਮ ਹੋਣ ਦਾ ਭਰਮ ਪਾਲੀ ਬੈਠਾ। ਟੁੱਟਦੇ ਤਾਰਿਆਂ ਨੂੰ ਬੜੇ ਗਹੁ ਨਾਲ ਦੇਖਦਾ ਹੈ। ਟੀਸੀ 'ਤੇ ਬੈਠ ਕੇ ਵੀ ਗੁਆਚਿਆ ਹੋਇਆ ਹੈ। ਆਵਾਗੌਣ ਦੇ ਚੱਕਰਾਂ ਤੋਂ ਮੁਕਤੀ ਤਾਂ ਚਾਹੁੰਦਾ ਹੈ, ਪਰ ਚੱਕਰਵਿਊ ਵਿੱਚੋਂ ਬਾਹਰ ਨਿਕਲਣ ਦਾ ਰਾਹ ਨਹੀਂ ਲੱਭਦਾ। ਕਾਹਲ ਭਰੀ ਜ਼ਿੰਦਗੀ ਵਿੱਚ ਸਵੈ ਨਾਲ ਸੰਵਾਦ ਰਚਾਉਣ ਦਾ ਸਮਾਂ ਹੀ ਨਹੀਂ। ਜ਼ਮੀਰ ਜ਼ਖ਼ਮੀ ਹੈ... ਮਨਾਂ ਵਿੱਚ ਖ਼ਲਾਅ ਹੈ।

ਮਨੁੱਖੀ ਮਨਾਂ ਵਿਚਲੀ ਤਿੜਕਣ ਨੇ ਅਮਨ ਚੈਨ ਖੋਹ ਲਿਆ ਹੈ। ਸ਼ੈਤਾਨ ਦਿਲਾਂ ਵਿੱਚ ਘਰ ਕਰੀ ਬੈਠਾ ਹੈ। ਮੌਤ ਦਾ ਡਰ ਜ਼ਰੂਰ ਸਤਾ ਰਿਹਾ ਹੈ, ਪਰ ਖ਼ਜ਼ਾਨਾ ਸੱਤ ਪੀੜ੍ਹੀਆਂ ਦਾ ਇਕੱਠਾ ਕਰਨ ਦਾ ਤਹੱਮਲ ਕੀਤਾ ਹੋਇਆ ਹੈ। ਅੰਤਰ-ਆਤਮਾ ਦੇ ਤਿਣਕੇ ਖਿੰਡੇ-ਪੁੰਡੇ ਪਏ ਨੇ। ਅੱਜ ਦੇ ਇਸ ਤਰੱਕੀਯਾਫ਼ਤਾ ਯੁੱਗ ਵਿੱਚ ਵੀ ਇਹ ਆਵਾਰਗੀ ਕਿਉਂ? ਦੁਨੀਆਂ ਭਰ ਦੀਆਂ ਸੁੱਖ ਸਹੂਲਤਾਂ ਨਾਲ ਲੈਸ, ਮਾਨਵ ਆਪਣੇ ਆਪ ਨੂੰ ਸੱਖਣਾ ਕਿਉਂ ਮਹਿਸੂਸ ਕਰ ਰਿਹਾ ਹੈ? ਏਨੀ ਬੇਯਕੀਨੀ ਕਿਸ ਗੱਲ ਦੀ? ਤਾਕਤਵਰ ਹੋਣ ਦੇ ਬਾਵਜੂਦ ਵੀ ਖ਼ੌਫ਼ਜ਼ਦਾ ਕਿਉਂ ਹੈ? ਸ਼ਾਇਦ ਕੁਦਰਤ ਤੋਂ ਦੂਰ ਹੋਣ ਦੀ ਸਜ਼ਾ ਭੁਗਤ ਰਹੇ ਹਾਂ। ਆਪਣੇ ਹੱਥੀਂ ਪੌਣ ਪਾਣੀ ਨੂੰ ਪਲੀਤ ਕਰਨ ਦਾ ਸਰਾਪ ਲੱਗਿਆ ਹੋਇਆ ਹੈ। ਸ੍ਰਿਸ਼ਟੀ ਨੇ ਸਭ ਪ੍ਰਾਣੀਆਂ ਲਈ ਅਪਾਰ ਭੰਡਾਰ ਬਖ਼ਸ਼ੇ ਨੇ, ਪਰ ਮਨੁੱਖ ਕਿਸੇ ਕਾਹਲ? ਵਿੱਚ ਹੈ। ਰੁੱਖਾਂ ਨਾਲ ਗੱਲਾਂ ਕਰਨ ਦੀ ਸੋਝੀ ਗੁਆ ਚੁੱਕਾ ਹੈ। ਵਗਦੇ ਪਾਣੀਆਂ ਦਾ ਸੰਗੀਤ ਕੰਨਾਂ ਵਿੱਚ ਖੌਰੂ ਪਾਉਂਦਾ ਲੱਗਦਾ ਹੈ। ਅਸਮਾਨੀ ਤਾਰਿਆਂ ਮੂਹਰੇ ਧੁੰਦ ਦੀ ਚਾਦਰ ਤਾਣ ਰੱਖੀ ਹੈ। ਵਗਦੀ ਹਵਾ ਦਾ ਅਹਿਸਾਸ ਕਰ ਦਰਵਾਜ਼ੇ ਭੇੜ ਲਏ ਨੇ। ਫੁੱਲਾਂ ਦੇ ਰੰਗਾਂ ਵਿੱਚੋਂ ਸਤਰੰਗੀ ਪੀਂਘ ਦਾ ਨਜ਼ਾਰਾ ਨਹੀਂ ਦਿਸਦਾ। ਉੱਡਦੀਆਂ ਤਿਤਲੀਆਂ ਬੇਮਾਅਨੀਆਂ ਜਾਪਦੀਆਂ ਨੇ। ਸਿਆਣੇ ਕਹਿੰਦੇ ਨੇ, ਜੇ ਸੁਣ ਸਕੀਏ ਤਾਂ ਰੁੱਖ ਵੀ ਗੱਲਾਂ ਕਰਦੇ ਨੇ; ਜੇ ਨਾ ਸੁਣੀਏ ਤਾਂ ਲਫ਼ਜ਼ ਵੀ ਗੂੰਗੇ ਨੇ। ਅਸੀਂ ਆਪਣੇ ਹੱਥੀਂ ਧਰਤੀ ਮਾਤਾ ਦੀ ਪਵਿੱਤਰਤਾ ਨੂੰ ਭੰਗ ਕੀਤਾ ਹੈ। ਤਾਹੀਉਂ ਤਾਂ ਦਰਦਨਾਕ ਮੰਜ਼ਰ ਦੀ ਤਸਵੀਰ ਉੱਘੜਦੀ ਹੈ:

**ਲੂਸੀ ਧਰਤੀ, ਝੁਲਸੇ ਬਿਰਖ ਗਵਾਹੀ ਨੇ**
**ਫੈਲ ਗਿਆ ਹੈ ਖੇਤਰਫਲ ਸ਼ਮਸ਼ਾਨਾਂ ਦਾ।**

ਪ੍ਰਿਥਵੀ ਵਸੇਬੇ ਲਈ ਬੜੀ ਹੀ ਖ਼ੂਬਸੂਰਤ ਤੇ ਬਿਲਕੁਲ ਢੁੱਕਵੀਂ ਥਾਂ ਹੈ- ਕਾਦਰ ਦੀ ਕੁਦਰਤ ਦਾ ਕ੍ਰਿਸ਼ਮਾ; ਪਰ ਚੜ੍ਹਦੀ ਕਲਾ ਵਾਲੇ ਮਨੁੱਖ ਲਈ। ਹਰ ਪਾਸੇ ਗੁਲਜ਼ਾਰ ਖਿੜੀ ਦਿਸਦੀ ਹੈ। ਪਰਵਰਦਿਗਾਰ ਦੀਆਂ ਕਲਾਕ੍ਰਿਤਾਂ ਵਿੱਚੋਂ ਉਸ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਨੇ। ਉੱਚੇ ਪਹਾੜ, ਡੂੰਘੀਆਂ ਵਾਦੀਆਂ, ਨੀਲੀ ਭਾਹ ਮਾਰਦਾ ਪਾਣੀ, ਜੀਵ ਜੰਤੂ ਅਤੇ ਮਨੁੱਖੀ ਆਕਾਰ ਦੀ ਹੋਂਦ ਹੀ ਉਸ ਲਈ ਖ਼ੁਸ਼ੀ ਅਤੇ ਅਚੰਭਾ ਹੈ। ਪਰ ਨਿਰਾਸ਼ਾਵਾਦੀ ਪ੍ਰਾਣੀ ਨੂੰ ਚੰਨ ਦੇ ਦੀਦਾਰ ਵਿੱਚੋਂ ਵੀ 'ਦਾਗ਼' ਦਿਸਦਾ ਹੈ। ਉਹ ਹਰ ਪਾਸੇ ਘੋਰ ਹਨੇਰਾ ਪਸਰਿਆ ਹੋਇਆ ਸਮਝਦਾ ਹੈ। ਨੁਕੀਲੀਆਂ ਨੁੱਕਰਾਂ ਨੇ ਮਨਾਂ ਵਿੱਚ ਘਰ ਕੀਤਾ ਹੋਇਆ ਹੈ। ਗੁਲਾਬ ਦੇ ਕੰਡੇ ਦਿਖਾਈ ਦਿੰਦੇ ਹਨ, ਪਰ ਸ਼ੋਖ ਰੰਗ ਨਹੀਂ। ਉੱਘਾ ਲੇਖਕ ਜਾਰਜ ਬਰਨਾਰਡ ਸ਼ਾਅ ਲਿਖਦਾ ਹੈ ਕਿ ਦੋਹਾਂ- ਹਾਂ-ਪੱਖੀ ਅਤੇ ਨਾਂਹ-ਪੱਖੀ - ਜੀਵਾਂ ਦੀ ਸਮਾਜ ਨੂੰ ਦੇਣ ਜ਼ਰੂਰ ਹੈ... ਆਸ਼ਾਵਾਦੀ ਜਹਾਜ਼ ਦਾ ਨਿਰਮਾਣ ਕਰਦਾ ਹੈ ਤੇ ਨਿਰਾਸ਼ਾਵਾਦੀ ਪੈਰਾਸ਼ੂਟ ਦਾ! ਖ਼ੁਸ਼ੀ ਕਿੱਥੋਂ ਲੱਭਾਂਗੇ? ਸੋਚਾਂ ਤਾਂ ਢਹਿੰਦੀਕਲਾ ਵਾਲੀਆਂ ਨੇ। ਦੂਸਰੇ ਦੇ ਦਰਦ ਨੂੰ ਸਮਝਣ ਦੀ ਸੰਵੇਦਨਾ ਹੀ ਨਹੀਂ। ਮਨੁੱਖੀ ਮਨ ਉੱਪਰ ਇਹੀ ਸਭ ਤੋਂ ਵੱਡੀ ਸੱਟ ਹੈ।

ਸ਼ਾਹਕਾਰ ਰਚਨਾ 'ਮੇਰਾ ਦਾਗਿਸਤਾਨ' ਦਾ ਰਚੇਤਾ ਰਸੂਲ ਹਮਜ਼ਾਤੋਵ ਮਨੁੱਖੀ ਮਨਾਂ ਦੀਆਂ ਪਰਤਾਂ ਫਰੋਲਦਿਆਂ ਲਿਖਦਾ ਹੈ: "ਕੁਝ ਲੋਕ ਐਸੇ ਵੀ ਹੁੰਦੇ ਹਨ ਜਿਹੜੇ ਬੀਤੇ ਬਾਰੇ ਸੋਗੀ, ਅਫ਼ਸੋਸੀਆਂ ਯਾਦਾਂ ਰੱਖਦੇ ਹਨ। ਇਸ ਤਰ੍ਹਾਂ ਦੇ ਲੋਕਾਂ ਦੇ ਵਰਤਮਾਨ ਤੇ ਭਵਿੱਖ ਬਾਰੇ ਵੀ ਇਸੇ ਤਰ੍ਹਾਂ ਦੇ ਗ਼ਮਗੀਨ ਖ਼ਿਆਲ ਹੁੰਦੇ ਹਨ। ਕੁਝ ਲੋਕ ਹੁੰਦੇ ਹਨ ਜਿਹੜੇ ਬੀਤੇ ਬਾਰੇ ਰੌਸ਼ਨ, ਧੁਪਹਿਲੀਆਂ ਯਾਦਾਂ ਰੱਖਦੇ ਹਨ। ਉਨ੍ਹਾਂ ਦੇ ਚਿੰਤਨ ਵਿੱਚ ਵਰਤਮਾਨ ਤੇ ਭਵਿੱਖ ਵੀ ਰੌਸ਼ਨ ਹੈ। ਤੀਜੀ ਤਰ੍ਹਾਂ ਦੇ ਲੋਕਾਂ ਦੀਆਂ ਯਾਦਾਂ ਵਿੱਚ ਖ਼ੁਸ਼ੀ ਵੀ ਹੁੰਦੀ ਹੈ, ਉਦਾਸੀ ਵੀ; ਧੁੱਪ ਵੀ ਹੁੰਦੀ ਹੈ, ਛਾਂ ਵੀ। ਵਰਤਮਾਨ ਤੇ ਭਵਿੱਖ ਬਾਰੇ ਉਨ੍ਹਾਂ ਦੇ ਵਿਚਾਰਾਂ ਵਿੱਚ ਵੀ ਵੰਨ-ਸੁਵੰਨੇ ਭਾਵ, ਖ਼ਿਆਲ, ਸੰਗੀਤ ਤੇ ਰੰਗ ਭਰੇ ਹੁੰਦੇ ਹਨ।" ਜ਼ਿੰਦਗੀ ਦਾ ਯਥਾਰਥ ਸਾਹਮਣੇ ਹੈ: ਟਿਮਟਿਮਾਉਂਦੇ ਅਸਮਾਨੀ ਸਿਤਾਰਿਆਂ ਦਾ ਚਮਕਦਾ ਥਾਲ? ਜਾਂ ਕਾਲੀ ਬੋਲੀ ਰਾਤ ਦਾ ਘੁੱਪ ਹਨੇਰਾ। ਤੁਹਾਡਾ ਨਜ਼ਰੀਆ ਹੀ ਤੁਹਾਡਾ ਮਾਰਗ ਦਰਸ਼ਕ ਬਣਦਾ ਹੈ।

ਪਰਿੰਦੇ ਅਤੇ ਫ਼ਕੀਰ ਪੱਲੇ ਰਿਜ਼ਕ ਨਹੀਂ ਬੰਨ੍ਹਦੇ। ਉਨ੍ਹਾਂ ਨੂੰ ਕਿਸੇ ਮ੍ਰਿਗ ਤ੍ਰਿਸ਼ਨਾ ਦੀ ਤਲਾਸ਼ ਨਹੀਂ ਹੁੰਦੀ। ਵਰਤਮਾਨ ਹੀ ਸਾਜ਼ਗਾਰ ਹੈ। ਝੋਲੀਆਂ ਭਰ ਕੇ ਕੀ ਲੈਣਾ ਹੈ? ਇਸੇ ਕਰਕੇ ਕੁਦਰਤ ਦੇ ਨੇੜੇ ਹੁੰਦੇ ਨੇ। ਕੋਈ ਖ਼ਜ਼ਾਨਾ ਭਰਨ ਦੀ ਚੇਸ਼ਟਾ ਹੀ ਨਹੀਂ ਹੁੰਦੀ। ਸੈਂਕੜੇ ਮੀਲ ਦੂਰ ਛੱਡ ਕੇ ਆਏ ਬੋਟਾਂ ਦੀ ਜ਼ਿੰਮੇਵਾਰੀ ਵੀ ਸ੍ਰਿਸ਼ਟੀ 'ਤੇ ਛੱਡੀ ਹੁੰਦੀ ਹੈ, ਪਰ ਮਨੁੱਖ ਸੱਤ ਪੀੜ੍ਹੀਆਂ ਦਾ ਜ਼ਿੰਮਾ ਲਈ ਫਿਰਦਾ ਹੈ। ਜ਼ਰਬਾਂ ਤਕਸੀਮਾਂ ਦੇ ਹਿਸਾਬ ਮਿਲਾਉਂਦਾ ਹੈ। ਸਿਕੰਦਰ ਨੂੰ ਭੁਲਾਈ ਬੈਠਾ ਹੈ। ਕਾਰੂੰ ਦਾ ਖ਼ਜ਼ਾਨਾ ਨਾਲ ਲਿਜਾਣ ਲਈ ਬੰਦੋਬਸਤ ਕਰਦਾ ਹੈ। 'ਵਿਦਵਤਾ' ਦਾ ਗਿਆਤਾ ਜੁ ਹੋਇਆ! ਤਿਲ੍ਹਕਣ ਜ਼ਮੀਨ 'ਤੇ ਪੈਰ ਹੀ ਨਹੀਂ ਲੱਗਣ ਦਿੰਦੀ। ਇੱਕ ਚੋਟੀ 'ਤੇ ਪਹੁੰਚ, ਅਗਲੀ ਉਸ ਤੋਂ ਵੱਧ ਸੁਹਾਵਣੀ ਲੱਗਦੀ ਹੈ। ਦੁਨਿਆਵੀ ਪਦਾਰਥਾਂ ਨੂੰ ਮੰਜ਼ਿਲ ਸਮਝ ਲੈਂਦਾ ਹੈ। ਚੰਦ ਕੁ ਵਸਤਾਂ ਦੀ ਪ੍ਰਾਪਤੀ ਹਉਮੈ ਦਾ ਕਾਰਨ ਬਣਦੀ ਹੈ। ਆਪਣੇ ਕੁਨਬੇ ਨਾਲ ਇਉਂ ਵਿਹਾਰ ਕਰਦਾ ਹੈ ਜਿਵੇਂ ਕਿਸੇ ਦੂਸਰੇ ਗ੍ਰਹਿ ਦਾ ਵਾਸੀ ਹੋਵੇ। ਜਿਉਂਦੇ ਜੀਅ ਖ਼ੁਦਨੁਮਾਈ ਸੋਝੀ ਦੇ ਨੇੜੇ ਨਹੀਂ ਫਟਕਣ ਦਿੰਦੀ। ਸ਼ਾਇਰ ਤ੍ਰੈਲੋਚਨ ਲੋਚੀ ਨੇ ਬਹੁਤ ਵੱਡੀ ਸਚਾਈ ਬਿਆਨ ਕੀਤੀ ਹੈ:

**ਬੰਦੇ ਦੇ ਮੁੱਕਣ 'ਤੇ ਹਉਮੈ ਵੀ ਮੁੱਕ ਜਾਂਦੀ...**
**ਹਉਮੈ ਦੇ ਮੁੱਕਣ 'ਤੇ ਬੰਦਾ ਜੀ ਉੱਠਦਾ...**

ਹਿਰਦੇ ਅੰਦਰ ਪਏ ਖੌਰੂ ਨੇ ਰਿਸ਼ਤਿਆਂ ਨੂੰ ਵੀ ਖੇਰੂੰ ਖੇਰੂੰ ਕਰ ਛੱਡਿਆ ਹੈ। ਇੱਕੀਵੀਂ ਸਦੀ ਵਿੱਚ ਮਨੁੱਖ ਇਕੱਲਾ ਰਹਿ ਗਿਆ। ਜੰਗਲ ਬੇਲਿਆਂ ਵਿੱਚ ਭੌਂਦਿਆਂ ਆਪਣਿਆਂ ਦੀ ਯਾਦ ਆਉਂਦੀ ਸੀ। ਹੁਣ ਦੁਨੀਆਂ ਦੀ ਭੀੜ ਵਿੱਚ ਵਿਚਰਦਿਆਂ ਵੀ ਸੁੰਨਾਪਣ ਹੈ। ਨਾਤਿਆਂ ਵਿੱਚ ਵੀ ਰੁਤਬਿਆਂ ਦੀ ਦੁਹਾਈ ਹੈ। ਤਿੜਕਣ ਨੇ ਤਿਲਕਣ ਵਿੱਚ ਵਾਧਾ ਕਰ ਦਿੱਤਾ ਹੈ। ਖ਼ੂਨ ਦੇ ਰਿਸ਼ਤੇ ਕਿਸੇ ਸਾਜ਼ਿਸ਼ੀ ਘਟਨਾਕ੍ਰਮ ਦੇ ਜੋੜੀਦਾਰ ਲੱਗਦੇ ਨੇ। ਅੰਦਰ ਬੈਠਾ ਇਹ ਸਹਿਮ ਹੌਲੀ ਹੌਲੀ ਆਪਣੇ ਹੀ ਵਜੂਦ 'ਤੇ ਆ ਕੇ ਰੁਕ ਜਾਂਦਾ ਹੈ। ਫਿਰ ਆਪਣੇ ਪ੍ਰਛਾਵੇਂ ਤੋਂ ਵੀ ਖ਼ੌਫ਼ ਆਉਂਦਾ ਹੈ। ਹਲਕਾ ਜਿਹਾ ਖੜਾਕ ਵੀ ਤ੍ਰਾਹ ਕੱਢ ਦਿੰਦਾ ਹੈ। ਚੇਤੇ ਆਉਂਦਾ ਹੈ ਕਿ ਪੁਰਖਿਆਂ ਨਾਲ ਕੋਈ ਸਦਭਾਵ ਦੀ ਸਾਂਝ ਤਾਂ ਪਾਈ ਹੀ ਨਹੀਂ। ਇਸੇ ਲਈ ਵਿਹੜੇ ਵਿੱਚ ਖੇਡਦੇ ਮਾਸੂਮ ਉਸ ਨੂੰ ਭਵਿੱਖੀ ਜ਼ਿੰਦਗੀ ਦਾ ਸ਼ੀਸ਼ਾ ਦਿਖਾਉਂਦੇ ਜਾਪਦੇ ਹਨ। ਆਪਣਾ ਹੀ ਚਿਹਰਾ ਕਰੂਪ ਵੀ ਦਿਸਦਾ ਹੈ ਤੇ ਪਛਾਣੋਂ ਬਾਹਰ ਵੀ। ਪਿਛਲੇ ਸ਼ਾਂਤ ਸਮਿਆਂ ਵੱਲ ਮੁੜਨ ਦੀ ਤਾਂਘ ਪ੍ਰਬਲ ਹੁੰਦੀ ਹੈ, ਪਰ ਰੌਸ਼ਨੀਆਂ ਦੀ ਚਕਾਚੌਂਧ ਫਿਰ ਅੱਗੇ ਵਧਣ ਦਾ ਤੁਣਕਾ ਮਾਰਦੀ ਹੈ। ਖਿੱਚੋਤਾਣ ਵਿੱਚ ਅੰਤਰੀਵ ਜ਼ਖ਼ਮੀ ਹੋ ਜਾਂਦਾ ਹੈ। ਪਦਾਰਥਵਾਦੀ ਯੁੱਗ ਵਿੱਚ ਉਜਾਲੇ ਦੇ ਚਿਰਾਗ ਜਗਦੇ ਨਜ਼ਰੀਂ ਪੈਂਦੇ ਹਨ, ਪਰ ਅੰਦਰਲੇ ਮਨ ਦੀਆਂ ਕਾਤਰਾਂ ਤਾਸ਼ ਦੇ ਪੱਤਿਆਂ ਵਾਂਗ ਖਿੰਡੀਆਂ ਰਹਿੰਦੀਆਂ ਹਨ। ਕੰਕਰੀਟ ਦੇ ਬਣੇ ਮਕਾਨ, ਸੰਸਕਾਰਾਂ ਦੇ ਵਰੋਸਾਏ ਘਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਸਦੀ ਦਾ ਦੁਖਾਂਤ, ਸ਼ਾਇਰ ਦੀ ਜ਼ੁਬਾਨੀ:

**ਮਕਾਨ ਸਭ ਦੇ ਬੜੇ ਸੋਹਣੇ ਨੇ**
**ਪਰ ਘਰ ਕਿਸੇ ਦਾ ਵੀ ਨਹੀਂ**
**ਚੀਜ਼ਾਂ ਚਿਣੀਆਂ ਪਈਆਂ ਨੇ**
**ਤੇ ਰਿਸ਼ਤੇ ਖਿੱਲਰੇ!**
**ਤਾਂ ਹੀ ਤਾਂ ਮੈਨੂੰ ਮਕਾਨ ਚੰਗੇ ਨਹੀਂ ਲੱਗਦੇ**
**ਸਜੇ, ਸੰਵਰੇ ,ਬਨਾਵਟੀ**
**ਜਮ੍ਹਾਂ ਮੇਰੀ ਸਦੀ ਦੇ ਲੋਕਾਂ ਵਰਗੇ**
**ਮੈਨੂੰ ਮੋਹ ਆਉਂਦਾ ਐ**
**ਘਰਾਂ ਦਾ,**
**ਜਿੱਥੇ ਬੱਚੇ ਬਾਤਾਂ ਸੁਣਦੇ ਸੁਣਦੇ**
**ਸੌਂ ਜਾਂਦੇ ਨੇ, ਦਾਦੇ-ਦਾਦੀਆਂ ਦੀਆਂ ਬੁੱਕਲਾਂ ਵਿੱਚ।**

ਮਾਨਵ ਨੇ ਸੰਵਾਦ ਰਚਾਉਣਾ ਛੱਡ ਦਿੱਤਾ ਹੈ। 'ਬਾਬਾਣੀਆਂ ਕਹਾਣੀਆਂ' ਲਈ ਸਮਾਂ ਬਚਾ ਕੇ ਨਹੀਂ ਰੱਖਿਆ। ਸੰਵਾਦ ਤਾਂ ਮਨੁੱਖ ਦਾ ਸਦਾ ਤੋਂ ਮੀਰੀ ਗੁਣ ਰਿਹਾ ਹੈ। ਤਵਾਰੀਖ਼ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਮੱਕੇ ਮਦੀਨੇ ਅਤੇ ਬਗਦਾਦ ਦੀ ਫੇਰੀ ਦੌਰਾਨ ਹੀ ਉੱਥੋਂ ਦੇ ਪੀਰ ਦਸਤਗੀਰ ਅਤੇ ਬਹਿਲੋਲ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਦੇ ਕਾਇਲ ਕੀਤਾ ਸੀ ਤੇ ਸੁੱਚੇ ਬੋਲਾਂ ਦੀ ਫ਼ਤਹਿ ਹੋਈ ਸੀ। ਫਿਰ ਸੰਵਾਦ ਤੋਂ ਨਾਬਰੀ ਕਿਉਂ? ਮਨਾਂ ਵਿਚਲੀ ਗਹਿਰਾਈ ਕਿਉਂ ਵਧ ਰਹੀ ਹੈ? ਨਾਮਵਰ ਸ਼ਾਇਰਾ ਪਾਲ ਕੌਰ ਦਾ ਕਥਨ ਹੈ: "ਅਸੀਂ ਬੋਲਦੇ ਹਾਂ, ਸੁਣਦੇ ਨਹੀਂ, ਸੰਵਾਦ ਨਹੀਂ ਕਰਦੇ, ਬਹਿਸਦੇ ਤੇ ਲੜਦੇ ਹੋਏ ਦੂਜੇ ਨੂੰ ਰੱਦ ਕਰ ਦਿੰਦੇ ਹਾਂ। ਅਸੀਂ ਸਭ ਕੁਝ ਭੁੱਲ-ਭੁਲਾ ਕੇ ਫਿਰ ਲੀਕਾਂ ਵਾਹੁਣ ਤੇ ਲੀਕਾਂ ਕੁੱਟਣ ਲੱਗਦੇ ਹਾਂ।" ਵਡੇਰਿਆਂ ਦਾ ਮੱਤ ਹੈ ਕਿ ਮਨੁੱਖ ਆਪਣੇ ਦੁੱਖ ਤੋਂ ਓਨਾ ਦੁਖੀ ਨਹੀਂ, ਜਿੰਨਾ ਉਹ ਦੂਸਰਿਆਂ ਦਾ ਸੁਖ ਦੇਖ ਕੇ ਹੁੰਦਾ ਹੈ। ਅਜਨਬੀ ਲੋਕਾਂ ਦੀ ਜ਼ਿੰਦਗੀ ਦੀਆਂ ਝੀਤਾਂ ਵਿੱਚੋਂ ਝਾਕਣਾ ਮਾਨਵ ਦੀ ਕਮਜ਼ੋਰੀ ਰਹੀ ਹੈ। ਗੁਲਜ਼ਾਰ ਇਸ ਦੀ ਸ਼ਾਹਦੀ ਭਰਦਾ ਹੈ:

**ਉਮਰ ਜ਼ਾਇਆ ਕਰਦੀ ਲੋਗੋਂ ਨੇ**
**ਔਰੋਂ ਕੇ ਵਜੂਦ ਮੇਂ ਨੁਕਸ ਨਿਕਾਲਤੇ ਨਿਕਾਲਤੇ**
**ਇਤਨਾ ਖ਼ੁਦ ਕੋ ਤਰਾਸ਼ਾ ਹੋਤਾ**
**ਤੋ ਫ਼ਰਿਸ਼ਤੇ ਬਨ ਜਾਤੇ।**

ਇਨਸਾਨ ਕੋਲ ਸਮੇਂ ਦੀ ਘਾਟ ਹੈ। ਬਿਜਲੀ ਦੀ ਰਫ਼ਤਾਰ ਨਾਲ ਚੱਲਦਿਆਂ ਸਮਾਂ ਮਨੁੱਖ ਨੂੰ ਡਾਹ ਨਹੀਂ ਦਿੰਦਾ। ਬੰਦੇ ਕੋਲ ਦੂਸਰੇ ਦਾ ਦੁੱਖ ਸੁੱਖ, ਦਰਦ, ਅਹਿਸਾਸ ਸਮਝਣ ਦੀ ਫੁਰਸਤ ਹੀ ਨਹੀਂ। ਸਮਾਜਿਕ ਪ੍ਰਾਣੀ ਹੋਣ ਦੇ ਬਾਵਜੂਦ ਵੀਰਾਨੀ ਛਾਈ ਹੋਈ ਹੈ। ਕਿਸੇ ਨੂੰ ਆਪਣਾ ਕਹਿਣ ਤੇ ਸਮਝਣ ਦੀ ਕਸ਼ਮਕਸ਼, ਮਨਾਂ ਦਾ ਖੌਅ ਬਣੀ ਹੋਈ ਹੈ। ਕੋਈ ਹੁੰਗਾਰਾ ਦੇਣ ਵਾਲਾ ਨਹੀਂ ਲੱਭਦਾ। ਪ੍ਰਸਿੱਧ ਮਨੋਰੋਗ ਵਿਗਿਆਨੀ ਵਿਕਟਰ ਫਰੈਂਕਲ ਨੂੰ ਅੱਧੀ ਰਾਤ ਕਿਸੇ ਅਣਜਾਣੀ ਔਰਤ ਨੇ ਫੋਨ ਕਰ ਕੇ ਦੱਸਿਆ ਕਿ ਉਹ ਆਤਮ-ਹੱਤਿਆ ਕਰਨ ਜਾ ਰਹੀ ਹੈ। ਵਿਕਟਰ ਨੇ ਉਸ ਨੂੰ ਗੱਲੀਂ ਲਾ ਕੇ ਜਿਉਂਦੇ ਰਹਿਣ ਦੇ ਕਈ ਲਾਭਕਾਰੀ ਕਾਰਨ ਦੱਸੇ। ਇੱਕ ਵਾਰ ਉਹ ਔਰਤ ਜਦੋਂ ਵਿਕਟਰ ਨੂੰ ਮਿਲੀ ਤਾਂ ਉਸਨੇ ਉਤਸੁਕਤਾ ਨਾਲ ਪੁੱਛਿਆ, "ਤੁਹਾਨੂੰ ਮੇਰੇ ਦੱਸੇ ਕਿਸ ਕਾਰਨ ਨੇ ਜਿਉਂਦੇ ਰਹਿਣ ਲਈ ਪ੍ਰੇਰਿਆ?" ਉਹ ਬੜੇ ਸਹਿਜ ਨਾਲ ਬੋਲੀ, "ਉਨ੍ਹਾਂ ਵਿੱਚੋਂ ਕਿਸੇ ਕਾਰਨ ਨੇ ਵੀ ਨਹੀਂ।

ਵਿਕਟਰ ਹੈਰਾਨ ਹੋਇਆ, "ਫੇਰ?

ਉਹ ਕਹਿੰਦੀ, "ਤੁਹਾਡੇ ਨਾਲ ਗੱਲਾਂ ਕਰਨ ਪਿੱਛੋਂ ਮੈਂ ਸੋਚਿਆ, ਏਡੀ ਵੱਡੀ ਦੁਨੀਆਂ ਵਿੱਚ, ਜੇ ਇੱਕ ਵੀ ਬੰਦਾ ਅਜਿਹਾ ਹੈ, ਜੋ ਅੱਧੀ ਰਾਤੀਂ ਧਿਆਨ ਨਾਲ ਮੇਰੀ ਗੱਲ ਸੁਣ ਸਕਦਾ ਹੈ ਤਾਂ ਇਸ ਦੁਨੀਆਂ ਵਿੱਚ ਜੀਵਿਆ ਜਾ ਸਕਦਾ ਹੈ। ਇਹ ਹੁੰਦੀ ਹੈ ਪਲਾਂ ਦੀ ਖ਼ੂਬਸੂਰਤੀ... ਜ਼ਿੰਦਗੀ ਹੁੰਗਾਰਾ ਮੰਗਦੀ ਏ!

ਵਿਸ਼ਵ ਪ੍ਰਸਿੱਧ ਇਰਾਨੀ ਲੇਖਕ ਖਲੀਲ ਜਿਬਰਾਨ ਬੜੇ ਹੀ ਮਾਰਮਿਕ ਤੇ ਸੰਵੇਦਨਸ਼ੀਲ ਸ਼ਬਦਾਂ ਵਿੱਚ ਬੰਦੇ ਦੀ ਟੁੱਟ-ਭੱਜ ਦਾ ਬਿਰਤਾਂਤ ਸਿਰਜਦਾ ਹੈ: "ਇਨਸਾਨ ਕਦੇ ਵੀ ਇੱਕੋ ਵੇਰ ਵਿੱਚ ਨਹੀਂ ਮਰਦਾ... ਹਮੇਸ਼ਾ ਟੋਟਿਆਂ ਵਿੱਚ ਹੀ ਮਰਦਾ ਹੈ। ਜਦੋਂ ਕੋਈ ਮਿੱਤਰ ਪਿਆਰਾ ਧੋਖਾ ਫ਼ਰੇਬ ਦੇ ਜਾਵੇ ਤਾਂ ਵਜੂਦ ਦਾ ਇੱਕ ਹਿੱਸਾ ਟੁੱਟ ਭੋਇੰ 'ਤੇ ਜਾ ਡਿੱਗਦਾ ਏ... ਔਲਾਦ ਮਾੜੀ ਨਿਕਲ ਆਵੇ ਤਾਂ ਦੂਜਾ ਹਿੱਸਾ ਨਾਲੋਂ ਲੱਥ ਜਾਂਦਾ ਏ। ਇੰਝ ਟੋਟੇ ਖਿੱਲਰਦੇ ਜਾਂਦੇ ਨੇ ਪਰ ਸਫ਼ਰ ਜਾਰੀ ਰਹਿੰਦਾ ਹੈ। ਅਖੀਰ ਫੇਰ ਇੱਕ ਮਿੱਥੇ ਦਿਨ ਮੌਤ ਦਾ ਇੱਕ ਫ਼ਰਿਸ਼ਤਾ ਆਉਂਦਾ ਏ ਅਤੇ ਭੋਇੰ 'ਤੇ ਡਿੱਗੇ ਸਾਰੇ ਟੋਟੇ ਇਕੱਠੇ ਕਰ ਤੁਰਦਾ ਬਣਦਾ ਤੇ ਮਗਰ ਰਹਿ ਗਏ ਬੇਜਾਨ ਕਲਬੂਤ ਨੂੰ ਦੇਖ ਦੁਨੀਆਂ ਆਖਣ ਲੱਗਦੀ ਏ... ਫਲਾਣਾ ਪੂਰਾ ਹੋ ਗਿਆ!

ਬੱਸ! ਇੰਨੀ ਕੁ ਬਾਤ ਹੈ ਮਿੱਟੀ ਦੇ ਪੁਤਲੇ ਦੀ।

ਮਨੁੱਖ ਤਾਂ ਮਨੁੱਖ ਠਹਿਰਿਆ। ਪਿਛਲ-ਪੈਰੀਂ ਤੁਰਨਾ ਉਸ ਨੂੰ ਗਵਾਰਾ ਹੀ ਨਹੀਂ। ਜ਼ਿੰਦਗੀ ਭਾਵੇਂ ਕੰਡਿਆਲੀਆਂ ਤਾਰਾਂ ਵਿੱਚ ਉਲਝੀ ਹੋਈ ਹੈ, ਹਿਰਦਿਆਂ ਵਿੱਚ ਕਿਸੇ ਅਣਦਿਸਦੇ ਦਾ ਖ਼ੌਫ਼ ਹੈ, ਜੰਗਲ ਬੇਲਿਆਂ ਦੀਆਂ ਤੰਗ ਪਗਡੰਡੀਆਂ ਨੇ ਮਨਾਂ ਵਿੱਚ ਘਰ ਕੀਤਾ ਹੋਇਆ ਹੈ, ਫਿਰ ਵੀ ਉਸ ਦੇ ਕਦਮ ਅਗੇਰੇ, ਹੋਰ ਅਗੇਰੇ ਤੁਰਨਾ ਜਾਣਦੇ ਨੇ। ਮੰਜ਼ਿਲਾਂ ਨੇ ਵੰਗਾਰਦੇ ਰਹਿਣਾ ਹੈ। ਸ਼ਾਇਰਾ ਸੁਖਵਿੰਦਰ ਅੰਮ੍ਰਿਤ ਇਨਸਾਨ ਦੀ ਇਸ ਚਿਰ-ਸਦੀਵੀ ਹਸਰਤ ਦੀ ਤਰਜਮਾਨੀ ਕਰਦੀ ਹੈ:

**ਮੈਂ ਫਿਰ ਤਰਤੀਬ ਵਿੱਚ ਰੱਖੇ ਨੇ ਟੁਕੜੇ ਜ਼ਿੰਦਗੀ ਦੇ**
**ਹਵਾ ਨੇ ਫੇਰ ਮੈਨੂੰ ਦੇਖਿਆ ਹੈ ਮੁਸਕਰਾ ਕੇ!!**

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਔਰਤ ਨੂੰ ਸਮਝਾਉਣ ਦੀ ਨਹੀਂ, ਸਮਝਣ ਦੀ ਜ਼ਰੂਰਤ

ਹਰਦੀਪ ਸਿੰਘ ਝੱਜ

*ਦਿਮਾਗ਼ ਦਾ ਖੱਬਾ ਅੱਧ ਜੀਵਨ ਨੂੰ ਹੁਲਾਰੇ ਦਿੰਦੀਆਂ ਪ੍ਰਵਿਰਤੀਆਂ ਦਾ ਕੇਂਦਰ ਹੁੰਦਾ ਹੈ। ਇੱਥੇ ਖ਼ੁਸ਼ੀਆਂ ਅਤੇ ਮਨ-ਪ੍ਰਚਾਵਿਆਂ ਬਾਰੇ ਅਹਿਸਾਸ ਜਨਮ ਲੈਂਦੇ ਹਨ। ਤਰਕ, ਦਲੀਲਾਂ, ਹਿਸਾਬ-ਕਿਤਾਬ ਦੀ ਯੋਗਤਾ, ਵਿਗਿਆਨ ਵੱਲ ਝੁਕਾਅ ਅਤੇ ਇਹੋ ਜਿਹੀਆਂ ਹੋਰ ਰੁਚੀਆਂ ਵੀ ਇੱਥੇ ਹੀ ਪੁੰਗਰਦੀਆਂ ਹਨ।*



ਔਰਤ ਤੇ ਮਰਦ ਦੀ ਸੋਚ ਅਤੇ ਜਿਊਣ ਦੇ ਤਰੀਕੇ ਵਿੱਚ ਕਈ ਬੁਨਿਆਦੀ ਅੰਤਰ ਪਾਏ ਜਾਂਦੇ ਹਨ। ਇਹੀ ਕਾਰਨ ਹੈ ਕਿ ਔਰਤ ਤੇ ਮਰਦ ਦੀ ਮਾਨਸਿਕ ਸੂਝ, ਰੁਚੀਆਂ, ਭਾਵਨਾਤਮਕ ਜੀਵਨ ਅਤੇ ਸੁਭਾਅ ਵਿੱਚ ਵੱਡੇ ਪੱਧਰ 'ਤੇ ਅੰਤਰ ਹੁੰਦਾ ਹੈ। ਔਰਤਾਂ, ਮਰਦਾਂ ਨਾਲੋਂ ਵੱਧ ਭਾਵੁਕ ਹੁੰਦੀਆਂ ਹਨ। ਉਨ੍ਹਾਂ ਨੂੰ ਆਪਣੇ ਵਿਆਹ ਦੀ ਮਿਤੀ, ਪਤੀ ਨਾਲ ਹੋਏ ਪਹਿਲੇ ਝਗੜੇ ਅਤੇ ਅਜਿਹੀਆਂ ਹੋਰ ਘਟਨਾਵਾਂ ਦੀਆਂ ਮਿਤੀਆਂ ਯਾਦ ਰਹਿੰਦੀਆਂ ਹਨ, ਜਦਕਿ ਮਰਦ ਆਮ ਤੌਰ 'ਤੇ ਇਹ ਸਭ ਕੁਝ ਭੁੱਲ ਜਾਂਦੇ ਹਨ ਜਿਸ ਕਾਰਨ ਕਈ ਵਾਰ ਤਾਂ ਲੜਾਈ-ਝਗੜੇ ਦੀ ਸੰਭਾਵਨਾ ਵਧ ਜਾਂਦੀ ਹੈ। ਅਸਲ ਵਿੱਚ ਔਰਤਾਂ ਦੇ ਦਿਮਾਗ਼ ਦੀ ਬਣਤਰ ਹੀ ਕੁਝ ਅਜਿਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਭਾਵੁਕ ਗੱਲਾਂ ਜ਼ਿਆਦਾ ਯਾਦ ਰਹਿੰਦੀਆਂ ਹਨ। ਖੋਜਕਾਰਾਂ ਅਨੁਸਾਰ ਅਜਿਹੀਆਂ ਪੁਰਾਣੀਆਂ ਗੱਲਾਂ ਯਾਦ ਰੱਖਣ ਵਿੱਚ ਮਰਦਾਂ ਦੇ ਦਿਮਾਗ਼ ਦੇ 2 ਹਿੱਸੇ ਜਦੋਂਕਿ ਔਰਤਾਂ ਦੇ ਦਿਮਾਗ ਦੇ 9 ਭਾਗ ਕੰਮ ਕਰਦੇ ਹਨ।

ਅੰਗਰੇਜ਼ ਵਿਗਿਆਨੀਆਂ ਵੱਲੋਂ ਹਾਲ ਹੀ ਵਿੱਚ ਕੀਤੇ ਇੱਕ ਅਧਿਐਨ ਤੋਂ ਇਹ ਤੱਥ ਉੱਭਰਿਆ ਹੈ ਕਿ ਮਰਦ ਬੇਸ਼ੱਕ ਔਰਤਾਂ ਨਾਲੋਂ ਜ਼ਿਆਦਾ ਸਮਝਦਾਰ ਹੁੰਦੇ ਹਨ, ਪਰ ਉਹ ਵਧੇਰੇ ਜ਼ਿੱਦੀ ਵੀ ਹੁੰਦੇ ਹਨ। ਔਰਤ ਦਾ ਭਾਵੁਕ ਅਤੇ ਮਰਦ ਦਾ ਜ਼ਿੱਦੀ ਸੁਭਾਅ ਬਹੁਤੀ ਵਾਰ ਪਤੀ-ਪਤਨੀ ਵਿਚਾਲੇ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਝਗੜੇ ਦਾ ਕਾਰਨ ਵੀ ਬਣਦਾ ਹੈ। ਜਦੋਂ ਔਰਤ ਦੀ ਭਾਵੁਕਤਾ ਗੁੱਸੇ ਦਾ ਰੂਪ ਧਾਰਨ ਕਰ ਲਵੇ ਤਾਂ ਉਹ ਕੁਝ ਵੀ ਕਰ ਸਕਦੀ ਹੈ। ਵਿਚਾਰਕ ਮਤਭੇਦਾਂ ਨੂੰ ਜੇਕਰ ਸਮੇਂ ਸਿਰ ਨਾ ਸੁਲਝਾਇਆ ਜਾਵੇ ਤਾਂ ਉਹ ਪਤੀ-ਪਤਨੀ ਦੇ ਰਾਹਾਂ ਦੇ ਕੰਡੇ ਬਣ ਜਾਂਦੇ ਹਨ। ਅਸਲ ਵਿੱਚ ਜੇਕਰ ਅਸੀਂ ਚਾਹੁੰਦੇ ਹਾਂ ਕਿ ਗ੍ਰਹਿਸਤੀ ਜੀਵਨ ਦੀ ਗੱਡੀ ਲੀਹ 'ਤੇ ਰਹੇ ਤਾਂ ਇਹ ਗੱਲ ਜ਼ਿੰਦਗੀ ਲਈ ਪੱਲੇ ਬੰਨ੍ਹ ਲਵੋ ਕਿ ਪਤਨੀ ਨੂੰ ਸਮਝਾਉਣ ਦੀ ਨਹੀਂ ਸਮਝਣ ਦੀ ਲੋੜ ਹੈ।

ਇੰਗਲੈਂਡ ਵਿਖੇ ਪਿਛਲੇ ਕੁਝ ਸਾਲਾਂ ਦੌਰਾਨ ਕਰਵਾਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮਰਦ ਤੇ ਔਰਤ ਵੱਖ-ਵੱਖ ਤਰੀਕੇ ਨਾਲ ਸੋਚਦੇ ਹਨ। ਇਹ ਅੰਤਰ ਵੱਖ-ਵੱਖ ਜੀਨਾਂ 'ਤੇ ਨਿਰਭਰ ਕਰਦਾ ਹੈ। ਸਾਡੀਆਂ ਪ੍ਰਵਿਰਤੀਆਂ ਵਿਰਸੇ ਵਿੱਚ ਮਿਲੇ ਹੋਏ ਜੀਨਾਂ ਦੀ ਦੇਣ ਹਨ। ਦੂਜਾ, ਸੈਕਸ ਹਾਰਮੋਨਜ਼ ਵੀ ਸਾਡੇ ਸੁਭਾਅ ਨੂੰ ਨਿਰਧਾਰਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਜੀਨਾਂ ਕਰਕੇ ਹੀ ਔਰਤ ਤੇ ਮਰਦ ਦੇ ਸੁਭਾਅ ਵਿੱਚ ਬੁਨਿਆਦੀ ਬਦਲਾਅ ਦਿਖਾਈ ਦਿੰਦਾ ਹੈ। ਇਹੀ ਨਹੀਂ ਜੀਵਨ-ਸਾਥੀ ਚੁਣਨ ਸਮੇਂ ਵੀ ਦੋਹਾਂ ਦੀ ਪਹੁੰਚ ਵੱਖ-ਵੱਖ ਹੁੰਦੀ ਹੈ। ਮਰਦਾਂ ਦਾ ਵਧੇਰੇ ਧਿਆਨ ਔਰਤ ਦੀ ਸੁੰਦਰਤਾ 'ਤੇ ਰਹਿੰਦਾ ਹੈ ਜਦੋਂਕਿ ਔਰਤਾਂ ਜ਼ਿਆਦਾਤਰ ਰੁਤਬੇ ਨੂੰ ਮਹੱਤਵ ਦਿੰਦੀਆਂ ਹਨ।



ਖੋਜ ਮੁਤਾਬਕ ਮਰਦਾਂ ਅਤੇ ਔਰਤਾਂ ਵਿੱਚ ਜੀਨ ਤਾਂ ਭਾਵੇਂ ਇੱਕੋ ਹੀ ਹੁੰਦੇ ਹਨ, ਪਰ ਮਰਦ ਅਤੇ ਔਰਤ ਦੇ ਦਿਮਾਗ਼ ਵਿੱਚ ਇਹ ਵੱਖ-ਵੱਖ ਤਰੀਕੇ ਨਾਲ ਕਿਰਿਆਸ਼ੀਲ ਹੁੰਦੇ ਹਨ। ਇਹ ਸੰਭਵ ਹੈ ਕਿ ਇੱਕ ਜੀਨ ਮਰਦਾਂ ਦੇ ਦਿਮਾਗ਼ ਅੰਦਰ ਘੱਟ ਕਿਰਿਆਸ਼ੀਲ ਹੋਵੇ ਅਤੇ ਔਰਤਾਂ ਵਿੱਚ ਵੱਧ। ਵਿਗਿਆਨੀਆਂ ਅਨੁਸਾਰ ਔਰਤਾਂ ਤੇ ਮਰਦਾਂ ਦੀ ਮਾਨਸਿਕ ਹਾਲਤ ਵੀ ਅਲੱਗ ਹੁੰਦੀ ਹੈ। ਔਰਤਾਂ ਆਮ ਤੌਰ 'ਤੇ ਉਦਾਸ ਅਤੇ ਅਸੰਤੁਸ਼ਟ ਰਹਿੰਦੀਆਂ ਹਨ ਅਤੇ ਮਰਦਾਂ ਦੀ ਤੁਲਨਾ ਵਿੱਚ ਜਲਦੀ ਹੀ ਨਾਰਾਜ਼ ਹੋ ਜਾਂਦੀਆਂ ਹਨ। ਔਰਤਾਂ ਦੀਆਂ ਰੁਚੀਆਂ ਦਾ ਘੇਰਾ ਤੰਗ ਹੁੰਦਾ ਹੈ ਅਤੇ ਉਨ੍ਹਾਂ ਵਿੱਚ ਭਰਪੂਰ ਖ਼ੁਸ਼ੀ ਮਾਣਨ ਦੀ ਸਮਰੱਥਾ ਵੀ ਘੱਟ ਹੁੰਦੀ ਹੈ। ਤਾਂ ਹੀ ਦਿਮਾਗ਼ੀ ਬਿਮਾਰੀਆਂ ਦੀ ਜ਼ਿਆਦਾ ਮਾਰ ਔਰਤਾਂ ਨੂੰ ਹੀ ਝੱਲਣੀ ਪੈਂਦੀ ਹੈ।

ਸੈਕਸ ਹਾਰਮੋਨਜ਼ ਦੇ ਪ੍ਰਭਾਵ ਅਧੀਨ ਵੀ ਸਾਡਾ ਵਤੀਰਾ ਬਦਲਦਾ ਰਹਿੰਦਾ ਹੈ। ਮਰਦਾਂ ਵਿੱਚ ਹਾਰਮੋਨਜ਼ ਦਾ ਪੱਧਰ ਆਮ ਤੌਰ 'ਤੇ ਸਥਿਰ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਵਤੀਰੇ ਵਿੱਚ ਕਦੇ-ਕਦਾਈਂ ਹੀ ਬਦਲਾਅ ਵੇਖਣ ਨੂੰ ਮਿਲਦਾ ਹੈ। ਇਸ ਦੇ ਉਲਟ ਔਰਤਾਂ ਦੇ ਹਾਰਮੋਨ ਪੱਧਰ ਵਿੱਚ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਰੋਜ਼ਾਨਾ ਵਿਹਾਰ ਤੇ ਵਤੀਰੇ ਵਿੱਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਇੱਕ ਔਰਤ ਜਿਹੜੀ ਸਵੇਰ ਸਮੇਂ ਚੰਗੇ ਮੂਡ ਵਿੱਚ ਹੁੰਦੀ ਹੈ, ਉਹੀ ਸ਼ਾਮ ਵੇਲੇ ਅਲੱਗ ਨਜ਼ਰ ਆਉਂਦੀ ਹੈ। ਦਰਅਸਲ, ਜਿਸ ਸਮੇਂ ਦੌਰਾਨ ਔਰਤ ਦੇ ਦੋਵੇਂ ਪ੍ਰਮੁੱਖ ਹਾਰਮੋਨਜ਼ ਐਸਟਰੋਜਨ ਤੇ ਪ੍ਰੋਜੈਸਟਰਾਨ ਵਿਚਾਲੇ ਆਪਸੀ ਸਬੰਧ ਸੁਖਾਵੇਂ ਹੁੰਦੇ ਹਨ, ਉਨ੍ਹੀਂ ਦਿਨੀਂ ਔਰਤ ਦਾ ਮਨ ਖ਼ੁਸ਼ੀ ਨਾਲ ਹੁਲਾਰੇ ਲੈ ਰਿਹਾ ਹੁੰਦਾ ਹੈ। ਔਰਤ ਤੇ ਮਰਦ ਦੇ ਵਤੀਰਿਆਂ ਵਿੱਚ ਫ਼ਰਕ ਦਾ ਮੁੱਖ ਕਾਰਨ ਇਹ ਵੀ ਹੈ ਕਿ ਔਰਤਾਂ ਦੇ ਦਿਮਾਗ਼ ਦਾ ਸੱਜਾ ਅੱਧ ਅਤੇ ਮਰਦਾਂ ਦੇ ਦਿਮਾਗ਼ ਦਾ ਖੱਬਾ ਅੱਧ ਵਧੇਰੇ ਕਾਰਜਸ਼ੀਲ ਰਹਿੰਦਾ ਹੈ। ਸੱਜੇ ਤੇ ਖੱਬੇ ਦਿਮਾਗ਼ ਨੇ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ।

ਦਿਮਾਗ਼ ਦਾ ਖੱਬਾ ਅੱਧ ਜੀਵਨ ਨੂੰ ਹੁਲਾਰੇ ਦਿੰਦੀਆਂ ਪ੍ਰਵਿਰਤੀਆਂ ਦਾ ਕੇਂਦਰ ਹੁੰਦਾ ਹੈ। ਇੱਥੇ ਖ਼ੁਸ਼ੀਆਂ ਅਤੇ ਮਨ-ਪ੍ਰਚਾਵਿਆਂ ਬਾਰੇ ਅਹਿਸਾਸ ਜਨਮ ਲੈਂਦੇ ਹਨ। ਤਰਕ, ਦਲੀਲਾਂ, ਹਿਸਾਬ-ਕਿਤਾਬ ਦੀ ਯੋਗਤਾ, ਵਿਗਿਆਨ ਵੱਲ ਝੁਕਾਅ ਅਤੇ ਇਹੋ ਜਿਹੀਆਂ ਹੋਰ ਰੁਚੀਆਂ ਵੀ ਇੱਥੇ ਹੀ ਪੁੰਗਰਦੀਆਂ ਹਨ। ਉੱਧਰ ਦਿਮਾਗ਼ ਦਾ ਸੱਜਾ ਅੱਧ ਕਈ ਰਚਨਾਤਮਕ ਰੁਚੀਆਂ ਦਾ ਪੰਘੂੜਾ ਹੁੰਦਾ ਹੈ। ਕਲਪਨਾ ਵੀ ਸੱਜੇ ਅੱਧ ਦੀ ਦੇਣ ਹੁੰਦੀ ਹੈ। ਦੂਸਰਿਆਂ ਪ੍ਰਤੀ ਹਮਦਰਦੀ ਤੇ ਕੋਮਲ ਰਵੱਈਆ ਵੀ ਸੱਜੇ ਅੱਧ ਦੀ ਕਾਰਜਸ਼ੀਲਤਾ ਦਾ ਨਤੀਜਾ ਹੁੰਦਾ ਹੈ। ਉਂਜ ਡਰ, ਉਦਾਸੀ, ਘ੍ਰਿਣਾ ਆਦਿ ਵਰਗੀਆਂ ਰੁਚੀਆਂ ਵੀ ਇੱਥੇ ਹੀ ਪੈਦਾ ਹੁੰਦੀਆਂ ਹਨ। ਇਤਫਾਕਵਸ ਵਕੀਲ, ਡਾਕਟਰ, ਵਿਗਿਆਨੀ, ਲੇਖਕ, ਹਿਸਾਬਦਾਨ ਆਦਿ ਜ਼ਿਆਦਾ ਕਰਕੇ ਦਿਮਾਗ਼ ਦੇ ਖੱਬੇ ਅੱਧ ਦੀ ਵਰਤੋਂ ਕਰਦੇ ਹਨ ਜਦੋਂ ਕਿ ਕਵੀ, ਸੰਗੀਤਕਾਰ, ਨ੍ਰਿਤਕਾਰ, ਚਿੱਤਰਕਾਰ, ਬੁੱਤ ਘਾੜੇ ਆਦਿ ਸੱਜੇ ਅੱਧ ਤੋਂ ਵਧੇਰੇ ਪ੍ਰਭਾਵਿਤ ਹੁੰਦੇ ਹਨ।

ਦਿਮਾਗ਼ ਦਾ ਸੱਜਾ ਅੱਧ ਜਜ਼ਬਾਤੀ ਸੋਚ ਦਾ ਕੇਂਦਰ ਹੁੰਦਾ ਹੈ। ਤਾਹੀਓਂ ਸੱਜੇ ਹਿੱਸੇ ਨੂੰ ਜਜ਼ਬਾਤੀ ਦਿਮਾਗ਼ ਕਿਹਾ ਜਾਂਦਾ ਹੈ। ਔਰਤਾਂ ਕਿਉਂਕਿ ਸੱਜੇ ਦਿਮਾਗ਼ ਦੇ ਪ੍ਰਭਾਵ ਅਧੀਨ ਵਿਚਰਦੀਆਂ ਹਨ, ਇਸ ਲਈ ਉਹ ਭਾਵਨਾਤਮਕ ਗੱਲਾਂ ਨੂੰ ਵੱਧ ਹੁੰਗਾਰਾ ਦਿੰਦੀਆਂ ਹਨ ਅਤੇ ਲੰਮੇ ਸਮੇਂ ਤਕ ਚੇਤੇ ਰੱਖਦੀਆਂ ਹਨ। ਇਸ ਦੇ ਉਲਟ ਮਰਦ ਭਾਵੁਕ ਨਾਖੁਸ਼ਗਵਾਰ ਘਟਨਾਵਾਂ ਦੀਆਂ ਯਾਦਾਂ ਨੂੰ ਆਮ ਤੌਰ 'ਤੇ ਸੰਭਾਲ ਕੇ ਨਹੀਂ ਰੱਖਦੇ। ਇਹੋ ਕਾਰਨ ਹੈ ਕਿ ਮਰਦ, ਔਰਤ ਦੇ ਮੁਕਾਬਲੇ ਘੱਟ ਤਣਾਅਗ੍ਰਸਤ ਹੁੰਦੇ ਹਨ।

ਸੱਜੇ ਦਿਮਾਗ਼ ਦੇ ਪ੍ਰਭਾਵ ਅਧੀਨ ਹੋਣ ਕਾਰਨ ਔਰਤਾਂ ਤਰਕ ਦੀ ਗੱਲ ਨੂੰ ਮਰਦਾਂ ਦੇ ਮੁਕਾਬਲੇ ਘੱਟ ਹੁੰਗਾਰਾ ਦਿੰਦੀਆਂ ਹਨ। ਇਹੋ ਕਾਰਨ ਹੈ ਕਿ ਔਰਤਾਂ, ਪਾਖੰਡੀ-ਸਾਧਾਂ, ਤਾਂਤਰਿਕਾਂ ਤੇ ਜੋਤਸ਼ੀਆਂ ਦੀ ਚੁੰਗਲ ਵਿੱਚ ਸਹਿਜੇ ਹੀ ਫਸ ਜਾਂਦੀਆਂ ਹਨ। ਇਹ ਔਰਤ ਦੇ ਸੱਜੇ ਦਿਮਾਗ਼ ਦੇ ਭਾਰੂ ਹੋਣ ਦਾ ਹੀ ਨਤੀਜਾ ਹੁੰਦਾ ਹੈ। ਮਰਦ ਜਿੱਥੇ ਸਿੱਧੀ ਤੇ ਮਤਲਬ ਦੀ ਗੱਲ ਕਰਨ ਵਿੱਚ ਵਧੇਰੇ ਵਿਸ਼ਵਾਸ ਰੱਖਦੇ ਹਨ, ਉੱਥੇ ਔਰਤਾਂ ਨੂੰ ਬੁਝਾਰਤਾਂ ਪਾਉਣ ਦੀ ਅਕਸਰ ਆਦਤ ਹੁੰਦੀ ਹੈ।

ਆਖ਼ਰ, ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਔਰਤ ਤੇ ਮਰਦ ਦੇ ਸੋਚਣ ਦੇ ਤਰੀਕੇ ਵਿੱਚ ਵਖਰੇਵੇਂ ਦਾ ਮੁੱਖ ਕਾਰਨ ਉਨ੍ਹਾਂ ਦੇ ਜੀਨਾਂ ਅਤੇ ਦਿਮਾਗ਼ ਦੇ ਕੰਮ ਕਰਨ ਦੇ ਢੰਗ ਵਿੱਚ ਛੁਪਿਆ ਹੁੰਦਾ ਹੈ, ਪਰ ਔਰਤ ਤੇ ਮਰਦ ਦੇ ਵਿਸ਼ੇਸ਼ ਗੁਣਾਂ ਵਿਚਕਾਰ ਕੋਈ ਸਿੱਧੀ ਤੇ ਸਪੱਸ਼ਟ ਲਕੀਰ ਨਹੀਂ ਖਿੱਚੀ ਜਾ ਸਕਦੀ ਕਿਉਂਕਿ ਸੱਜਾ ਤੇ ਖੱਬਾ ਦਿਮਾਗ਼ ਵਿਚਕਾਰੋਂ ਇੱਕ ਵਿਸ਼ੇਸ਼ ਪੁਲ-ਰੂਪੀ ਅੰਗ ਰਾਹੀਂ ਇੱਕ-ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਜ਼ਰੂਰਤ ਪੈਣ 'ਤੇ ਸਹਿਯੋਗ ਪ੍ਰਾਪਤ ਕਰਕੇ ਪਰਸਪਰ ਸਾਂਝ ਵੀ ਕਾਇਮ ਕਰ ਲੈਂਦੇ ਹਨ ਤਾਂ ਹੀ ਕੁਝ ਔਰਤਾਂ ਮਰਦਾਂ ਵਾਂਗ ਅਤੇ ਕੁਝ ਮਰਦ ਔਰਤਾਂ ਵਾਂਗ ਵਿਚਰਦੇ ਹਨ।

Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

# ਭਾਰਤੀ ਕ੍ਰਿਕਟ ਲਈ ਸਵੈ-ਪੜਚੋਲ ਦਾ ਵੇਲਾ




*ਪਿਛਲੇ ਕੁਝ ਸਾਲਾਂ ਵਿਚ ਸਲਾਮੀ ਬੱਲੇਬਾਜ਼ਾਂ ਅਤੇ ਮੱਧਕ੍ਰਮ ਨੇ ਅਕਸਰ ਨਿਰਾਸ਼ ਕੀਤਾ ਹੈ। ਅਜਿਹੇ ਵਿਚ ਤੁਸੀਂ ਹਮੇਸ਼ਾ ਹੇਠਲੇ ਮੱਧ ਕ੍ਰਮ ਅਤੇ ਹੇਠਲੇ ਕ੍ਰਮ 'ਤੇ ਬੇੜੀ ਪਾਰ ਲਗਾਉਣ ਦਾ ਭਰੋਸਾ ਨਹੀਂ ਕਰ ਸਕਦੇ। ਕੋਚ ਦ੍ਰਾਵਿੜ ਦਾ ਇਹ ਕਹਿਣਾ ਕਿ ਵਿਸ਼ਵ ਦੇ ਸਾਰੇ ਬੱਲੇਬਾਜ਼ਾਂ ਦਾ ਔਸਤ ਡਿੱਗਿਆ ਹੈ, ਸਮੁੱਚੇ ਮੁਹਾਂਦਰੇ ਦੀ ਹਕੀਕਤ ਨੂੰ ਨਹੀਂ ਦਰਸਾਉਂਦਾ।*

-ਤਰੁਣ ਗੁਪਤ

ਇਹ ਸੁਭਾਵਿਕ ਹੀ ਹੈ ਕਿ ਬੀਤੇ ਦਿਨੀਂ ਵਿਸ਼ਵ ਟੈਸਟ ਚੈਂਪੀਅਨਸ਼ਿਪ ਅਰਥਾਤ ਡਬਲਯੂਟੀਸੀ ਦੇ ਫਾਈਨਲ ਵਿਚ ਮਿਲੀ ਹਾਰ ਕ੍ਰਿਕਟ ਪ੍ਰੇਮੀਆਂ ਵਿਚਾਲੇ ਹੁਣ ਤਕ ਚਰਚਾ ਵਿਚ ਬਣੀ ਹੋਈ ਹੈ। ਟੀਮ ਮੈਨੇਜਮੈਂਟ ਇਸ ਨੂੰ ਮਹਿਜ਼ ਇਕ ਖ਼ਰਾਬ ਮੈਚ ਕਹਿ ਕੇ ਹਲਕੇ ਵਿਚ ਟਾਲਣਾ ਚਾਹੇਗੀ। ਆਖ਼ਰਕਾਰ ਸਾਡੀ ਟੀਮ ਸਾਰੇ ਫਾਰਮੈਟਾਂ ਵਿਚ ਨਿਰੰਤਰ ਚੰਗਾ ਪ੍ਰਦਰਸ਼ਨ ਕਰਦੀ ਆਈ ਹੈ।

ਭਾਵੇਂ ਹੀ ਇਹ ਸਿੱਟਾ ਤਰਕਸੰਗਤ ਪ੍ਰਤੀਤ ਹੁੰਦਾ ਹੋਵੇ ਫਿਰ ਵੀ ਇਹ ਹਾਰ ਜ਼ਰੂਰ ਵਿਆਕੁਲ ਕਰਨ ਵਾਲੀ ਹੈ। ਇਹ ਇਕ ਹੋਰ ਅਸਫਲਤਾ ਰਹੀ ਜਿੱਥੇ ਅਸੀਂ ਅੰਤਿਮ ਅੜਿੱਕਾ ਪਾਰ ਨਹੀਂ ਕਰ ਸਕੇ। ਆਈਸੀਸੀ ਟਰਾਫੀ ਜਿੱਤਣ ਲਈ ਅਸੀਂ ਲੰਬੇ ਸਮੇਂ ਤੋਂ ਯਤਨਸ਼ੀਲ ਹਾਂ। ਕੋਈ ਵਿਸ਼ਵ ਪੱਧਰੀ ਟੂਰਨਾਮੈਂਟ ਜਿੱਤੇ ਹੋਏ ਸਾਨੂੰ ਇਕ ਦਹਾਕੇ ਤੋਂ ਜ਼ਿਆਦਾ ਦਾ ਸਮਾਂ ਹੋ ਗਿਆ ਹੈ।

ਮੈਦਾਨ 'ਤੇ ਸਾਡੀਆਂ ਤਮਾਮ ਸਮਰੱਥਾਵਾਂ ਅਤੇ ਮੈਦਾਨ ਤੋਂ ਬਾਹਰ ਤਮਾਮ ਸੋਮਿਆਂ ਦੇ ਬਾਵਜੂਦ ਕੌੜੀ ਸੱਚਾਈ ਇਹੀ ਹੈ ਕਿ ਟੀਮ ਇੰਡੀਆ ਲਈ ਆਈਸੀਸੀ ਤਮਗਾ ਪਹੁੰਚ ਤੋਂ ਬਾਹਰ ਹੈ। ਇਹ ਹਾਰ ਪੀੜਾਦਾਇਕ ਰਹੀ ਅਤੇ ਸੰਭਵ ਤੌਰ 'ਤੇ ਇਸ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਨਾ ਕਰਨਾ ਇਸ ਤੋਂ ਵੀ ਵੱਧ ਦੁੱਖ ਪਹੁੰਚਾਉਣ ਵਾਲਾ ਵਰਤਾਰਾ ਸੀ। ਇਸ ਮੈਚ ਵਿਚ ਅਸੀਂ ਕਦੇ ਵੀ ਮੁਕਾਬਲੇ ਵਿਚ ਨਹੀਂ ਦਿਸੇ। ਇਸ ਤੋਂ ਵੀ ਬੁਰਾ ਹੈ ਅੰਤਿਮ ਗੇੜ 'ਤੇ ਨਿਰੰਤਰ ਅਸਫਲਤਾ ਅਤੇ ਪਿਛਲੀਆਂ ਗ਼ਲਤੀਆਂ ਤੋਂ ਸਬਕ ਨਾ ਸਿੱਖਣ ਵਾਲਾ ਰਵੱਈਆ। ਕੁਝ ਹਾਰਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਵਿਸ਼ਲੇਸ਼ਣਾਂ ਦੀ ਝੜੀ ਲੱਗ ਜਾਂਦੀ ਹੈ। ਇਸ ਦੇ ਗੂੜ੍ਹ ਬਿੰਦੂਆਂ 'ਤੇ ਭਾਵੇਂ ਹੀ ਮਾਹਿਰ ਚਰਚਾ ਕਰਨ ਪਰ ਆਮ ਖੇਡ ਪ੍ਰੇਮੀ ਵੀ ਬੁਨਿਆਦੀ ਪਹਿਲੂਆਂ 'ਤੇ ਤਾਂ ਧਿਆਨ ਕੇਂਦਰਿਤ ਕਰ ਹੀ ਸਕਦੇ ਹਨ।

ਕਿਸੇ ਨੇ ਇੰਟਰਨੈੱਟ ਮੀਡੀਆ 'ਤੇ ਇਸ ਦੀ ਬਹੁਤ ਹੀ ਸਹੀ ਵਿਆਖਿਆ ਕੀਤੀ ਹੈ ਕਿ 'ਅਸੀਂ ਟਾਸ ਜਿੱਤਦੇ ਹੀ ਮੈਚ ਹਾਰ ਗਏ, ਜਦ ਅਸੀਂ ਆਸਟਰੇਲੀਆ ਨੂੰ ਬੱਲੇਬਾਜ਼ੀ ਲਈ ਸੱਦਿਆ ਅਤੇ ਅਸ਼ਵਿਨ ਨੂੰ ਬਾਹਰ ਬਿਠਾ ਦਿੱਤਾ।' ਸਾਡਾ ਸਿਖਰਲਾ ਕ੍ਰਮ ਵਾਰ-ਵਾਰ ਅਸਫਲ ਹੋ ਰਿਹਾ ਹੈ। ਅਸੀਂ ਢੁੱਕਵੀਆਂ ਦੌੜਾਂ ਬਣਾਉਣ ਵਿਚ ਨਾਕਾਮ ਸਾਬਿਤ ਹੁੰਦੇ ਜਾ ਰਹੇ ਹਾਂ। ਇਹ ਸਹੀ ਹੈ ਕਿ ਸਾਡੇ ਗੇਂਦਬਾਜ਼ਾਂ ਨੇ ਕੁਝ ਜ਼ਿਆਦਾ ਦੌੜਾਂ ਦੇ ਦਿੱਤੀਆਂ ਪਰ ਇਸ ਗੱਲ ਦਾ ਵੀ ਹਰਗਿਜ਼ ਬਚਾਅ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਬੱਲੇਬਾਜ਼ ਕਿਸੇ ਵੀ ਪਾਰੀ ਵਿਚ 300 ਤੋਂ ਵੱਧ ਦਾ ਅੰਕੜਾ ਪਾਰ ਨਹੀਂ ਕਰ ਸਕੇ।

ਪਿਛਲੇ ਕੁਝ ਸਾਲਾਂ ਵਿਚ ਸਲਾਮੀ ਬੱਲੇਬਾਜ਼ਾਂ ਅਤੇ ਮੱਧਕ੍ਰਮ ਨੇ ਅਕਸਰ ਨਿਰਾਸ਼ ਕੀਤਾ ਹੈ। ਅਜਿਹੇ ਵਿਚ ਤੁਸੀਂ ਹਮੇਸ਼ਾ ਹੇਠਲੇ ਮੱਧ ਕ੍ਰਮ ਅਤੇ ਹੇਠਲੇ ਕ੍ਰਮ 'ਤੇ ਬੇੜੀ ਪਾਰ ਲਗਾਉਣ ਦਾ ਭਰੋਸਾ ਨਹੀਂ ਕਰ ਸਕਦੇ। ਕੋਚ ਦ੍ਰਾਵਿੜ ਦਾ ਇਹ ਕਹਿਣਾ ਕਿ ਵਿਸ਼ਵ ਦੇ ਸਾਰੇ ਬੱਲੇਬਾਜ਼ਾਂ ਦਾ ਔਸਤ ਡਿੱਗਿਆ ਹੈ, ਸਮੁੱਚੇ ਮੁਹਾਂਦਰੇ ਦੀ ਹਕੀਕਤ ਨੂੰ ਨਹੀਂ ਦਰਸਾਉਂਦਾ। ਅਸਲ ਵਿਚ ਉਪਲਬਧ ਅੰਕੜੇ ਉਲਟ ਤਸਵੀਰ ਦਿਖਾਉਂਦੇ ਹਨ। ਬੀਤੇ ਡਬਲਯੂਟੀਸੀ ਦੌਰੇ ਵਿਚ ਸਾਡੇ ਚੋਟੀ ਦੇ ਬੱਲੇਬਾਜ਼ਾਂ ਦਾ ਪ੍ਰਦਰਸ਼ਨ ਹੋਰ ਦੇਸ਼ਾਂ ਦੇ ਦਿੱਗਜ ਬੱਲੇਬਾਜ਼ਾਂ ਦੀ ਤੁਲਨਾ ਵਿਚ ਖਾਸਾ ਮਾੜਾ ਰਿਹਾ ਹੈ।

ਅਸੀਂ ਖ਼ਰਾਬ ਤਾਲਮੇਲ ਨਾਲ ਖੇਡੇ। ਅਸੀਂ ਆਪਣੇ ਸਭ ਤੋਂ ਬਿਹਤਰੀਨ ਗੇਂਦਬਾਜ਼ ਅਸ਼ਵਿਨ ਨੂੰ ਬਾਹਰ ਬਿਠਾ ਦਿੱਤਾ। ਦੋ ਸਾਲ ਪਹਿਲਾਂ ਸਾਊਥੈਂਪਟਨ ਵਿਚ ਖੇਡੇ ਗਏ ਪਹਿਲੇ ਡਬਲਯੂਟੀਸੀ ਫਾਈਨਲ ਵਿਚ ਅਸੀਂ ਦੋ ਸਪਿੰਨ ਗੇਂਦਬਾਜ਼ਾਂ ਨਾਲ ਉਤਰੇ ਅਤੇ ਉਹ ਵੀ ਉਦੋਂ ਜਦ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਭਾਰੀ ਬਾਰਿਸ਼ ਹੋ ਰਹੀ ਸੀ। ਇਹ ਸਹੀ ਹੈ ਕਿ ਇਸ ਵਾਰ ਵੀ ਮੈਚ ਦੀ ਸ਼ੁਰੂਆਤ ਤੋਂ ਪਹਿਲਾਂ ਕੁਝ ਬੱਦਲ ਦਿਖਾਈ ਦੇ ਰਹੇ ਸਨ ਪਰ ਬਾਅਦ ਵਿਚ ਪੂਰੇ ਪੰਜ ਦਿਨ ਸੁਨਹਿਰੀ ਧੁੱਪ ਖਿੜੀ ਰਹੀ। ਕੀ ਦੋਵੇਂ ਵਾਰ ਹਾਲਾਤ ਦਾ ਮੁਲਾਂਕਣ ਕਰਨ ਵਿਚ ਟੀਮ ਦੇ ਥਿੰਕ ਟੈਂਕ ਨੇ ਗ਼ਲਤੀ ਕੀਤੀ? ਸਾਲ ਦੇ ਸਭ ਤੋਂ ਮਹੱਤਵਪੂਰਨ ਮੁਕਾਬਲੇ ਲਈ ਸਾਡੀ ਤਿਆਰੀ ਆਦਰਸ਼ ਨਹੀਂ ਸੀ। ਖਿਡਾਰੀਆਂ ਨੂੰ ਢੁੱਕਵਾਂ ਆਰਾਮ ਨਹੀਂ ਮਿਲ ਸਕਿਆ। ਤਾਬੜਤੋੜ ਸ਼ੈਲੀ ਵਾਲੇ ਆਈਪੀਐੱਲ ਵਿਚ ਭਾਗੀਦਾਰੀ ਤੋਂ ਬਾਅਦ ਪੰਜ ਦਿਨਾ ਫਾਰਮੇਟ ਲਈ ਸਰੀਰਕ ਤੇ ਮਾਨਸਿਕ ਤੌਰ 'ਤੇ ਢਲਣ ਲਈ ਵੀ ਉਨ੍ਹਾਂ ਨੂੰ ਸਮਾਂ ਨਹੀਂ ਮਿਲ ਸਕਿਆ। ਭਾਰਤੀ ਕ੍ਰਿਕਟ ਦੇ ਅੱਗੇ ਕੁਝ ਵਿਚਾਰਨ ਯੋਗ ਬਿੰਦੂ ਹਨ। ਕੀ ਸਾਨੂੰ ਅਜਿਹੇ ਦਿੱਗਜ ਬੱਲੇਬਾਜ਼ਾਂ ਦਾ ਨਵੇਂ ਸਿਰੇ ਤੋਂ ਮੁਲਾਂਕਣ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਸੁਨਹਿਰੀ ਦੌਰ ਸੰਭਵ ਤੌਰ 'ਤੇ ਪਿੱਛੇ ਛੁੱਟ ਗਿਆ ਹੈ? ਕੀ ਟੈਸਟ ਕ੍ਰਿਕਟ ਲਈ ਆਈਪੀਐੱਲ ਢੁੱਕਵੀਂ ਨਰਸਰੀ ਹੈ? ਕੀ ਪ੍ਰਤਿਭਾਵਾਂ ਦੀ ਘਰੇਲੂ ਕ੍ਰਿਕਟ ਦੇ ਪੁਰਾਣੇ ਢਾਂਚੇ ਨਾਲ ਨਿਸ਼ਾਨਦੇਹੀ ਨਹੀਂ ਕੀਤੀ ਜਾਣੀ ਚਾਹੀਦੀ?

ਕੀ ਇੰਨੇ ਵੱਡੇ ਮੁਕਾਬਲੇ ਤੋਂ ਦਸ ਦਿਨ ਪਹਿਲਾਂ ਤਕ ਆਪਣੇ ਮੁੱਖ ਖਿਡਾਰੀਆਂ ਨੂੰ ਆਈਪੀਐੱਲ ਖੇਡਣ ਦੇਣਾ ਸਮਝਦਾਰੀ ਸੀ? ਇਨ੍ਹਾਂ ਮਹੱਤਵਪੂਰਨ ਬੁਨਿਆਦੀ ਤੱਥਾਂ ਤੋਂ ਤਾਂ ਔਸਤ ਪ੍ਰਸ਼ੰਸਕ ਵੀ ਜਾਣੂ ਹਨ। ਖੇਡ ਪ੍ਰਸ਼ਾਸਕਾਂ ਦੇ ਅੱਗੇ ਤਾਂ ਬਹੁਤ ਵਿਆਪਕ ਮੁੱਦੇ ਹਨ। ਘਰੇਲੂ ਹਾਲਾਤ ਦਾ ਲਾਹਾ ਚੁੱਕਣ ਦੇ ਨਾਂ 'ਤੇ ਅਸੀਂ ਇਕ ਤਰ੍ਹਾਂ ਨਾਲ ਅੱਤ ਹੀ ਕਰ ਦਿੱਤੀ ਹੈ। ਭਾਰਤ ਵਿਚ ਟੈਸਟ ਮੈਚ ਕਦੇ-ਕਦਾਈਂ ਹੀ ਪੰਜ ਦਿਨਾਂ ਤਕ ਚੱਲਦਾ ਹੈ। ਇਹ ਸਹੀ ਹੈ ਕਿ ਘਰ ਵਿਚ ਜਿੱਤਣ ਤੋਂ ਇਲਾਵਾ ਅਸੀਂ ਆਸਟਰੇਲੀਆ ਅਤੇ ਇੰਗਲੈਂਡ ਵਿਚ ਵੀ ਟੈਸਟ ਜਿੱਤੇ ਹਨ। ਸੇਨਾ (ਦੱਖਣੀ ਅਫ਼ਰੀਕਾ, ਇੰਗਲੈਂਡ, ਨਿਊਜ਼ੀਲੈਂਡ ਅਤੇ ਆਸਟਰੇਲੀਆ) ਦੇਸ਼ਾਂ ਵਿਚ ਸਾਡਾ ਪ੍ਰਦਰਸ਼ਨ ਇਨ੍ਹਾਂ ਦੇਸ਼ਾਂ ਦੇ ਭਾਰਤ ਵਿਚ ਪ੍ਰਦਰਸ਼ਨ ਨਾਲੋਂ ਕਿਤੇ ਜ਼ਿਆਦਾ ਬਿਹਤਰ ਰਿਹਾ ਹੈ। ਬਾਵਜੂਦ ਇਸ ਦੇ ਅਤੀਤ ਦੇ ਸਭ ਦੌਰਾਂ ਦੀਆਂ ਮਹਾਨ ਟੀਮਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋਣ ਲਈ ਸਾਨੂੰ ਵਿਦੇਸ਼ੀ ਦੌਰਿਆਂ 'ਤੇ ਹੋਰ ਜ਼ਿਆਦਾ ਸਫਲ ਹੋਣ ਦੇ ਨਾਲ-ਨਾਲ ਫ਼ੈਸਲਾਕੁੰਨ ਮੁਕਾਬਲਿਆਂ ਵਿਚ ਬਿਹਤਰ ਕਾਰਗੁਜ਼ਾਰੀ ਦਿਖਾਉਣੀ ਹੋਵੇਗੀ।

ਅਜਿਹੇ ਵਿਚ ਉਹ ਘਰੇਲੂ ਹਾਲਾਤ ਜਿਨ੍ਹਾਂ ਵਿਚ ਟੈਸਟ ਦੋ-ਢਾਈ ਦਿਨ ਵਿਚ ਹੀ ਨਿਪਟ ਜਾਂਦਾ ਹੈ, ਜਿੱਥੇ ਪਹਿਲੇ ਓਵਰ ਤੋਂ ਹੀ ਨਵੀਂ ਗੇਂਦ ਸਪਿੰਨਰਾਂ ਨੂੰ ਫੜਾ ਦਿੱਤੀ ਜਾਵੇ, ਜਿੱਥੇ ਪਿੱਚ 'ਤੇ ਧੂੜ ਉੱਡਦੀ ਦਿਖਾਈ ਦੇਵੇ, ਕਿਸੇ ਵੀ ਪੱਖੋਂ ਵਿਦੇਸ਼ੀ ਦੌਰਿਆਂ ਦੀ ਤਿਆਰੀ ਵਾਸਤੇ ਢੁੱਕਵੇਂ ਨਹੀਂ ਹਨ। ਸਮੁੱਚੇ ਤੌਰ 'ਤੇ ਇਹ ਹਾਲਾਤ ਟੈਸਟ ਕ੍ਰਿਕਟ ਦੇ ਭਵਿੱਖ ਲਈ ਵੀ ਮਾਫ਼ਕ ਨਹੀਂ ਹਨ।

ਘਰੇਲੂ ਟੀਮ ਨੂੰ ਲਾਭ ਦਿਵਾਉਣ ਵਾਲੀਆਂ ਪਿੱਚਾਂ ਬਣਾਉਣਾ ਇਕ ਪੁਰਾਣੀ ਰਵਾਇਤ ਰਹੀ ਹੈ ਪਰ ਸਮੇਂ ਦੇ ਨਾਲ-ਨਾਲ ਇਹ ਰਵਾਇਤ ਇਕਤਰਫਾ ਮੁਕਾਬਲਿਆਂ ਵੱਲ ਵਧ ਰਹੀ ਹੈ। ਅਜਿਹੇ ਵਿਚ ਬਿਹਤਰ ਇਹੀ ਹੋਵੇਗਾ ਕਿ ਜ਼ਿੰਮੇਵਾਰ ਸੰਸਥਾਵਾਂ ਨੂੰ ਪਿੱਚਾਂ ਦਾ ਕੁਝ ਮਾਨਕੀਕਰਨ ਕਰਨਾ ਚਾਹੀਦਾ ਹੈ। ਸੰਭਵ ਤੌਰ 'ਤੇ ਸਮਾਂ ਆ ਗਿਆ ਹੈ ਕਿ ਨਿਰਪੱਖ ਅੰਪਾਇਰਾਂ ਦੇ ਨਾਲ ਹੀ ਨਿਰਪੱਖ ਪਿੱਚ ਕਿਊਰੇਟਰ ਦੇ ਵਿਚਾਰ ਨੂੰ ਅਮਲੀਜਾਮਾ ਪੁਆਇਆ ਜਾਵੇ। ਦੋ ਸਾਲ ਤਕ ਚੱਲੇ ਡਬਲਯੂਟੀਸੀ ਦੌਰ ਦਾ ਇਕ ਮੈਚ ਨਾਲ ਫ਼ੈਸਲਾ ਕਰਨਾ ਵੀ ਨਿਆਂਸੰਗਤ ਨਹੀਂ ਲੱਗਦਾ।

ਫਾਈਨਲ ਦਾ ਫ਼ੈਸਲਾ ਕਰਨ ਲਈ ਤਿੰਨ ਮੈਚਾਂ ਦੀ ਲੜੀ ਇਕ ਢੁੱਕਵੀਂ ਪ੍ਰਕਿਰਿਆ ਹੋਵੇਗੀ ਜਿਸ ਵਿਚ ਇਕ-ਇਕ ਮੈਚ ਆਪਣੇ ਘਰੇਲੂ ਮੈਦਾਨ 'ਤੇ ਅਤੇ ਇਕ ਨਿਰਪੱਖ ਕੇਂਦਰ 'ਤੇ ਹੋਵੇ। ਕਲਪਨਾ ਕਰੋ ਕਿ ਫਾਈਨਲਿਸਟ ਦੇ ਰੂਪ ਵਿਚ ਭਾਰਤ ਅਤੇ ਆਸਟ੍ਰੇਲੀਆ ਇਕ-ਇਕ ਮੈਚ ਮੁੰਬਈ ਤੇ ਮੈਲਬੌਰਨ ਵਿਚ ਅਤੇ ਤੀਜਾ ਲੰਡਨ ਵਿਚ ਖੇਡਦੇ। ਅਜਿਹੇ ਨਤੀਜੇ ਵਿਚ ਨਿਰੰਤਰਤਾ ਦਾ ਭਾਵ ਸਾਫ਼ ਦਿਖਾਈ ਦਿੰਦਾ ਅਤੇ ਕਿਤੇ ਯੋਗ ਜੇਤੂ ਮਿਲਦਾ।

ਜੇਕਰ ਅਸੀਂ ਹਰ ਸਾਲ ਆਈਪੀਐੱਲ ਲਈ ਦੋ ਮਹੀਨੇ ਕੱਢ ਲੈਂਦੇ ਹਾਂ ਤਾਂ ਇਸ ਖੇਡ ਦੇ ਸਭ ਤੋਂ ਰਵਾਇਤੀ ਫਾਰਮੇਟ ਟੈਸਟ ਕ੍ਰਿਕਟ ਦੇ ਦੋ ਸਾਲ ਵਿਚ ਹੋਣ ਵਾਲੇ ਮੁਕਾਬਲੇ ਦੇ ਫਾਈਨਲ ਲਈ ਇਕ ਮਹੀਨਾ ਕਿਉਂ ਨਹੀਂ ਕੱਢ ਸਕਦੇ? ਖੇਡ ਦੇ ਸਭ ਤੋਂ ਵੱਕਾਰੀ ਫਾਰਮੇਟ ਨੂੰ ਹੋਰ ਰੋਮਾਂਚਕ ਬਣਾਉਣ ਲਈ ਸਮੁੱਚੀ ਦੁਨੀਆ ਦੇ ਕ੍ਰਿਕਟ ਪ੍ਰਸ਼ਾਸਕਾਂ ਨੂੰ ਨਵੇਂ ਸਿਰੇ ਤੋਂ ਵਿਚਾਰ ਕਰਨਾ ਹੋਵੇਗਾ।

ਇਹ ਸਹੀ ਹੈ ਕਿ ਟੀ-20 ਦੇ ਦੌਰ ਵਿਚ ਟੈਸਟ ਕ੍ਰਿਕਟ ਦੀ ਮਕਬੂਲੀਅਤ ਨੂੰ ਢਾਹ ਲੱਗੀ ਹੈ। ਇਹੀ ਨਹੀਂ, ਵਨਡੇ ਫਾਰਮੇਟ ਵੀ ਓਨਾ ਮਕਬੂਲ ਨਹੀਂ ਰਿਹਾ ਜਿੰਨਾ ਕਿ ਟੀ-20 ਹੈ। ਅਜਿਹੇ ਵਿਚ ਡਬਲਯੂਟੀਸੀ ਦੇ ਖ਼ਿਤਾਬ ਦਾ ਫ਼ੈਸਲਾ ਕਰਨ ਲਈ ਜੇਕਰ ਤਿੰਨ ਟੈਸਟ ਮੈਚ ਕਰਵਾਏ ਜਾਂਦੇ ਤਾਂ ਇਹ ਲੋਕ ਮਨਾਂ 'ਚੋਂ ਉਤਰਦੇ ਜਾ ਰਹੇ ਫਾਰਮੇਟ ਲਈ ਸੰਜੀਵਨੀ ਬੂਟੀ ਦਾ ਕੰਮ ਕਰ ਸਕਦਾ ਸੀ। ਸਾਡੇ ਦੇਸ਼ ਦੇ ਕ੍ਰਿਕਟ ਪ੍ਰੇਮੀ ਆਮ ਟੈਸਟ ਮੈਚਾਂ ਦੀ ਥਾਂ ਡਬਲਯੂਟੀਸੀ ਦੇ ਤਿੰਨ ਮੈਚਾਂ ਦੇ ਫਾਈਨਲ ਨੂੰ ਬੜੀ ਸ਼ਿੱਦਤ ਨਾਲ ਦੇਖਦੇ। ਖ਼ੈਰ! ਅਗਸਤ-ਸਤੰਬਰ ਵਿਚ ਹੋ ਰਹੇ ਇਕ ਰੋਜ਼ਾ ਮੈਚਾਂ ਦੇ ਫਾਰਮੇਟ ਵਾਲੇ ਏਸ਼ੀਆ ਕੱਪ ਤੇ ਉਸ ਮਗਰੋਂ ਅਕਤੂਬਰ-ਨਵੰਬਰ ਵਿਚ ਇਸੇ ਫਾਰਮੇਟ ਵਿਚ ਆਪਣੇ ਮੁਲਕ ਵਿਚ ਹੋ ਰਹੇ ਵਿਸ਼ਵ ਕੱਪ ਵਿਚ ਚੰਗੀ ਕਾਰਗੁਜ਼ਾਰੀ ਦਿਖਾਉਣ ਲਈ ਟੀਮ ਇੰਡੀਆ ਨੂੰ ਹੁਣ ਤੋਂ ਹੀ ਕਮਰ ਕੱਸ ਲੈਣੀ ਚਾਹੀਦੀ ਹੈ ਅਤੇ ਉਸ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਦੇਸ਼ ਲਈ ਆਈਸੀਸੀ ਦਾ ਕੋਈ ਵਿਸ਼ਵ ਪੱਧਰੀ ਖ਼ਿਤਾਬ ਨਾ ਜਿੱਤਣ ਦੀ ਔੜ ਖ਼ਤਮ ਕੀਤੀ ਜਾਵੇ।

# ਇਕਸਾਰ ਸਿਵਲ ਕੋਡ ਹੈ ਸਮੇਂ ਦੀ ਮੰਗ

ਇਸ 'ਚ ਕੋਈ ਹੈਰਾਨੀ ਨਹੀਂ ਕਿ ਕਾਨੂੰਨ ਕਮਿਸ਼ਨ ਵੱਲੋਂ ਇਕਸਾਰ ਸਿਵਲ ਕੋਡ 'ਤੇ ਸਮਾਜਿਕ ਤੇ ਧਾਰਮਿਕ ਜੱਥੇਬੰਦੀਆਂ ਤੋਂ ਰਾਇ ਮੰਗਣ ਦਾ ਐਲਾਨ ਹੁੰਦਿਆਂ ਹੀ ਉਸ ਦੇ ਵਿਰੋਧ 'ਚ ਕਈ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਜਾਣ ਲੱਗੀਆਂ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਦੀ ਮੰਨੀਏ ਤਾਂ ਇਕਸਾਰ ਸਿਵਲ ਕੋਡ 'ਤੇ ਕਾਨੂੰਨ ਕਮਿਸ਼ਨ ਦੀ ਪਹਿਲ ਮੋਦੀ ਸਰਕਾਰ ਦਾ ਧਰੁਵੀਕਰਨ ਦਾ ਏਜੰਡਾ ਹੈ। ਕੀ ਉਹ ਇਹ ਆਖਣਾ ਚਾਹੁੰਦੇ ਹਨ ਕਿ ਸੰਵਿਧਾਨ ਨਿਰਮਾਤਾਵਾਂ ਨੇ ਧਰੁਵੀਕਰਨ ਦੇ ਕਿਸੇ ਏਜੰਡੇ ਅਧੀਨ ਹੀ ਧਾਰਾ 44 'ਚ ਇਹ ਲਿਖਿਆ ਸੀ ਕਿ ਦੇਸ਼ ਦੇ ਸਾਰੇ ਨਾਗਰਿਕਾਂ ਲਈ ਇਕਸਾਰ ਸਿਵਲ ਕੋਡ ਲਾਗੂ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ? ਕਾਂਗਰਸ ਨੂੰ ਇਸ ਸਵਾਲ 'ਤੇ ਵਿਚਾਰ ਕਰਨ ਦੇ ਨਾਲ ਹੀ ਇਸ ਬਾਰੇ ਮੁੜ-ਵਿਚਾਰ ਵੀ ਕਰਨਾ ਚਾਹੀਦਾ ਹੈ ਕਿ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਸਭ ਤੋਂ ਲੰਬਾ ਸਮਾਂ ਹਕੂਮਤ ਕਰਨ ਤੋਂ ਬਾਅਦ ਵੀ ਉਹ ਇਕਸਾਰ ਸਿਵਲ ਕੋਡ ਦੇ ਮਾਮਲੇ 'ਚ ਸੰਵਿਧਾਨ ਨਿਰਮਾਤਾਵਾਂ ਦੀ ਇੱਛਾ ਦੀ ਪੂਰਤੀ ਨਹੀਂ ਕਰ ਸਕੀ। ਇਹ ਮੰਨਣ ਦੇ ਠੋਸ ਕਾਰਨ ਹਨ ਕਿ ਉਸ ਨੇ ਅਜਿਹਾ ਜਾਣਬੁੱਝ ਕੇ ਕੀਤਾ ਕਿਉਂਕਿ ਉਸ ਨੇ ਵੱਡੇ ਵਿਰੋਧ ਦੇ ਬਾਵਜੂਦ ਬਹੁ-ਗਿਣਤੀ ਫ਼ਿਰਕੇ ਦੇ ਕਾਨੂੰਨਾਂ ਨੂੰ ਜ਼ਾਬਤਾਬੱਧ ਕਰ ਦਿੱਤਾ ਸੀ। ਕਾਇਦੇ ਨਾਲ ਤਦ ਹੀ ਹੋਰ ਸਾਰੇ ਭਾਈਚਾਰਿਆਂ ਦੇ ਵੀ ਨਿੱਜੀ ਕਾਨੂੰਨਾਂ ਨੂੰ ਬਿਲਕੁਲ ਉਵੇਂ ਹੀ ਜ਼ਾਬਤਾਬੱਧ ਕਰ ਕੇ ਇਕਸਾਰ ਸਿਵਲ ਕੋਡ ਦੀ ਦਿਸ਼ਾ 'ਚ ਕਦਮ ਵਧਾ ਦੇਣੇ ਚਾਹੀਦੇ ਸਨ। ਕਾਂਗਰਸ ਨੇ ਅਜਿਹਾ ਨਾ ਕਰ ਕੇ ਦੇਸ਼ ਦੇ ਨਾਗਰਿਕਾਂ 'ਚ ਫ਼ਰਕ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਵੱਖੋ-ਵੱਖਰੇ ਵਰਗਾਂ 'ਚ ਵੰਡਣ ਦਾ ਕੰਮ ਕੀਤਾ। ਅਜਿਹਾ ਕਰ ਕੇ ਉਸ ਨੇ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਕਮਜ਼ੋਰ ਕੀਤਾ ਤੇ ਵੱਖੋ-ਵੱਖਰੇ ਭਾਈਚਾਰਿਆਂ ਵਿਚਾਲੇ ਇਹ ਜ਼ਰੂਰੀ ਸੰਦੇਸ਼ ਜਾਣ ਤੋਂ ਰੋਕਿਆ ਕਿ ਸੰਵਿਧਾਨ ਦੀ ਨਜ਼ਰ 'ਚ ਉਹ ਸਾਰੇ ਬਰਾਬਰ ਹਨ। ਇਹ ਅਫ਼ਸੋਸਨਾਕ ਗੱਲ ਹੈ ਕਿ ਇਕਸਾਰ ਸਿਵਲ ਕੋਡ ਦੇ ਸਵਾਲ 'ਤੇ ਕਾਂਗਰਸ ਆਪਣੀਆਂ ਕਦਰਾਂ-ਕੀਮਤਾਂ ਤੇ ਸਿਧਾਂਤਾਂ ਦੇ ਨਾਲ-ਨਾਲ ਆਪਣੇ ਪੁਰਖਿਆਂ ਨੂੰ ਵੀ ਅੱਖੋਂ-ਪ੍ਰੋਖੇ ਕਰਦੀ ਹੈ। ਪਤਾ ਨਹੀਂ ਕਿਉਂ ਉਹ ਇਹ ਭੁੱਲ ਜਾਂਦੀ ਹੈ ਕਿ 1928 'ਚ ਭਾਰਤ ਦੇ ਸੰਵਿਧਾਨ ਦਾ ਜੋ ਪਹਿਲਾ ਖਰੜਾ ਮੋਤੀਲਾਲ ਨਹਿਰੂ ਦੀ ਪ੍ਰਧਾਨਗੀ ਵਾਲੀ ਕਮੇਟੀ ਨੇ ਤਿਆਰ ਕੀਤਾ ਸੀ, ਉਸ ਵਿਚ ਇਕਸਾਰ ਸਿਵਲ ਕੋਡ ਦੀ ਵਕਾਲਤ ਕੀਤੀ ਗਈ ਸੀ? ਕੀ ਇਸ ਤੋਂ ਅਜੀਬ ਕੁਝ ਹੋਰ ਹੋ ਸਕਦਾ ਹੈ ਕਿ ਇਕ ਭਾਈਚਾਰੇ ਦੇ ਨਿੱਜੀ ਕਾਨੂੰਨਾਂ ਨੂੰ ਤਾਂ ਜ਼ਾਬਤਾਬੱਧ ਕਰ ਦਿੱਤਾ ਜਾਵੇ ਪਰ ਹੋਰ ਭਾਈਚਾਰਿਆਂ ਨੂੰ ਉਨ੍ਹਾਂ ਦੇ ਨਿੱਜੀ ਕਾਨੂੰਨਾਂ ਦੇ ਹਿਸਾਬ ਨਾਲ ਚੱਲਣ ਦਿੱਤਾ ਜਾਵੇ ਤੇ ਉਹ ਵੀ ਤਦ, ਜਦੋਂ ਅਜਿਹੇ ਨਿੱਜੀ ਕਾਨੂੰਨ ਕਈ ਤਰ੍ਹਾਂ ਦੀਆਂ ਸਮਾਜਿਕ ਸਮੱਸਿਆਵਾਂ ਪੈਦਾ ਕਰਨ ਦੇ ਨਾਲ-ਨਾਲ ਔਰਤਾਂ ਦੇ ਹਿੱਤਾਂ ਨੂੰ ਢਾਹ ਲਾ ਰਹੇ ਹੋਣ? ਇਕਸਾਰ ਸਿਵਲ ਕੋਡ ਨੂੰ ਲੈ ਕੇ ਅਕਸਰ ਇਹ ਵੀ ਬੇਲੋੜੀ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਕਦਮ ਸਮਾਜਿਕ ਵਿਭਿੰਨਤਾ ਦਾ ਵਿਰੋਧੀ ਹੋਵੇਗਾ। ਕੀ ਇਕਸਾਰ ਸਿਵਲ ਕੋਡ ਅਪਨਾਉਣ ਵਾਲੇ ਹੋਰ ਦੇਸ਼ਾਂ ਅਤੇ ਖ਼ਾਸ ਤੌਰ 'ਤੇ ਅਮਰੀਕਾ 'ਚ ਸਮਾਜਿਕ ਵਿਭਿੰਨਤਾ ਨਹੀਂ ਹੈ? ਉੱਥੇ ਲਗਪਗ ਦੁਨੀਆ ਦੇ ਹਰ ਦੇਸ਼ ਦੇ ਨਾਗਰਿਕ ਰਹਿੰਦੇ ਹੀ ਨਹੀਂ, ਸਗੋਂ ਉੱਥੇ ਵਸਣ ਲਈ ਤਾਂਘਦੇ ਵੀ ਰਹਿੰਦੇ ਹਨ। ਆਪਣੇ ਦੇਸ਼ ਦੇ ਸੂਬੇ ਗੋਆ 'ਚ ਵੀ ਇਕਸਾਰ ਸਿਵਲ ਕੋਡ ਆਜ਼ਾਦੀ-ਪ੍ਰਾਪਤੀ ਤੋਂ ਪਹਿਲਾਂ ਤੋਂ ਹੀ ਲਾਗੂ ਹੈ। ਵਿਰੋਧੀ ਪਾਰਟੀਆਂ ਦੇ ਆਗੂ ਇਕਸਾਰ ਸਿਵਲ ਕੋਡ ਨੂੰ ਲੈ ਕੇ ਕੁਝ ਵੀ ਆਖਣ, ਇਹ ਉਹ ਵਿਚਾਰ ਹੈ, ਜਿਸ 'ਤੇ ਹੁਣ ਅਮਲ ਕਰਨ ਦਾ ਵੇਲਾ ਆ ਗਿਆ ਹੈ।



# ਸੂਗਰ ਦੇ ਮਰੀਜ਼ਾਂ ਲਈ ਹਰੀ ਮਿਰਚ ਦੇ ਫਾਇਦੇ



*ਹਰੀ ਮਿਰਚ ਸਾਡੀਆਂ ਸਬਜ਼ੀਆਂ ਵਿਚ ਮਸਾਲੇ ਦੇ ਤੌਰ 'ਤੇ ਵਰਤੀ ਜਾਂਦੀ ਹੈ। ਖਾਣੇ ਦਾ ਸਵਾਦ ਤਿੱਖਾ ਕਰਨ ਲਈ ਅਸੀਂ ਹਰੀ ਮਿਰਚ ਦਾ ਇਸਤੇਮਾਲ ਕਰਦੇ ਹਾਂ। ਤੁਸੀਂ ਜਾਣਦੇ ਹੋ ...*



ਹਰੀ ਮਿਰਚ ਸਾਡੀਆਂ ਸਬਜ਼ੀਆਂ ਵਿਚ ਮਸਾਲੇ ਦੇ ਤੌਰ ਤੇ ਵਰਤੀ ਜਾਂਦੀ ਹੈ। ਖਾਣੇ ਦਾ ਸਵਾਦ ਤਿੱਖਾ ਕਰਨ ਲਈ ਅਸੀਂ ਹਰੀ ਮਿਰਚ ਦਾ ਇਸਤੇਮਾਲ ਕਰਦੇ ਹਾਂ। ਤੁਸੀਂ ਜਾਣਦੇ ਹੋ ਕਿ ਹਰੀ ਮਿਰਚ ਗੁਣਾਂ ਦਾ ਖਜ਼ਾਨਾ ਹੈ। ਹਰੀ ਮਿਰਚ 'ਚ ਬਹੁਤ ਸਾਰੇ ਪੋਸ਼ਕ ਤੱਤ ਹੁੰਦੇ ਹਨ ਜੋ ਕਿ ਸਾਡੀ ਸਿਹਤ ਨੂੰ ਬਿਹਤਰ ਖ਼ੂਬਸੂਰਤ ਬਣਾਈ ਰੱਖਣ 'ਚ ਅਤੇ ਰੋਗਾਂ ਨੂੰ ਜੜ੍ਹ ਤੋਂ ਖਤਮ ਕਰਨ 'ਚ ਮਦਦ ਕਰਦੇ ਹਨ। ਹਰੀ ਮਿਰਚ ਵਿਟਾਮਿਨ ਏ, ਬੀ 6, ਸੀ, ਆਰਿਨ, ਕਾਪਰ ਆਦਿ ਨਾਲ ਭਰਪੂਰ ਹੁੰਦੀ ਹੈ।

ਹਰੀ ਮਿਰਚ ਖਾਣ ਨਾਲ ਖ਼ੂਨ ਸਾਫ ਹੁੰਦਾ ਹੈ। ਸ਼ੂਗਰ ਹੋਣ ਦੀ ਸਥਿਤੀ 'ਚ ਵੀ ਹਰੀ ਮਿਰਚ 'ਚ ਬਲੱਡ ਪ੍ਰੈਸ਼ਰ ਦਾ ਪੱਧਰ ਕੰਟਰੋਲ ਰੱਖਣ ਦੇ ਗੁਣ ਮੌਜੂਦ ਹੁੰਦੇ ਹਨ। ਹਰੀ ਮਿਰਚ 'ਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ, ਜੋ ਕਿਸੇ ਵੀ ਤਰ੍ਹਾਂ ਦੇ ਇਨਫੈਕਸ਼ਨ ਨਾਲ ਸਰੀਰ ਅਤੇ ਚਮੜੀ ਦੀ ਰੱਖਿਆ ਕਰਦੇ ਹਨ। ਹਰੀ ਮਿਰਚ 'ਚ ਭਰਪੂਰ ਮਾਤਰਾ 'ਚ ਵਿਟਾਮਿਨ-ਸੀ ਹੁੰਦਾ ਹੈ, ਜੋ ਰੋਗਾਂ ਦੇ ਲੜਣ ਦੀ ਸਮਰੱਥਾ 'ਚ ਵਾਧਾ ਕਰ ਕੇ ਸਾਡੀ ਵਿਰੋਧੀ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ।

ਕੈਂਸਰ ਨਾਲ ਲੜਨ ਅਤੇ ਸਰੀਰ ਨੂੰ ਸੁਰੱਖਿਅਤ ਰੱਖਣ ਲਈ ਵੀ ਹਰੀ ਮਿਰਚ ਫਾਇਦੇਮੰਦ ਹੁੰਦੀ ਹੈ। ਹਰੀ ਮਿਰਚ ਦੀ ਵਰਤੋਂ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਵੀ ਘੱਟ ਹੁੰਦਾ ਹੈ। ਹਰੀ ਮਿਰਚ ਦਿਮਾਗ ਸੰਚਾਰ ਨੂੰ ਵੀ ਠੀਕ ਕਰਦੀ ਹੈ, ਜਿਸ ਨਾਲ ਸਾਡਾ ਮੂਡ ਕਾਫੀ ਹੱਦ ਤੱਕ ਖੁਸ਼ਨੁਮਾ ਰਹਿਣ 'ਚ ਮਦਦ ਮਿਲਦੀ ਹੈ। ਹਰੀ ਮਿਰਚ ਭਾਰ ਘਟਾਉਣ 'ਚ ਫਾਇਦੇਮੰਦ ਹੋ ਸਕਦੀ ਹੈ। ਹਰੀ ਮਿਰਚ 'ਚ ਕੈਲੋਰੀ ਬਿਲਕੁੱਲ ਨਹੀਂ ਹੁੰਦੀ।

ਇਸ ਲਈ ਇਹ ਭਾਰ ਘਟਾਉਣ 'ਚ ਕਾਫੀ ਸਹਾਈ ਹੁੰਦੀ ਹੈ। ਵਿਟਾਮਿਨ-ਈ ਨਾਲ ਭਰਪੂਰ ਹਰੀ ਮਿਰਚ ਤੁਹਾਡੀ ਚਮੜੀ ਲਈ ਵੀ ਫਾਇਦੇਮੰਦ ਹੁੰਦੀ ਹੈ। ਇਸ ਦੀ ਵਰਤੋਂ ਨਾਲ ਤੁਹਾਡੀ ਚਮੜੀ ਜਵਾਨ ਅਤੇ ਖ਼ੂਬਸੂਰਤ ਦਿਖਾਈ ਦਿੰਦੀ ਹੈ। ਹਰੀ ਮਿਰਚ ਨਾਲ ਦਿਲ ਨਾਲ ਸੰਬੰਧਤ ਸਾਰੀਆਂ ਬੀਮਾਰੀਆਂ ਠੀਕ ਹੋ ਜਾਂਦੀਆਂ ਹਨ। ਇਸ ਨਾਲ ਹਾਰਟ ਅਟੈਕ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ।

ਹਰੀ ਮਿਰਚ ਦੀ ਵਰਤੋਂ ਨਾਲ ਪਾਚਨ ਕਿਰਿਆ ਦਰੁਸਤ ਰਹਿੰਦੀ ਹੈ।ਇਸ ਦੀ ਵਰਤੋਂ ਨਾਲ ਖਾਣਾ ਚੰਗੇ ਤਰੀਕੇ ਨਾਲ ਡਾਇਜੇਸਟ ਹੋ ਜਾਂਦਾ ਹੈ। ਹਰੀ ਮਿਰਚ 'ਚ ਵਿਟਾਮਿਨ-ਸੀ ਮੌਜੂਦ ਹੁੰਦਾ ਹੈ ਜੋ ਹੱਡੀਆਂ, ਦੰਦਾਂ ਅਤੇ ਅੱਖਾਂ ਲਈ ਵੀ ਫਾਇਦੇਮੰਦ ਹੁੰਦਾ ਹੈ। ਹਰੀ ਮਿਰਚ ਸਰੀਰ ਦੇ ਅੰਗਾਂ 'ਚ ਹੋਣ ਵਾਲੇ ਦਰਦ ਨੂੰ ਵੀ ਘੱਟ ਕਰਨ 'ਚ ਸਹਾਈ ਹੁੰਦੀ ਹੈ। ਹਰੀ ਮਿਰਚ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੀ ਹੈ।

ਇਸ ਵਿਚ ਵਿਟਾਮਿਨ ਏ, ਬੀ 6, ਸੀ, ਆਇਰਨ, ਕਾਪਰ, ਪੋਟਾਸ਼ੀਅਮ , ਪ੍ਰੋਟੀਨ ਅਤੇ ਕਾਰਬੋਹਾਈਡ੍ਰੇਟ ਦੀ ਕਾਫੀ ਮਾਤਰਾ ਹੁੰਦੀ ਹੈ। ਇਨ੍ਹਾਂ ਹੀ ਨਹੀਂ ਬੀਟਾ ਕੈਰੋਟੀਨ ਆਦਿ ਸਿਹਤਮੰਦ ਚੀਜ਼ਾਂ ਵੀ ਇਸ ਵਿਚ ਮੌਜੂਦ ਹਨ। ਉਂਝ ਤਾਂ ਆਮ ਤੌਰ 'ਤੇ ਇਸ ਦੀ ਵਰਤੋਂ ਖਾਣੇ ਦਾ ਸੁਆਦ ਵਧਾਉਣ ਲਈ ਹੀ ਕੀਤੀ ਜਾਂਦਾ ਹੈ। ਹਾਲ ਹੀ ਵਿਚ ਕੀਤੇ ਗਏ ਇਕ ਸੋਧ ਵਿਚ ਦਾਵਾ ਕੀਤਾ ਗਿਆ ਹੈ ਕਿ ਹਰੀ ਮਿਰਚ ਖਾਣ ਨਾਲ ਸਿਹਤ ਸੰਬੰਧੀ ਕਈ ਸਮੱਸਿਆਵਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਬਹੁਤ ਸਾਰੇ ਲੋਕਾਂ ਨੂੰ ਤਾਂ ਇਹ ਪਤਾ ਵੀ ਨਹੀਂ ਹੈ ਕਿ ਹਰੀ ਮਿਰਚ ਡਾਈਟਰੀ ਫਾਈਬਰਸ ਨਾਲ ਭਰਪੂਰ ਹੁੰਦੀ ਹੈ, ਜੋ ਕਿ ਹੈਲਦੀ ਪਾਚਨ ਲਈ ਮਹੱਤਵਪੂਰਨ ਹੈ। ਹਰੀ ਮਿਰਚ ਖਾਣ ਨਾਲ ਤੁਹਾਨੂੰ ਕਈ ਲਾਭ ਹੋ ਸਕਦੇ ਹਨ। ਡਾਈਬੀਟੀਜ਼ ਨਾਲ ਪੀੜਤ ਲੋਕਾਂ ਨੂੰ ਆਪਣੇ ਖਾਣੇ ਦੇ ਨਾਲ ਹਰੀ ਮਿਰਚ ਜ਼ਰੂਰ ਖਾਣੀ ਚਾਹੀਦੀ ਹੈ ਕਿਉਂਕਿ ਇਹ ਵਧੇ ਹੋਏ ਸ਼ੂਗਰ ਲੇਵਲ ਨੂੰ ਘੱਟ ਕਰਨ ਦਾ ਕੰਮ ਕਰਨ ਵਿਚ ਅਤੇ ਸਰੀਰ ਵਿਚ ਸੰਤੁਲਨ ਬਣਾਉਣ ਵਿਚ ਮਦਦ ਕਰ ਸਕਦੀ ਹੈ।

ਹਰੀ ਮਿਰਚ ਦੀ ਵਰਤੋਂ ਨਾਲ ਪਾਚਨ ਪ੍ਰਕਿਰਿਆ ਵਿਚ ਮਦਦ ਮਿਲਦੀ ਹੈ ਕਿਉਂਕਿ ਇਸ ਵਿਚ ਵਿਟਾਮਿਨ ਸੀ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਜਿਸ ਚੀਜ਼ ਨੂੰ ਖਾਂਦੇ ਸਮੇਂ ਸਲਾਈਲਾ ਰਿਲੀਜ਼ ਹੁੰਦਾ ਹੈ। ਇਹ ਪਦਾਰਥ ਪਾਚਨ ਕਿਰਿਆ ਵਿਚ ਮਦਦ ਕਰਦੇ ਹਨ। ਹਰੀ ਮਿਰਚ ਸਰੀਰ ਦੇ ਫੈਟ ਨੂੰ ਘੱਟ ਕਰਨ ਵਿਚ ਮਦਦ ਕਰਦੀ ਹੈ ਅਤੇ ਇਸ ਨਾਲ ਤੁਹਾਡਾ ਮੈਟਾਬੋਲੀਜ਼ਮ ਵਧਦਾ ਹੈ। ਹਰੀ ਮਿਰਚ ਵਿਟਾਮਿਨ ਸੀ ਨਾਲ ਭਰਪੂਰ ਹੁੰਦੀ ਹੈ ਅਤੇ ਇਹ ਚਮੜੀ ਨੂੰ ਸਿਹਤਮੰਦ ਬਣਾਉਣ ਅਤੇ ਉਸ ਦੀ ਚਮਕ ਬਰਕਰਾਰ ਰੱਖਣ ਵਿਚ ਮਦਦ ਕਰਦੀ ਹੈ। ਤੁਸੀਂ ਹਰੀ ਮਿਰਚ ਨੂੰ ਕੱਚਾ ਤਲ ਕੇ, ਭੁੰਨ ਕੇ ਜਾਂ ਸਲਾਦ ਦੇ ਨਾਲ ਵੀ ਆਪਣੇ ਖਾਣੇ ਦਾ ਇਕ ਸਾਈਡ ਡਿਸ਼ ਦੇ ਰੂਪ ਵਿਚ ਖਾ ਸਕਦੇ ਹੋ।।

# ਨਕਲੀ ਦਵਾਈਆਂ ਦੀ ਬਿਮਾਰੀ



ਦੇਸ਼ ਦੀਆਂ 209 ਦਵਾ ਨਿਰਮਾਤਾ ਕੰਪਨੀਆਂ ਦੁਆਰਾ ਸੁਰੱਖਿਆ ਮਿਆਰਾਂ ਦੀ ਉਲੰਘਣਾ ਕੀਤੇ ਜਾਣ ਸਬੰਧੀ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਵੇਰਵੇ ਅੱਖਾਂ ਖੋਲ੍ਹਣ ਵਾਲੇ ਹਨ। ਨਿਗਰਾਨੀ ਹੇਠ ਆਈਆਂ ਇਨ੍ਹਾਂ ਯੂਨਿਟਾਂ ਵਿਚੋਂ 71 ਤਾਂ ਹਿਮਾਚਲ ਪ੍ਰਦੇਸ਼ ਵਿਚ ਹਨ। ਇਨ੍ਹਾਂ ਵਿਚੋਂ 51 ਫਰਮਾਂ ਦੀ ਦੋ ਗੇੜਾਂ ਵਿਚ ਹੋਈ ਜਾਂਚ ਦੌਰਾਨ 26 ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ ਅਤੇ 11 ਨੂੰ ਪੈਦਾਵਾਰ ਰੋਕ ਦੇਣ ਦੇ ਹੁਕਮ ਦਿੱਤੇ ਗਏ ਹਨ ਜਦੋਂਕਿ ਦੋ ਹੋਰਨਾਂ ਨੂੰ ਉਨ੍ਹਾਂ ਦੇ ਲਾਇਸੈਂਸ ਰੱਦ ਕੀਤੇ ਜਾਣ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਪਹਾੜੀ ਰਾਜ ਵਿਚਲੇ ਦਵਾਈਆਂ ਬਣਾਉਣ (ਫਾਰਮਾਸਿਊਟੀਕਲ) ਵਾਲੀ ਸਨਅਤ ਲਈ ਇਹ ਅੰਤਰ-ਝਾਤ ਮਾਰਨ ਦਾ ਵੇਲ਼ਾ ਹੈ ਜਿਹੜੀ ਸੂਬੇ ਵਿਚ ਬੀਤੇ ਦੋ ਦਹਾਕਿਆਂ ਦੌਰਾਨ ਟੈਕਸ ਛੋਟਾਂ ਦੇ ਐਲਾਨ ਦੇ ਸਿੱਟੇ ਵਜੋਂ ਵੱਡੇ ਪੱਧਰ 'ਤੇ ਵਧੀ-ਫੁੱਲੀ ਹੈ। ਬੱਦੀ ਇਸ ਸਨਅਤ ਦਾ ਕੇਂਦਰ ਹੈ ਤੇ ਇਨ੍ਹਾਂ ਘਟਨਾਵਾਂ ਕਾਰਨ ਇਸ ਦੇ ਅਕਸ ਨੂੰ ਭਾਰੀ ਝਟਕਾ ਲੱਗਾ ਹੈ; ਟੁੱਟੇ ਹੋਏ ਭਰੋਸੇ ਨੂੰ ਵਧੀਆ ਪੈਦਾਵਾਰੀ ਪ੍ਰਕਿਰਿਆ ਰਾਹੀਂ ਹੀ ਬਹਾਲ ਕੀਤਾ ਜਾ ਸਕਦਾ ਹੈ।

ਕੇਂਦਰੀ ਸਿਹਤ ਮੰਤਰੀ ਦਾ ਨਕਲੀ ਦਵਾਈਆਂ ਨੂੰ ਬਿਲਕੁਲ ਵੀ ਬਰਦਾਸ਼ਤ ਨਾ ਕਰਨ ਦਾ ਐਲਾਨ ਤਸੱਲੀ ਦੇਣ ਵਾਲਾ ਹੈ ਪਰ ਇਹ ਆਲਮੀ ਤੇ ਘਰੇਲੂ ਬਾਜ਼ਾਰਾਂ, ਦੋਵਾਂ ਵਿਚ ਇਸ ਸਬੰਧੀ ਪੈਦਾ ਹੋਏ ਫ਼ਿਕਰਾਂ ਨੂੰ ਦੂਰ ਕਰਨ ਲਈ ਕਾਫ਼ੀ ਨਹੀਂ ਹੈ। ਇਹ ਕਾਰਵਾਈ ਭਾਰਤੀ ਕਫ਼ ਸਿਰਪ (ਖ਼ਾਂਸੀ ਦੀਆਂ ਪੀਣ ਵਾਲੀਆਂ ਦਵਾਈਆਂ) ਤੇ ਹੋਰ ਦਵਾਈਆਂ ਵਿਚ ਵਾਰ ਵਾਰ ਖ਼ਰਾਬੀਆਂ ਜ਼ਾਹਿਰ ਹੋਣ ਕਾਰਨ ਇਹ ਕਾਰਵਾਈ ਕੀਤੀ ਗਈ ਹੈ। ਕੌਮੀ ਪੱਧਰ 'ਤੇ 71 ਫਰਮਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ ਤੇ 18 ਨੂੰ ਬੰਦ ਕਰ ਦਿੱਤਾ ਗਿਆ ਹੈ। ਇਸ ਸਭ ਕਾਸੇ ਤੋਂ ਦਵਾਈਆਂ ਦੇ ਨੇਮਬੰਦੀ ਢਾਂਚੇ ਵਿਚ ਖ਼ਾਮੀਆਂ ਜੱਗ ਜ਼ਾਹਿਰ ਹਨ। ਵਧਾਏ ਹੋਏ ਨਿਗਰਾਨੀ ਉਪਾਅ ਵੀ ਨਿਯਮਾਂ ਦੇ ਮੁਕੰਮਲ ਪਾਲਣ ਤੇ ਇਨ੍ਹਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤੇ ਜਾਣ ਦਾ ਯਕੀਨ ਨਹੀਂ ਦਿਵਾਉਂਦੇ। ਇਸ ਲਈ ਨਿਗਰਾਨੀ ਕਰਨ ਵਾਲੇ ਢਾਂਚੇ ਦੀ ਕਾਇਆ-ਕਲਪ ਕਰਨ ਦੀ ਜ਼ਰੂਰਤ ਹੈ ਜਿਸ ਵਿਚ ਇਸ ਦੇ ਕੰਮ-ਕਾਜ ਵਿਚ ਪਾਰਦਰਸ਼ਤਾ ਲਿਆਉਣਾ ਅਤੇ ਲੱਭੀਆਂ ਗਈਆਂ ਗ਼ਲਤੀਆਂ ਤੇ ਅਣਗਹਿਲੀ ਵਾਲੀਆਂ ਘਟਨਾਵਾਂ ਨੂੰ ਜਨਤਕ ਕੀਤਾ ਜਾਣਾ ਵੀ ਸ਼ਾਮਿਲ ਹੈ। ਇਸ ਦੇ ਨਾਲ ਹੀ ਦਵਾਈਆਂ ਦੀ ਟੈਸਟਿੰਗ ਦੀਆਂ ਸਹੂਲਤਾਂ ਵਿਚ ਸੁਧਾਰ ਦੀ ਵੀ ਸਖ਼ਤ ਲੋੜ ਹੈ। ਹਿਮਾਚਲ ਪ੍ਰਦੇਸ਼ ਵਿਚ ਵਧੀਆ ਸਾਜ਼ੋ-ਸਾਮਾਨ ਨਾਲ ਲੈਸ ਲੈਬਾਰਟਰੀ ਦੀ ਅਣਹੋਂਦ ਵੀ ਨਕਲੀ ਦਵਾਈਆਂ ਖ਼ਿਲਾਫ਼ ਲੜਾਈ ਦੀ ਧਾਰ ਨੂੰ ਖੁੰਢੀ ਕਰਨ ਵਾਲੀ ਹੈ।

ਭਾਰਤ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੂੰ ਦਵਾਈਆਂ ਬਰਾਮਦ ਕਰਨ ਕਰ ਕੇ ਆਲਮੀ ਫਾਰਮੇਸੀ ਹੋਣ ਦਾ ਦਾਅਵਾ ਕਰਦਾ ਹੈ; ਇਸ ਨਾਲ ਦੇਸ਼ ਤੇ ਸਰਕਾਰ ਦੀ ਜ਼ਿੰਮੇਵਾਰੀ ਹੋਰ ਵਧਦੀ ਹੈ। ਜਨਤਕ ਸਿਹਤ ਨਾਲ ਜਾਣ-ਬੁੱਝ ਕੇ ਸਮਝੌਤਾ ਕਰਨਾ ਇਕ ਮੁਜਰਮਾਨਾ ਕਾਰਵਾਈ ਹੈ। ਸਾਲ 2022-23 ਦੌਰਾਨ 17.6 ਅਰਬ ਡਾਲਰ ਦੀ ਕਫ਼ ਸਿਰਪ ਦੀ ਕੀਤੀ ਗਈ ਬਰਾਮਦ ਅਤੇ ਜੈਨਰਿਕ ਦਵਾਈਆਂ ਦਾ ਦੁਨੀਆ ਦਾ ਸਭ ਤੋਂ ਵੱਡਾ ਨਿਰਮਾਤਾ ਹੋਣ ਸਦਕਾ, ਭਾਰਤ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕਰ ਸਕਦਾ। ਪਹਿਲੀ ਜੂਨ ਤੋਂ ਕਫ਼ ਸਿਰਪ ਦੀ ਬਰਾਮਦ ਤੋਂ ਪਹਿਲਾਂ ਉਨ੍ਹਾਂ ਦਾ ਟੈਸਟ ਲਾਜ਼ਮੀ ਕੀਤੇ ਜਾਣ ਵਰਗੀਆਂ ਸਖ਼ਤ ਕੰਟਰੋਲ ਵਾਲੀਆਂ ਕਾਰਵਾਈਆਂ ਵਧੀਆ ਕਦਮ ਹੈ। ਇੱਥੇ ਇਹ ਧਿਆਨ ਦੇਣਯੋਗ ਹੈ ਕਿ ਵਿਸ਼ਵ ਸਿਹਤ ਸੰਗਠਨ (World Health Organisation-ਡਬਿਲਊਐੱਚਓ) ਵੀ ਇਨ੍ਹਾਂ ਸਿਰਪਾਂ ਬਾਰੇ ਪਰਖ ਪੜਤਾਲ ਕਰ ਰਿਹਾ ਹੈ।


CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ



– ਹੋਰ ਸੇਵਾਵਾਂ –

*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।

Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਕਲਮ

ਜ਼ਿਆਦਾ ਨਾਹੀਂ ਘੱਟ ਲਿਖਾਂਗਾ, ਝੂਠ ਤੋਂ ਪਾਸਾ ਵੱਟ ਲਿਖਾਂਗਾ।
ਕਲਮ ਨਾਲ ਇੱਕ ਵਾਅਦਾ ਕੀਤਾ, ਜ਼ਿੰਦਗੀ ਦੇ ਵਿੱਚ ਸੱਚ ਲਿਖਾਂਗਾ।

ਸਭ ਤੋਂ ਪਹਿਲਾਂ ਦਿਲ ਦੇ ਅੰਦਰ, ਹਰਫ਼ਾਂ ਦਾ ਸਤਿਕਾਰ ਕਰਾਂਗਾ।
ਸਹੀ ਜਗ ?ਹਾਂ ਤੇ ਜੋ ਢੁੱਕੇਗਾ, ਹਰ ਅੱਖਰ ਨੂੰ ਪਿਆਰ ਕਰਾਂਗਾ।
ਇੱਕ ਤਰਫੀ ਗੱਲ ਲਿਖਣੀ ਨਾਹੀਂ, ਦੋਨਾਂ ਦਾ ਹੀ ਪੱਖ ਲਿਖਾਂਗਾ।
ਕਲਮ ਨਾਲ ਇੱਕ ਵਾਅਦਾ ਕੀਤਾ, ਜ਼ਿੰਦਗੀ ਦੇ ਵਿੱਚ ਸੱਚ ਲਿਖਾਂਗਾ।

ਦਿਲ ਦੇ ਅੰਦਰ ਵੱਸਦੇ ਜਿਹੜੇ, ਉਹਨਾਂ ਤੋਂ ਕੁਝ ਸਿੱਖ ਲਵਾਂਗਾ।
ਰੀਸ ਕਿਸੇ ਦੀ ਨਾ ਕੋਈ ਕਰਨੀਂ, ਆਪਣਾਂ ਪੈਂਡਾ ਮਿੱਥ ਲਵਾਂਗਾ।
ਝੂਠਿਆਂ ਕੋਲੋਂ ਦੂਰ ਰਹਾਂਗਾ, ਗੱਲਾਂ ਬੱਸ ਮੈਂ ਹੱਕ ਲਿਖਾਂਗਾ।
ਕਲਮ ਨਾਲ ਇੱਕ ਵਾਅਦਾ ਕੀਤਾ, ਜ਼ਿੰਦਗੀ ਦੇ ਵਿੱਚ ਸੱਚ ਲਿਖਾਂਗਾ।

ਗਹਿਰਾਈ ਦੇ ਵਿੱਚ ਡੁੱਬ ਕੇ, ਚੀਜ਼ਾਂ ਬਹੁਤ ਬਰੀਕੀ ਲਿਖਣੀਂ।
ਆਸ਼ਕਾਂ ਦੀ ਕੁੱਝ ਲਿਖਣੀਂ ਕਿਸਮਾਂ, ਕੁੱਝ ਕੁ ਇਸ਼ਕ ਹਕੀਕੀ ਲਿਖਣੀਂ।
ਪੈਰਾਂ ਦੇ ਨਾਲ ਘੁੰਗਰੂ ਬੰਨ੍ਹ ਕੇ, ਕੌਣ ਰਿਹਾ ਸੀ ਨੱਚ ਲਿਖਾਂਗਾ।
ਕਲਮ ਨਾਲ ਇੱਕ ਵਾਅਦਾ ਕੀਤਾ, ਜ਼ਿੰਦਗੀ ਦੇ ਵਿੱਚ ਸੱਚ ਲਿਖਾਂਗਾ

ਪੀਰ,ਪੈਗੰਬਰ,ਭਗਤਾਂ ਬਾਰੇ, ਕੁੱਝ ਮੈਂ ਰੱਬ ਦੀ ਸ਼ਾਨ ਲਿਖਾਂਗਾ।
ਜ਼ਿਕਰ ਮੇਰਾ ਆਵੇਗਾ ਜਦ ਵੀ, 'ਕਾਮੀ ਵਾਲਾ ਖ਼ਾਨ' ਲਿਖਾਂਗਾ।
ਲਫ਼ਜ਼ਾਂ ਦੇ ਵਿੱਚ ਸੂਰਤ ਦਿਸਣੀਂ, ਲਿਖਤਾਂ ਦੇ ਵਿੱਚ ਜੱਚ ਲਿਖਾਂਗਾ।
ਕਲਮ ਨਾਲ ਇੱਕ ਵਾਅਦਾ ਕੀਤਾ, ਜ਼ਿੰਦਗੀ ਦੇ ਵਿੱਚ ਸੱਚ ਲਿਖਾਂਗਾ।



**ਸੁਕਰ ਦੀਨ ਕਾਮੀਂ ਖੁਰਦ**
**9592384393**

## ਜੱਗ ਦਾ ਮੇਲਾ ਨਾ ਦੇਖ

ਹੁਣ ਜੱਗ ਦਾ ਮੇਲਾ ਦੇਖੀਂ ਨਾ ਕੁੜੀਏ, ਅਜੇ ਕੋਈ ਨਾ ਮੇਲਾ ਦੇਖ,
ਹਰ ਮੇਲੇ 'ਚ ਘੁੰਮਦੇ ਰਹਿੰਦੇ ਨਕਲੀ ਬਣਾਉਟੀ ਹਮਾਇਤੀ ਭੇਖ਼।..

ਧੀਆਂ ਪੜ੍ਹਾਉਣੀਆਂ, ਧੀਆਂ ਬਚਾਉਣੀਆਂ, ਪਰਿਵਾਰਾਂ ਦੀ ਸਿਰਦਰਦੀ ਹੈ,
ਹਰ ਬੱਚੀ ਨੂੰ ਘਰ ਵਿੱਚ ਹਾਜ਼ਰ ਰੱਖਣਾ, ਅੱਜ ਲੋੜ ਬਣੀ ਅਣਸਰਦੀ ਹੈ !
ਆਪਣੀ ਸਥਿਰਤਾ ਹਾਲਤ ਨੂੰ ਲੈ ਕੇ ਖੁਦ ਗੁਰਬਾਣੀ ਵਰਗੀ ਬਣਕੇ ਦੇਖ ....

ਧੀ ਭੈਣਾਂ ਦੇ ਰਿਸ਼ਤੇ ਵਗਾਕੇ ਕਿੱਧਰੇ, ਜੰਗਲੀ ਰਾਜ ਦੇ ਵੱਲ ਨੂੰ ਮੋੜ ਦਿੱਤੇ,
ਖ਼ੂਨ ਦੇ ਸਾਂਝੀ ਭੈਣਾਂ ਭਰਾਵਾਂ ਦੇ ਪੀਡੇ ਰਿਸ਼ਤੇ ਤੜੱਕ ਕਰਦਿਆਂ ਤੋੜ ਦਿੱਤੇ,
ਤਾਂਹੀ ਦੁਨੀਆਂ ਬੇਚਾਰੀ ਡੂੰਘੇ ਹਾਉਕੇ ਭਰਦੀ ਕਿਸੇ ਸਮੇਂ ਨਾ ਮਿਲਦੀ ਟੇਕ! ....

ਕਿਤੇ ਜੇ ਜਾਣਾ ਜਦ ਜਰੂਰੀ ਹੁੰਦਾ ਤਾਂ, ਗੁਆਂਢ ਨੂੰ ਜ਼ਿੰਮੇਵਾਰੀ ਬਣਾ ਦੇਣਾ,
ਵਿਸ਼ਵਾਸ ਟੁੱਟਕੇ ਕੀ ਰਹਿ ਗਿਆ ਬਾਕੀ, ਧੀ ਨੂੰ ਅੱਡ ਵੀ ਕੁੱਝ ਸਿਖਾ ਦੇਣਾ,
ਮਾਂ ਦੀ ਮਮਤਾ ਵਿੱਚ ਧੀ ਦੇ ਬਾਰੇ ਏਨਾਂ ਡਰਦਿਆਂ ਕਿੰਨੇ ਉੱਠ ਰਹੇ ਨੇ ਭੇਤ .....

ਸਮਾਜ ਨੇ ਧੀਆਂਦਾ ਰੁਤਬਾ ਤਹਿ ਕਰਨਾ ਪਰ ਅਣਗੌਲੀਆਂ ਰਹਿੰਦੀਆਂ ਨੇ,
ਸਰਕਾਰਾਂ ਦੇ ਨਿੱਗਰ ਕਨੂੰਨੋਂ ਬਿਨਾਂ ਵੀ ਵਿਰਵੀਆਂ ਰੋਲੀਆਂ ਰਹਿੰਦੀਆਂ ਨੇ,
ਜਿਹਦੀ ਧੀ ਉਹਨੂੰ ਆਪੇ ਬਚਾਉਣਾ, ਉਹਦੀ ਆਬਰੂ ਨੂੰ ਨਾ ਲੱਗੇ ਕੋਈ ਸੇਕ ....

ਬਹੁਤ ਜਿਆਦਾ ਲਿਖਿਆ ਪਿਆ ਹੈ ਏਥੇ, ਪਰ ਅਮਲਾਂ ਵਿੱਚ ਕੋਈ ਹੱਲ ਨਹੀਂ,
ਥਾਣੇ ਕਚਿਹਰੀਆਂ ਵਿੱਚ ਕਿਸੇ ਕੀ ਜਾਣਾ, ਕੋਈ ਸੁਣਦਾ ਵੀ ਕੋਈ ਗੱਲ ਨਹੀਂ,
ਉਂਜ ਧੀਆਂ ਵਾਸਤੇ ਸੈਮੀਨਾਰਾਂ ਵਿੱਚ ਕਿੰਨੇ ਵਧੀਆ ਲਿਖੇ ਹੁੰਦੇ ਨੇ ਸਿਰਲੇਖ.....



**ਸੁਖਦੇਵ ਸਿੱਧੂ**
**9888633481**

## ਛੇੜ ਨਾ ਕੁਦਰਤ

ਕਚਰਾ ਭਰਤਾ ਵਿੱਚ ਦਰਿਆਵਾਂ
ਗੰਧਲੀਆਂ ਕਰ ਦਿੱਤੀਆਂ ਹਵਾਵਾਂ
ਕੱਢੀਆਂ ਪਰਬਤਾਂ ਚੋਂ ਗੁਫਾਵਾਂ
ਤੇਰੀਆਂ ਆਹ ਤਕਨੀਕਾਂ ਨੇ
ਜੰਗ ਇੱਕ ਦੂਜੇ ਨਾਲ
ਛੇੜੀ ਮਤਲਬ ਲਈ ਸ਼ਰੀਕਾਂ ਨੇ

ਭੁੱਲਕੇ ਬਹਿ ਗਿਓਂ ਵਾਟ ਲੰਮੇਰੀ
ਬਣਿਆ ਜੀਵ ਜੰਤ ਦਾ ਵੈਰੀ
ਪੇਂਡੂ ਤੋਂ ਅਖਵਾਇਆ ਸ਼ੈਹ੍ਰੀ
ਸ਼ਹਿਰ ਬਣਾ ਲਏ ਪੱਥਰ ਦੇ
ਹੁਣ ਘੁੰਮਣ ਗਏ ਨੂੰ ਰਾਹ
ਵਿੱਚ ਵਾ- ਵਰੋਲੇ ਟੱਕਰ ਦੇ

ਮਿੱਟੀ ਵਿੱਚ ਮਿਲਾਈਆਂ ਜ਼ਹਿਰਾਂ
ਉਠੀਆਂ ਸਾਗਰ ਦੇ ਵਿੱਚ ਲਹਿਰਾਂ
ਜਦ ਓਏ ਆ ਵੜੀਆਂ ਵਿੱਚ ਸ਼ਹਿਰਾਂ
ਰੋਵੇਂਗਾ ਨਾਕਾਮੀ ਨੂੰ
ਉੱਚੇ ਡੈਮ ਬਣਾਕੇ ਛੇੜ ਨਾ ਤੂੰ ਸੁਨਾਮੀ ਨੂੰ

ਮੰਨਿਆਂ ਕਰਗੀ ਸਾਇੰਸ ਤਰੱਕੀ
ਧੰਨਿਆਂ ਏਹ ਗੱਲ ਜਾਪੇ ਪੱਕੀ
ਪਰ ਕਿਉਂ ਅੱਤ ਤੂੰ ਸਿਰ ਤੇ ਚੱਕੀ
ਬਾਜ ਆਜਾ ਬੇਈਮਾਨਾਂ ਓਏ
ਰੱਬ ਨਾਲ ਠੱਗੀਆਂ ਵੱਜਦੀਆਂ
ਨਾ ਸੁਣ ਲੈ ਇਨਸਾਨਾਂ ਓਏ



**ਧੰਨਾ ਧਾਲੀਵਾਲ**

## ਮੈਂ ਤੇ ਤੂੰ

ਮੇਰੇ ਵਿਚ ਮੈਂ ਨਹੀਂ ਤੇ ਤੇਰੇ ਵਿਚ ਤੂੰ
ਹੁਣ ਤੇਰੇ ਵਿਚ ਮੈਂ ਵਸਾਂ ਤੇ ਮੇਰੇ ਵਿਚ ਤੂੰ

ਇੱਕ ਸਾਹ ਇੱਕ ਧੜਕਣ ਇਕੋ ਹੀ ਹੈ ਰੂਹ
ਮੈਂ ਤੈਥੋਂ ਵੱਖ ਨਾ ਹੋਵਾਂ ਤੇ ਜੁਦਾ ਨਾ ਹੋਈ ਤੂੰ

ਨੋਕ ਝੋਕ ਤਕਰਾਰ ਤਾਂ ਇਸ ਰਿਸ਼ਤੇ ਦੇ ਨੇ ਗਹਿਣੇ
ਮੈਂ ਤੈਨੂੰ ਮਨਾਉਂਦੇ ਰਹਿਣਾ ਪਰ ਰੁੱਸਿਆ ਨਾ ਕਰ ਤੂੰ

ਤਨ ਦੀ ਖਾਤਰ ਇਹ ਮਨ ਨਾ ਮੈਲਾ ਕਰੀਏ
ਜਦ ਵੀ ਆਏ ਸੱਦਾ ਮੇਰਾ ਬਹਾਨੇ ਨਾ ਘੜੀ ਤੂੰ

ਦੂਰ ਅੰਬਰਾਂ ਤੱਕ ਵੀ ਕਦੇ ਲਾਵਾਂਗੇ ਉਡਾਰੀ
ਬਸ 'ਸੋਹੀ' ਦੇ ਖੁਆਬਾਂ ਵਿੱਚ ਲੀਨ ਰਹੀ ਤੂੰ

**ਗੁਰਮੀਤ ਸਿੰਘ ਸੋਹੀ**
**ਪਿੰਡ-ਅਲਾਲ (ਧੂਰੀ)**
**9217981404**



## ਪਿੰਡ ਮੇਰਾ ਤੰਗਰਾਲੀਆਂ

ਹੁਸ਼ਿਆਰਪੁਰ ਹੈ ਜ਼ਿਲ੍ਹਾ ਅਸਾਡਾ, ਗੱਲਾਂ ਨੇ ਮਤਵਾਲੀਆਂ,
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।

ਬੱਸ ਅੱਡੇ ਤੋਂ ਤਿੰਨ ਮੀਲ ਦੀ ਦੂਰੀ 'ਤੇ ਘੁੱਗ ਵਸਦਾ।
ਕੈਸੀ ਸਾਡੀ ਰਹਿਣੀ ਸਹਿਣੀ ਆਉਂਦਾ ਜਾਂਦਾ ਦੱਸਦਾ।
ਪਤਲੀ ਪਤਲੀ ਸੜਕ ਹੈ ਜਾਂਦੀ ਨਾਲ ਤੁਰਨ ਹਰਿਆਲੀਆਂ,
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।

ਗੁਰਦੁਆਰਾ ਸ਼ਾਨ ਅਸਾਡੀ ਰਹਿਮਤ ਦਾ ਉਜਿਆਰਾ।
ਚਾਰ ਦਿਸ਼ਾਵਾਂ ਪੀਰਾਂ ਦੇ ਪਹਿਰੇ ਝੁਕਦਾ ਏ ਪਿੰਡ ਸਾਰਾ।
ਸਿਖ਼ਰ ਦੁਪਹਿਰੇ ਛਿੰਝਾਂ ਹੋਵਨ, ਰਾਤੀਂ ਹੋਣ ਕੱਵਾਲੀਆਂ
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।

ਕਈ ਧਰਮਾਂ, ਕਈ ਜ਼ਾਤਾਂ ਦੇ ਨੇ ਵੱਸਦੇ ਸੋਹਣੇ ਚਿਹਰੇ
ਚਿਹਰੇ 'ਤੇ ਨਾ ਲਾਉਂਦੇ ਚਿਹਰੇ ਸਾਡੇ ਵੱਡੇ ਜ਼ੇਰੇ।
ਤੇਰ-ਮੇਰ ਨਾ ਦਿਲ ਵਿੱਚ ਰੱਖਦੇ ਗੱਲਾਂ ਨੇ ਰੂਹ ਵਾਲੀਆਂ
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।

ਸਾਰੇ ਪਿੰਡ ਵਿੱਚ ਪਹਿਰਾ ਲੱਗੇ, ਜਦ ਚੋਰ ਦੀ ਸੂਹ ਮਿਲ ਜਾਂਦੀ,
ਘਰੋ-ਘਰੀ ਰੌਲਾ ਪੈ ਜਾਂਦਾ, ਸਾਂਭ ਲਵੋ ਸਭ ਸੋਨਾ ਚਾਂਦੀ।
ਗੱਭਰੂ ਪਿੰਡ ਦੇ ਡਾਂਗਾਂ ਫੜ ਕੇ, ਕਰਦੇ ਨੇ ਰਖਵਾਲੀਆਂ।
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।

ਮੇਰੇ ਪਿੰਡ ਦੀਆਂ ਗਲੀਆਂ ਵਰਗੀਆਂ ਹੋਰ ਕਿਤੋਂ ਨਾ ਲੱਭਣ।
ਮੋਕਲੇ ? ਰਾਹ ਤੋਂ ਭੀੜੀ ਗਲੀ ਦੇ ਖੂਹ ਦੇ ਨਾਲ ਹੀ ਫੱਬਣ।
ਪੇਕੇ ਘਰ ਦੀਆਂ ਪਿਆਰੀਆਂ ਪਿਆਰੀਆਂ ਕੰਧਾਂ ਕਰਮਾਂ ਵਾਲੀਆਂ,
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।

ਸੁਸਾਇਟੀ ਬੈਂਕ ਦੇ ਕੋਲੇ ਹੀ ਹੈ ਪਿੰਡ ਦਵਾਈਖਾਨਾ।
ਜੰਝ-ਘਰ ਵਿਚ ਖੇਡਣ ਲਈ, ਬੱਚੇ ਘਰ ਲਾ ਕੇ ਆਉਣ ਬਹਾਨਾ।
ਸ਼ਾਮ-ਸਵੇਰੇ ਸੈਰ ਕਰਨ ਲਈ ਨਿੱਕਲਣ ਹਸਰਤ ਵਾਲੀਆਂ,
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।

ਸਾਡੇ ਵੱਡ-ਵਡੇਰਿਆਂ ਨੇ ਸੋਹਣਾ ਪਿੰਡ ਵਸਾਇਆ।
ਏਸੇ ਪਿੰਡ ਦੀ ਨੁੱਕਰ ਵਿੱਚ 'ਅੰਜੂ' ਨੇ ਆਲ੍ਹਣਾ ਪਾਇਆ।
ਪੰਜ-ਪੀਰੀ ਨੇ ਏਥੇ ਮਿਲ ਕੇ ਵੰਡੀਆਂ ਨੇ ਖ਼ੁਸ਼ਹਾਲੀਆਂ,
ਮੁਕੇਰੀਆਂ ਦੇ ਨੇੜੇ ਤੇੜੇ ਪਿੰਡ ਮੇਰਾ ਤੰਗਰਾਲੀਆਂ।



**ਅੰਜੂ ਸਾਨਿਆਲ**

## .ਗ਼ਜ਼ਲ

ਪੱਥਰ ਦਿਲ ਤੋਂ ਟੁੱਕੜੇ ਹੋਇਆ, ਸ਼ੀਸ਼ੇ ਦਾ ਹਰ ਘਰ ਲਗਦਾ ਹੈ।
ਮੀਆਂ ਮਿੱਠੂ ਦਿਲ ਖੋਰੀ ਬੰਦਿਆਂ ਕੋਲੋਂ ਡਰ ਲਗਦਾ ਹੈ।

ਰਿਸ਼ਤੇ ਨਾਤੇ ਗੰਧਲੇ ਹੋ ਗਏ, ਸਾਰ ਨਹੀਂ ਕੋਈ ਵਿਰਸੇ ਦੀ,
ਲੋਰੀ ਰੱਖੜੀ ਬਾਝੋਂ ਹੁਣ ਤਾਂ, ਹਰ ਰਿਸਤਾ ਸ਼ਾਤਰ ਲਗਦਾ ਹੈ।

ਬਾਜ਼ ਸ਼ਿਕਾਰੀ ਵਾਂਗੂੰ ਨਜ਼ਰਾਂ, ਰਖਦਾ ਜੋ ਘੁੱਘੀਆਂ ਚਿੜੀਆਂ ਤੇ,
ਕਾਮੀ ਲੋਭੀ ਜਾਲਿਮ ਚਾਤੁਰ, ਆਦਤ ਤੋਂ ਆਤਰ ਲਗਦਾ ਹੈ।

ਸਾਰ ਨਹੀਂ ਜਦ ਜਿਸ ਬੰਦੇ ਨੂੰ, ਨੈਤਿਕ ਰਿਸ਼ਤਿਆਂ ਨਾਤਿਆਂ ਦੀ,
ਕੰਡਿਆਂ ਵਾਲੀ ਵਾੜ ਚ ਫਸਿਆ, ਪਾਟੇ ਖ਼ਤ ਦੀ ਕਾਤਰ ਲਗਦਾ ਹੈ।

ਰੁੱਖਾਂ ਵਰਗੇ ਮਾਂ ਪਿਉ ਹੁੰਦੇ, ਛਾਵਾਂ ਕਰਦੇ ਅਸੀਸਾਂ ਦੇਵਣ,
ਕਿਰਤੀ ਮਾਪੇ ਰੋਲ ਦਿੱਤੇ ਜਿਸ, ਮਨਮੁੱਖ ਮੂਰਖ ਪੱਥਰ ਲਗਦਾ ਹੈ।

ਅੱਜ ਵੀ ਚੌਧਰ ਭਾਗੋ ਦੀ ਹੈ, ਹੁਣ ਵੀ ਕਿਰਤੀ ਲਾਲੋ ਬੇਵਸ,
ਮੋਮਨ ਚਿਹਰੇ ਦੇ ਵਿਚ ਛੁਪਿਆ ਰਾਹਬਰ, ਨਾਬਰ ਲਗਦਾ ਹੈ।

ਮਹਿਕਾਂ ਵੰਡਣ ਦਿਲ ਨੂੰ ਮੋਂਹਦੇ, ਕੁਦਰਤ ਸਾਜੇ ਫੁੱਲ ਤੇ ਕਲੀਆਂ,
ਪਿਆਰ ਵਿਹੂਣਾ ਬੰਦਾ ਜਿਹੜਾ ਰਾਵਣ ਦਾ ਪਾਤਰ ਲਗਦਾ ਹੈ।



**ਮੇਜਰ ਸਿੰਘ ਰਾਜਗੜ੍ਹ**

## ਕਵਿਤਾ

ਲਾਲ, ਨੀਲੀ, ਪੀਲੀ, ਨਾਭੀ ਰੰਗ ਦੀ
ਤੇਰੀ ਪੱਗ ਬਹੁਤ ਸੋਹਣੀ ਲੱਗੇ ਤੇਰੇ ਤੇ।
ਤਾਜ ਤੇਰਾ ਸਿਰ ਤੇ ਪੱਗ ਹੈ।
ਲਾਲ ਪੱਗ ਵਿਚ ਤੂੰ ਰਾਜਾ ਲੱਗੇ ਕਿਸੇ ਘਰਾਣੇ ਦਾ
ਤੇਰਾ ਰੂਪ ਢੁੱਲ ਢੁੱਲ ਪਵੇ
ਜਦੋਂ ਤੂੰ ਲਾਲ ਰੰਗ ਦੀ ਪੱਗ ਬਣਕੇ ਨਿਕਲੇ।
ਤੇਰਾ ਕਤਲ ਬਦਨ, ਤੇਰਾ ਚੋੜਾ ਸੀਨਾ ਤਾਨ ਕੇ ਨਿਕਲੇ।
ਕੋਈ ਆਂ ਨੂੰ ਤੂੰ ਘਾਇਲ ਕਰੇ।
ਜਦੋਂ ਕੋਈ ਤੈਨੂੰ ਦੇਖੇ
ਤੂੰ ਆਖਦਾ ਮੇਰੇ ਤੇ ਬਹੁਤ ਮਰਦੇ ਹਨ।
ਲੈ ਅਸੀਂ ਵੀ ਤੇਰੇ ਤੇ ਮਰਦੇ ਕੀ ਮਰ ਗਏ ਹੂ
ਹੁਣ ਤੂੰ ਸਾਨੂੰ ਦਫ਼ਨ ਕਰ ਆਪਣੀਆਂ
ਬਾਹਾਵਾਂ ਵਿਚ ਸਮਾ ਲੈ ਅਸੀਂ ਮਰ ਗਏ ਹੈ।
ਤੇਰੀ ਤਕੱਣੀ ਕਿਵੇਂ ਲੋਕਾਂ ਦੇ ਹੋਸ਼ ਉੱਡਾ ਦੇਵੇ
ਤੈਨੂੰ ਦੇਖ ਕੇ ਲੋਕੀਂ ਹਾਉਕੇ ਭਰਣ।
ਜਦੋਂ ਲਾਲ ਪੱਗ ਦਾ ਲਿਸ਼ਕਾਰਾ ਦੇਖੇ।
ਸੂਰਜ ਵੀ ਤੈਨੂੰ ਦੇਖ ਕੇ ਉੱਥੇ ਹੀ ਰੁੱਕ ਜਾਏ।
ਸ਼ਰਮਾ ਬੱਦਲਾਂ ਵਿਚ ਛਿਪ ਜਾਏ
ਬਾਰ-ਬਾਰ ਤੈਨੂੰ ਝਾਤ ਮਾਰ ਕੇ ਦੇਖੇ।



**ਸੁਰਜੀਤ ਸਰਾਂਗ**

## ਦਿਹਾੜੀ ਦਾਰ ਮਜ਼ਦੂਰ

ਸਵੇਰ ਤੋ ਲੈਕੇ ਸ਼ਾਮ ਤਕ ਰੋਜ਼ਾਨਾ ਨੂੰ
ਭਾਰ ਚਕ, ਮੁੜਕੇ ਚ ਭਿੱਜੇ ਨੇ ਭਰਪੂਰ,
ਸਾਡੀ ਕੋਈ ਬਹੁਤੀ ਕਮਾਈ ਨਾ ਸਮਜਿਓ
ਅਸੀ ਤੇ ਰੋਜ਼ ਦੇ ਦਿਹਾੜੀ ਦਾਰ ਮਜ਼ਦੂਰ

ਹਨੇਰੇ ਪਏ ਉੱਠਕੇ ਚੁੱਲ੍ਹਾ ਬਾਲਦੇ ਹਾਂ
ਰੋਟੀ ਟੁੱਕਰ ਨਾਲ ਚਕ ਤੁਰ ਜਾਂਦੇ ਹਾਂ,
ਕੰਮ ਪੂਰਾ ਕਰਦੇ ਹਾਂ ਪਹਿਲਾਂ ਆਪਣਾ
ਫਿਰ ਸ਼ੁਕਰਾਨਾ ਕਰ ਦੋ ਟੁੱਕਰ ਖਾਂਦੇ ਹਾਂ

ਸਾਡੇ ਨਾਲ ਕੋਈ ਤੇ ਇੰਨਾ ਵਿਤਕਰਾ ਕਰੇ
ਸਾਡੇ ਹੱਥ ਲਾਉਣ ਤੇ ਭਾਂਡੇ ਵੀ ਦੂਰ ਕਰੇ,
ਤੇ ਕੁੱਝ ਰੱਬੀ ਰੂਪ ਸੇਵਾ ਕਰ ਜਾਂਦੇ ਨੇ
ਘਰ ਦੀ ਦਾਲ ਸਬਜ਼ੀ ਬੰਨ੍ਹ ਦੇ ਜਾਂਦੇ ਨੇ

ਸ਼ੁਕਰ ਹੈ ਸੱਚੇ ਰੱਬ ਦਾ ਰੋਜ਼ਾਨਾ ਨਿੱਤ ਦਾ
ਜੋ ਦਾਲ ਫੁਲਕਾ ਝੋਲੀ ਪਾਈ ਜਾਂਦੇ ਨੇ,
ਦਾਣੇ ਤਾਂ ਉਹਨੇ ਹੀ ਖਾਣੇ ਨੇ ਜੋ ਹੁਕਮ ਹੈ
ਬਖਸ਼ੇ ਸਾਹ ਉਸ ਦੇ ਸਦਕੇ ਚੱਲੀ ਜਾਂਦੇ ਨੇ

ਢਿੱਲੋਂ ਨੂੰ ਜਿਵੇਂ ਦੱਸਿਆ ਉਹਨੇ ਉਂਝ ਹੀ
ਹਾਲ ਬਿਆਨ ਕਰ ਦਿੱਤਾ ਹੈ ਸਭ ਅੱਗੇ
ਹਰ ਕੋਈ ਮਜ਼ਦੂਰ ਨੂੰ ਨੀਵਾ ਕਰ ਤ੍ਰਿਗਦੇ
ਅਜਿਹੀ ਤੋਹਮਤ ਕਦੇ ਕਿਸੇ ਨੂੰ ਨਾ ਲੱਗੇ।



**ਅਵਤਾਰ ਸਿੰਘ ਢਿੱਲੋਂ**
**ਨਵੀਂ ਦਿੱਲੀ**

## ਚੱਪੜਚਿੜੀ

ਦੁਨੀਆਂ ਦਾ ਨਿਵੇਕਲਾ ਤੇ ਇਤਿਹਾਸਕ ਸਥਾਨ,
ਜਗੀਰੂ ਪ੍ਰਣਾਲੀ ਖਤਮ ਕਰਕੇ ਲਿਆਂਦਾ ਕਿਸਾਨੀ ਇਨਕਲਾਬ ।
ਯੋਧਾ ਬਾਬਾ ਬੰਦਾ ਸਿੰਘ ਬਹਾਦਰ ਪੁਣਛ ਖੇਤਰ ਦਾ
ਸੋਧ ਕੇ ਮੁਗਲਾਂ ਜਰਵਾਣਿਆਂ ਨੂੰ ਦਿੱਤਾ ਕਰਾਰਾ ਜਵਾਬ ।

ਜੰਮੂ ਦੇ ਰਾਜਪੂਤ ਘਰ ਦਾ ਪੁੱਤਰ ਛੋਟੀ ਉਮਰੇ ਹੋਇਆ ਵੈਰਾਗੀ,
ਨਾਂਦੇੜ ਵਿਖੇ ਗੋਦਾਵਰੀ ਦੇ ਕੰਢੇ ਆਸ਼ਰਮ ਬਣਾਇਆ
1708 ਗੁਰੂ ਗੋਬਿੰਦ ਸਿੰਘ ਜੀ ਨਾਲ ਭੇਂਟ ਤੋਂ ਹੋਏ ਪ੍ਰਭਾਵਿਤ,
ਗੁਰੂ ਜੀ ਨੇ ਮੁਗਲਾਂ ਦੇ ਜ਼ੁਲਮਾਂ ਦਾ ਚਿੱਠਾ ਖੋਲ ਸੁਣਾਇਆ।

ਕੀਤੀ ਫੌਜ ਤਿਆਰ, ਸਰਹਿੰਦ ਤੇ ਬਾਈਧਾਰ ਦੇ ਰਾਜਿਆਂ ਨੂੰ ਸੋਧਣ ਲਈ,
ਦਿਤੇ ਪੰਜ ਸਿੰਘ, ਭਾਈ ਵਿਨੋਦ ਸਿੰਘ, ਭਗਵੰਤ ਸਿੰਘ ਕਾਹਨ ਸਿੰਘ,
ਬਾਜ਼ ਸਿੰਘ ਤੇ ਰਾਮ ਸਿੰਘ ਨਾਲ ਹੀ ਪੰਜ ਤੀਰ।
ਫੌਜ ਵਿੱਚ ਸ਼ਾਮਲ ਹੋਏ ਹਿੰਦੂ, ਸਿੱਖ, ਉਦਾਸੀ ਤੇ ਮੁਸਲਮਾਨ,
ਸੋਨੀਪਤ, ਸਮਾਣਾ, ਘੁਮਾਣ, ਸ਼ਾਹਬਾਦ,ਕਪੂਰੀ,ਤੇ ਸਢੌਰਾ ਜਿਤੇ,
ਮਾਰਿਆ ਖ਼ਾਨ ਵਜ਼ੀਰ।

ਉਸ ਦੇ ਰਾਜ ਪ੍ਰਬੰਧ ਵਿੱਚ ਨਹੀਂ ਹੁੰਦਾ ਸੀ ਕੋਈ ਪੱਖਪਾਤ,
ਅਖੌਤੀ ਊਚ ਨੀਚ ਖਤਮ ਕਰਕੇ ਸਾਰੇ ਬੰਧਨ ਤੋੜੇ ਧਰਮ, ਨਸਲ, ਜਾਤ।
ਇਕ ਦਲਿਤ ਨੂੰ ਬਣਾਇਆ ਸਰਹਿੰਦ ਦਾ ਪਹਿਲਾ ਗਵਰਨਰ,
ਉੱਚ ਪਦਵੀਆਂ ਤੇ ਲਾਏ ਕਾਬਲ ਬੰਦੇ ਨਾ ਦੇਖੀ ਜਾਤ ਪਾਤ ।

ਸ਼ਿਵਾਲਿਕ ਪਹਾੜੀਆਂ ਚ ਬਣਾਈ ਰਾਜਧਾਨੀ ਲੋਹਗੜ੍ਹ,
ਉਸ ਦੀਆਂ ਜਿੱਤਾਂ ਨਾਲ ਦੇਸ਼ ਵਿੱਚ ਮੱਚੀ ਤਰਥੱਲੀ।
ਬਹਾਦਰ ਸ਼ਾਹ 1710 ਚ ਦਿੱਲੀ ਤੋਂ ਜਾਰੀ ਕੀਤਾ ਫੁਰਮਾਨ,
ਜਿਥੇ ਵੀ ਸਿੱਖ ਜਾਂ ਹਿਮਾਇਤੀ ਮਿਲੇ ਕਤਲ ਕਰੋ ਜਾਂ ਲਵੋ ਬਲੀ।

ਪਹਾੜਾਂ ਵੱਲ ਨਿਕਲਿਆ 'ਬੰਦਾ' ਲੁਕ ਛਿਪ ਕੇ ਰਿਹਾ ਸਾਢੇ ਚਾਰ ਸਾਲ,
1715 ਚ ਨੰਗਲ ਦੀ ਗੜ੍ਹੀ ਚ ਅੱਠ ਮਹੀਨੇ ਹੋਈ ਲੜਾਈ।
741 ਸਿੰਘਾਂ ਨਾਲ ਹੋਈ ਗ੍ਰਿਫਤਾਰੀ, ਤਸੀਹੇ ਦਿੱਤੇ,
ਪੁਤਰ ਅਜੇ ਸਿੰਘ ਦਾ ਕਤਲ ਕਰਕੇ,
ਦਿਲ ਧੱਕਿਆ ਉਸਦਾ ਮੂੰਹ ਵਿੱਚ, ਉਪਰੰਤ ਸ਼ਹੀਦੀ ਪਾਈ।

**ਅਮਰਜੀਤ ਸਿੰਘ ਤੂਰ**
**9878469639**

## ਕਵਿਤਾ

ਰੱਬਾ ਤੇਰੇ ਬੰਦੇ ਨੂੰ ਕੀ ਅੱਜ, ਇਹ ਹੋ ਰਿਹੈ ?
ਗਿਰਗਟ ਵਾਂਗ ਰੋਜ਼ ਹੀ ਰੰਗ, ਇਹ ਬਦਲ ਰਿਹੈ

ਝੂਠੇ ਦੀ ਬਾਂਹ ਇਹ, ਅੱਗੇ ਹੋ-ਹੋ ਫੜਦਾ
ਪੈਸੇ ਅੱਗੇ ਕਿਸੇ ਨੂੰ ਵੀ ਕੁਝ ਨਾ ਸਮਝਦਾ

ਮੁਖੌਟੇ ਪਾ-ਪਾ ਚਲਾਕੀਆਂ ਇਹ ਰੋਜ਼ ਕਰੇ
ਇਨਸਾਨੀਅਤ ਦਾ ਕਦੇ ਨਾ ਇਹ ਦਮ ਭਰੇ

ਕਾਲੇ ਕਾਰਨਾਮੇ ਕਰ ਘਰ, ਇਹ ਭਰੀ ਜਾਂਦਾ
ਗਰੀਬ ਨੂੰ ਦਬੋਚ ਉਹਦਾ ਹੱਕ, ਇਹ ਮਾਰੀ ਜਾਂਦਾ

ਮੇਰਾ-ਮੇਰਾ ਕਰ ਹਾਏ ਢਿੱਡ, ਨਾ ਭਰੇ
ਨਾਮ ਜਪਣ ਨੂੰ ਭੌਰਾ ਚਿੱਤ, ਨਾ ਕਰੇ

ਪਾਪਾਂ ਦੇ ਹਿਸਾਬ ਦੇਣੇ ਪਊ, ਭੁੱਲ ਗਿਐ
ਧੰਨ ਦੌਲਤ ਤੇ ਬਸ ਇਹ ਤਾਂ ਡੁੱਲ ਗਿਐ

ਰੱਬਾ ਤੇਰੇ ਬੰਦੇ ਨੂੰ ਕੀ ਅੱਜ, ਇਹ ਹੋ ਰਿਹੈ ?
ਗਿਰਗਟ ਵਾਂਗ ਰੋਜ਼ ਹੀ ਰੰਗ, ਇਹ ਬਦਲ ਰਿਹੈ।



**ਡਾ. ਰਜਿੰਦਰ ਰੇਨੂੰ**

## ਇਸ਼ਕ

ਗੱਲ ਇਸ਼ਕ ਦੀ ਕਰਨੀ ਸੌਖੀ
ਖੇਡ ਇਸ਼ਕ ਦੀ ਬਹੁਤ ਹੈ ਔਖੀ
ਕਿਸੇ ਥਲਾਂ ਵਿਚ ਸਾੜ ਮੁਕਾਉਂਦਾ
ਕਿਸੇ ਬੰਨ੍ਹ ਡਾਚੀ ਉਠਵਾਉਂਦਾ ਏ...
ਐਵੇਂ ਇਸ਼ਕ ਇਸ਼ਕ ਨਾ ਕਰਿਆ ਕਰ
ਇਹ ਇਸ਼ਕ ਬੜਾ ਤੜਪਾਉਂਦਾ ਹੈ....

ਏਸ ਇਸ਼ਕ ਦਾ ਪੱਟਿਆ ਰਾਂਝਾ
ਕਰਦਾ ਸੀ ਦਿਲ ਹੀਰ ਨਾ' ਸਾਂਝਾ
ਰਹਿ ਗਿਆ ਉਹਦੇ ਪਿਆਰ ਤੋਂ ਵਾਂਝਾ
ਰੋਂਦਾ ਤੇ ਕੁਰਲਾਉਂਦਾ ਏ...
ਐਵੇਂ ਇਸ਼ਕ ਇਸ਼ਕ ਨਾ ਕਰਿਆ ਕਰ

ਏਸ ਇਸ਼ਕ ਵਿੱਚ ਪੈਰ ਜੋ ਧਰਦੇ
ਨਾ ਉਹ ਜਿਉਂਦੇ, ਤੇ ਨਾ ਮਰਦੇ
ਕਿਸੇ ਝਨਾਂਅ ਵਿੱਚ ਗੋਤੇ ਦੇਂਦਾ
ਕਿਸੇ ਪੱਟ ਦਾ ਮਾਸ ਖਵਾਉਂਦਾ ਏ...
ਐਵੇਂ ਇਸ਼ਕ ਇਸ਼ਕ ਨਾ ਕਰਿਆ ਕਰ

ਇਸ਼ਕ ਯਾਰ ਦੀ ਕਮਲੀ ਕਰਦਾ
ਬਣ ਮਨਸੂਰ ਸੂਲ਼ੀ 'ਤੇ ਚੜ੍ਹਦਾ
ਕਿਸੇ ਨੂੰ ਜੰਡ ਥੱਲੇ ਮਰਵਾਉਂਦਾ
ਕਿਸੇ ਬਣ ਕੰਜਰੀ ਨਚਵਾਉਂਦਾ ਏ...
ਐਵੇਂ ਇਸ਼ਕ ਇਸ਼ਕ ਨਾ ਕਰਿਆ ਕਰ

ਸੱਭ ਤੋਂ ਉੱਚਾ ਇਸ਼ਕ ਖ਼ੁਦਾ ਦਾ
ਸੱਭ ਤੋਂ ਸੁੱਚਾ ਇਸ਼ਕ ਖ਼ੁਦਾ ਦਾ
'ਦੂਹੜਿਆਂ ਵਾਲਾ ਖੁਸ਼ੀ ਮੁਹੰਮਦ'
ਮੌਲ਼ਾ ਈ ਮੌਲ਼ਾ ਗਾਉਂਦਾ ਏ...
ਐਵੇਂ ਇਸ਼ਕ ਇਸ਼ਕ ਨਾ ਕਰਿਆ ਕਰ
ਇਹ ਇਸ਼ਕ ਬੜਾ ਤੜਪਾਉਂਦਾ ਹੈ....



ਖੁਸ਼ੀ ਮੁਹੰਮਦ ਚੱਠਾ

## ਰੋਡਵੇਜ਼ ਦੀ ਬੱਸ

ਆ ਗਈ ਅੱਡੇ 'ਚ ਰੋਡਵੇਜ਼ ਦੀ ਬੱਸ,
ਤੀਵੀਆਂ ਇਸ ਵਿੱਚ ਚੜ੍ਹੀਆਂ ਸੱਠ।
ਬਹੁਤੀਆਂ ਨੂੰ ਸੀਟਾਂ ਮਿਲ ਗਈਆਂ,
ਕੁੱਝ ਵਿਚਾਰੀਆਂ ਰਹਿ ਗਈਆਂ ਖੜ੍ਹੀਆਂ।
ਸਭ ਨੇ ਕਾਰਡ ਕੱਢ ਹੱਥਾਂ 'ਚ ਫੜ ਲਏ,
ਕੰਡਕਟਰ ਵੱਲ ਉਨ੍ਹਾਂ ਨੇ ਮੂੰਹ ਕਰ ਲਏ।
ਕੱਲੀ, ਕੱਲੀ ਦਾ ਕਾਰਡ ਹੱਥ ਵਿੱਚ ਲੈ ਕੇ,
ਆਪਣੀ ਕਾਰਵਾਈ ਕਰਕੇ ਅੱਗੇ ਹੋਈ ਜਾਵੇ।
ਬੱਸ ਵਿੱਚ ਮਰਦ ਸਵਾਰੀ ਬੈਠੀ ਨਾ ਕੋਈ,
ਰੋਡਵੇਜ਼ ਨੂੰ ਕੋਈ ਇਨਕਮ ਨਾ ਹੋਈ।
ਮਹਿੰਗੇ ਭਾਅ ਦਾ ਡੀਜ਼ਲ ਪੁਆ ਕੇ,
ਰੋਡਵੇਜ਼ ਨੇ ਕਿੱਥੋਂ ਇਹ ਪੈਸੇ ਕਰਨੇ ਪੂਰੇ।
ਜੇ ਕੁੱਝ ਹੋਰ ਫਰੀ ਕਰ ਦਿੱਤਾ ਸਰਕਾਰੇ,
ਤਾਂ ਫੇਰ ਰੁਕ ਜਾਣੇ ਨੇ ਬਾਕੀ ਕੰਮ ਸਾਰੇ।
ਸੰਭਲ ਜਾ ਸਰਕਾਰੇ, ਹੈ ਸੰਭਲਣ ਦਾ ਵੇਲਾ,
ਨਹੀਂ ਤਾਂ ਤੈਨੂੰ ਛੱਡਣਾ ਪੈਣਾ ਭਰਿਆ ਮੇਲਾ।



ਮਹਿੰਦਰ ਸਿੰਘ ਮਾਨ
9915803554

## ਨਾਮੁਮਕਿਨ ਨਹੀਂ !

ਤਵਾਜ਼ਨ ਮੋਢਿਆਂ 'ਤੇ,
ਰੱਖਣਾ,
'ਬਰਾਬਰ'
ਔਖ਼ਾ ਤਾਂ ਹੈ।
ਨਾਮੁਮਕਿਨ ਨਹੀਂ।
ਸਮੇਂ ਦੇ ਨਾਲ ਚੱਲਣਾ,
'ਫਕਤ'
ਔਖ਼ਾ ਤਾਂ ਹੈ ।
ਨਾਮੁਮਕਿਨ ਨਹੀਂ।
ਫੁੱਲਾਂ ਦੇ ਵਿਚ,
'ਵਿਚਰਨਾ',
ਕੰਡਿਆਂ ਦਾ ਡਰ,
ਨਾ ਹੋਵੇ।
ਗੱਲ ਕਰਨਾ ਤੇ,
ਗੱਲ ਸੁਣਨਾਂ,
ਔਖ਼ਾ ਤਾਂ ਹੈ।
ਨਾਮੁਮਕਿਨ ਨਹੀਂ।
ਤੱਕੜੀ ਵਿਚ ਤੋਲ ਕੇ,
ਦੇਣਾ,
ਪਿਆਰ ਕਿਤੇ,
ਵਧ ਘਟ ਨਾ ਜਾਵੇ।
ਅਰਮਾਨਾਂ ਨੂੰ ਸਾਂਭ ਕੇ,
ਰੱਖਣਾ,
ਔਖ਼ਾ ਤਾਂ ਹੈ।
ਨਾਮੁਮਕਿਨ ਨਹੀਂ।



ਜਸਪਾਲ ਜੱਸੀ

## ਸਮੇਂ ਦਾ ਸੱਚ

ਮੇਰੇ ਰੰਗਲੇ ਪੰਜਾਬ ਦਾ ਦੇਖੋ
ਕੀ ਏਹਨਾਂ ਨੇਂ ਹਾਲ ਬਣਾਇਆ ਏ
ਅਜੇ ਤੀਕ ਨਾਂ ਰੌਣਕਾਂ ਪਰਤੀਆਂ ਨੇਂ
ਜ਼ੋਰ ਤਿੰਨਾਂ ਤਿਰਾਂ ਨੇ ਲਾਇਆ ਏ

ਨਸ਼ਾ ਮੁਕਤ ਦੀ ਗੱਲ ਕਰ ਰਹੇ ਸਨ
ਨਸ਼ਾ ਜੇਲਾਂ ਚੋਂ ਬੰਦ ਨਾਂ ਹੋਇਆ ਏ
ਨਸ਼ੇ ਨਾਲ ਜੁਵਾਨੀ ਰੋਜ ਮਰ ਰਹੀ ਏ
ਹਰ ਰੋਜ ਇੱਕ ਮਾਂ ਦਾ ਪੁੱਤ ਮੋਇਆ ਏ
ਪਿੱਟ ਪਿੱਟ ਕੇ ਮਾਵਾਂ ਨੇਂ ਬੁਰਾ ਹਾਲ ਕੀਤਾ
ਕਈਆਂ ਘਰਾਂ ਚ ਸਥਰ ਵਿਛਾਇਆ ਏ
ਮੇਰੇ ਰੰਗਲੇ ਪੰਜਾਬ ਦਾ ਦੇਖੋ
ਕੀ ਇਹਨਾਂ ਨੇਂ ਹਾਲ ਬਣਾਇਆ ਏ
ਅਜੇ ਤੀਕ ਨਾਂ ਰੌਣਕਾਂ ਪਰਤੀਆਂ ਨੇਂ
ਜ਼ੋਰ ਤਿੰਨਾਂ ਤਿਰਾਂ ਨੇਂ ਲਾਇਆ ਏ

ਹੱਕ ਪਾਣੀਆ ਦੇ ਪੰਜਾਬ ਤੋਂ ਖੋ ਲਏ ਨੇ
ਕੁੱਖ ਧਰਤੀ ਦੀ ਪਾਣੀ ਤੋਂ ਖਾਲੀ ਹੋ ਰਹੀ ਏ
ਚੌਲ ਪੈਦਾ ਕਰਕੇ ਭੇਜਦਾ ਰਿਹਾ ਸਾਰੇ ਪਾਸੇ
ਕਿਸਾਨੀ ਮਰਨ ਕਿਨਾਰੇ ਹੋ ਗਈ ਏ
ਸਮਾਂ ਲੰਘੇ ਤੋਂ ਅਕਲ ਆਈ ਤਹਾਨੂੰ
ਤੁਸੀ ਪਹਿਲਾਂ ਕਿਉਂ ਝੋਨਾ ਲਵਾਇਆ ਏ
ਮੇਰੇ ਰੰਗਲੇ ਪੰਜਾਬ ਦਾ ਦੇਖੋ
ਕੀ ਇਹਨਾਂ ਨੇ ਹਾਲ ਬਣਾਇਆ ਏ
ਅਜੇ ਤੀਕ ਨਾਂ ਰੌਣਕਾਂ ਪਰਤੀਆਂ ਨੇ
ਜ਼ੋਰ ਤਿੰਨਾਂ ਤਿਰਾਂ ਨੇਂ ਲਾਇਆ ਏ

ਧਰਤੀ ਖਾਦਾਂ ਦਵਾਈਆਂ ਨਾਲ ਹੋਈ ਜ਼ਹਿਰੀ
ਪਾਣੀ ਵਾਤਾਵਰਣ ਖਰਾਬ ਪਾਇਆ ਏ
ਪਹਿਲੇ ਦਰੱਖਤ ਵੱਢ ਸੱਭ ਵੇਚ ਖਾਦੇ
ਨਵਾਂ ਕੋਈ ਨਾਂ ਓਹਦੇ ਥਾਂ ਲਾਇਆ ਏ
ਕਰਨ ਲੱਗ ਪਏ ਖਰਾਬ ਬਣਿਆ ਭਾਈ ਚਾਰਾ
ਕਈਆਂ ਨੂੰ ਐਂਵੇ ਤੁਸੀ ਅੰਬਰੀ ਚੜ੍ਹਾਇਆ ਏ
ਮੇਰੇ ਰੰਗਲੇ ਪੰਜਾਬ ਦਾ ਦੇਖੋ
ਕੀ ਇਹਨਾਂ ਨੇ ਹਾਲ ਬਣਾਇਆ ਏ
ਅਜੇ ਤੀਕ ਨਾਂ ਰੌਣਕਾਂ ਪਰਤੀਆਂ ਨੇ
ਜ਼ੋਰ ਤਿੰਨਾਂ ਤਿਰਾਂ ਨੇ ਲਾਇਆ ਏ

ਨੌਜ਼ਵਾਨੀ ਸਾਰੀ ਵਿਦੇਸ਼ਾ ਨੂੰ ਤੋਰ ਦਿੱਤੀ
ਗੱਲਾਂ ਰੁਜ਼ਗਾਰ ਦੇਣ ਦੀਆਂ ਕੀਤੀਆਂ ਸੀ
ਵਿਛੋੜੇ ਬੱਚੇ ਆਪਣੇ ਮਾਂ ਪਿਓ ਤੋਂ
ਰੋਈਆਂ ਅੱਖਾਂ ਮਾਂ ਦੀਆਂ ਚੁੱਪ ਚੁਪੀਤੀਆਂ ਸੀ
ਸਾਨੂੰ ਛੱਡ ਕੇ ਤੁਰ ਚੱਲਿਆਂ ਪੁੱਤਰਾ
ਕੋਠੀ ਤੇ ਪੂਰਾ ਪੰਜਾਹ ਲੱਖ ਲਾਇਆ ਏ
ਮੇਰੇ ਰੰਗਲੇ ਪੰਜਾਬ ਦਾ ਦੇਖੋ
ਕੀ ਇਹਨਾਂ ਨੇਂ ਹਾਲ ਬਣਾਇਆ ਏ
ਅਜੇ ਤੀਕ ਨਾਂ ਰੌਣਕਾਂ ਪਰਤੀਆਂ ਨੇ
ਜੋਰ ਤਿੰਨਾਂ ਤਿਰਾਂ ਨੇਂ ਲਾਇਆ ਏ

ਗੁਰਚਰਨ ਸਿੰਘ ਧੰਜੂ
ਪਟਿਆਲਾ

## ਰੁੱਖਾਂ ਦੀਆਂ ਛਾਵਾਂ.....

ਰੱਬਾ ਸਹੀ ਸਲਾਮਤ ਮੇਰੀ ਮਾਂ ਰੱਖੀਂ,
ਮੇਰੀ ਮਾਂ ਵਿੱਚ ਬੇਸ਼ੱਕ ਮੇਰੀ ਜਾਂ ਰੱਖੀਂ।
ਮਾਵਾਂ ਠੰਡੀਆਂ ਰੁੱਖਾਂ ਦੀਆਂ ਛਾਵਾਂ,
ਮੇਰੇ ਸਿਰ ਤੇ ਸਦਾ ਇਹ ਗੂੜ੍ਹੀ ਛਾਂ ਰੱਖੀਂ।
ਰੱਬਾ ਸਹੀ ਸਲਾਮਤ....
ਮਾਂ ਬਾਝੋਂ ਕੌਣ ਦਰਦ ਵੰਡਾਉਂਦਾ,
ਚੂਰੀ ਕੁੱਟ ਕੌਣ ਮੂੰਹ ਵਿੱਚ ਪਾਉਂਦਾ ?
ਆਪਣਾ ਆਪ ਵਾਰ ਦਿੰਦੀ ਇਹ,
ਮਾਂ ਜਿੰਨਾ ਦੱਸ ਕੌਣ ਹੈ ਚਾਹੁੰਦਾ ?
ਇਹਦੇ ਬਿਨ ਸੱਭ ਬੰਦ ਦਰਵਾਜ਼ੇ,
ਤੂੰ ਖੁੱਲ੍ਹੇ ਮੇਰੇ ਲਈ ਇਹ ਰਾਹ ਰੱਖੀਂ।
ਰੱਬਾ ਸਹੀ ਸਲਾਮਤ....
ਮੈਨੂੰ ਓਸਨੇ ਦੁਨੀਆਂ ਹੈ ਦਿਖਾਈ,
ਦੁਨੀਆਂਦਾਰੀ ਦੀ ਖੇਡ ਸਿਖਾਈ।
ਲੜ੍ਹ ਕੇ ਓਹਨੇ ਤੇਰੇ ਨਾਲ ਵੀ,
ਸੋਹਣੀ ਕਿਸਮਤ ਮੇਰੀ ਲਿਖਾਈ।
ਜਦ ਤੱਕ ਚਲਦੇ 'ਮਨਜੀਤ' ਦੇ,
ਚੱਲਦੇ ਓਹਦੇ ਵੀ ਸਾਹ ਰੱਖੀਂ।
ਰੱਬਾ ਸਹੀ ਸਲਾਮਤ.....



ਮਨਜੀਤ ਕੌਰ ਧੀਮਾਨ,
9464633059

## ਧਰਮਰਾਜ ਤੇ ਯਮਦੂਤ

**ਕੋਰੋਨਾ ਵੇਲੇ ਦਾ ਵਿਅੰਗ:**

ਧਰਮਰਾਜ ਕਚਹਿਰੀ ਲਾਈ,
"ਲੇਖਾ ਦੇਵੋ ਹਰ ਕੋਈ ਭਾਈ"
ਨਰਕ ਸੁਰਗ 'ਚ ਦੇ ਕੇ ਹੋਕਾ,
ਸਭਨਾਂ ਨੂੰ ਦਿੱਤਾ ਇੱਕ ਮੌਕਾ।

ਹੁਕਮ ਸੁਣ ਦਰਬਾਰੀ ਆਏ,
ਲਿਸਟਾਂ ਨਾਲ਼ੇ ਚੁੱਕ ਲਿਆਏ।
ਕਿੰਨਾ ਹੋਇਆ ਕਿੰਨਾ ਬਾਕੀ,
ਕਿਹੜਾ ਸਾਊ ਕੌਣ ਹੈ ਆਕੀ ?

'ਕੱਲੇ 'ਕੱਲੇ ਖੜ੍ਹਕੇ ਕਟਹਿਰੇ,
ਦੁੱਖ ਤਕਲੀਫ਼ਾਂ ਦੱਸਦੇ ਸਾਰੇ।
ਸੁਰਗਾਂ ਵਿੱਚ ਸਭ ਚੰਗਾ ਸੀ,
ਨਰਕਾਂ ਦਾ ਸਾਰਾ ਪੰਗਾ ਸੀ।

ਆਪਣੀ 2 ਸਭਨੂੰ ਕਾਹਲੀ,
ਯਮਦੂਤ ਸੀ ਔਖਾ ਬਾਹਲੀ।
ਯਮਦੂਤ ਇੰਝ ਆਖ ਸੁਣਾਵੇ,
ਉੱਚੀ ਉੱਚੀ ਵੀ ਬੋਲੀ ਜਾਵੇ।

"ਅਮਰੀਕਾ ਨੇ ਹੈ ਕੀਤਾ ਕਾਬੂ,
ਇੰਗਲੈਂਡ ਇਟਲੀ ਹੈ ਬੇਕਾਬੂ।
ਕੈਨੇਡਾ ਵਾਲ਼ੇ ਸਾਧ ਬਿਚਾਰੇ,
ਖੁਣੋਂ ਟੀਕੇ ਫਿਰਦੇ ਮਾਰੇ ਮਾਰੇ।

ਅਫ਼ਰੀਕਾ ਦੀ ਚਿੰਤਾ ਨ ਕੋਈ,
ਆਪੇ ਭੁਗਤੂ ਅਣਹੋਣੀ ਹੋਈ।
ਅਸਟਰੇਲੀਆ ਨੇ ਲਾ'ਤਾ ਡੱਕਾ,
ਚੱਲਣ ਨ ਦੇਵੇ ਇਹਦਾ ਧੱਕਾ।

ਏਸ਼ੀਆ ਵਿੱਚ ਤਾਂ ਖੁੱਲ੍ਹਾ ਘੁੰਮੇ,
ਫੜ ਫੜ ਲੈਂਦਾ ਸਭ ਦੇ ਚੁੰਮੇ।
ਅੱਗੇ ਸੁਣੋ ਸਾਹਿਬ ਜੀ ਮੇਰੀ,
ਫਸੇ ਪਏ ਵਿੱਚ ਘੁੰਮਣ ਘੇਰੀ।

ਕੋਰੋਨਾ ਹਾਹਾਕਾਰ ਮਚਾਈ,
ਜੰਤਾ ਹੈ ਵਿੱਚ ਪੁਆੜੇ ਪਾਈ।
ਮੇਰੇ ਵਲ ਘੜਮੱਸ ਪਿਆ ਹੈ,
ਨਾ ਕੁੱਝ ਮੇਰੇ ਵੱਸ ਰਿਹਾ ਹੈ।

ਗਿਣਤੀ ਮਿਣਤੀ ਹੈ ਨ ਕੋਈ,
ਚੁੱਕ ਚੁੱਕ ਰੂਹਾਂ ਜਾਵਾਂ ਢੋਈ।
ਵਾਧੂ ਸਮੇਂ ਨਾਲ਼ ਵੀ ਨ ਸਰੇ,
ਕਰਿੰਦਾ 24 ਘੰਟੇ ਕੰਮ ਕਰੇ।

ਟੁੱਟ ਟੁੱਟ ਮਰ ਕੇ ਥੱਕੇ ਹਾਰੇ,
ਦੱਸੋ ਹੋਰ ਕੀ ਕਰਨ ਬਿਚਾਰੇ ?
ਸੁਣ ਬੋਲ ਕੁਬੋਲ ਉਹ ਸਾਰੇ,
ਧਰਮਰਾਜ ਨੇ ਠਹਾਕੇ ਮਾਰੇ।

"ਹੋ ਉਰ੍ਹੇ ਜਰਾ ਨੁਸਖ਼ਾ ਦੱਸਾਂ,
ਨਾਲ਼ੇ ਤੇਰੀ ਢਿਬਰੀ ਕੱਸਾਂ।
ਭਾਰਤ ਦਾ ਹੈ ਕੰਮ ਸੁਖਾਲ਼ਾ,
ਚੱਲਦਾ ਉੱਥੇ ਘਾਲਾ ਮਾਲ਼ਾ।

ਜਾਣਕਾਰੀ ਰੱਖ ਕੇ ਅਧੂਰੀ,
ਗੱਲੀਂ ਬਾਤੀਂ ਕਰੀਂ ਤੂੰ ਪੂਰੀ।
ਗੱਲਾਂ ਦਾ ਹੀ ਕਰੀਂ ਕੜਾਹ,
ਮੈਂ ਵੀ ਦੇਵਾਂਗਾ ਘੁੱਗੀ ਵਾਹ।

ਰਾਸ਼ਟਰਪਤੀ ਜੇਹੇ ਚੁੱਪ ਰਹੋ,
ਦੇਖੀ ਚਲੋ ਪਰ ਕੁੱਝ ਨ ਕਹੋ।
ਇੰਝ ਰਲਕੇ ਕੰਮ ਚਲਾਈਏ,
ਸਭਦੇ ਅੱਖੀਂ ਘੱਟਾ ਪਾਈਏ।



ਸੇਵਾ ਸਿੰਘ "ਨੂਰਪੁਰੀ"

## ਸੜ ਜਾਏ ਤੇਰਾ ਏ ਸੀ

ਸੜ ਜਾਏ ਤੇਰਾ ਏ ਸੀ ਵੇ ਢੋਲਾ,
ਲੈ ਕੇ ਪੈ ਗਿਓ ਖੇਸੀ ਵੇ ਢੋਲਾ।
ਗੋਰਾ ਰੰਗ ਮੇਰਾ ਮੁੜਕੇ ਚੋ ਗਿਆ,
ਤੂੰ ਕਦ ਕਦਰ ਕਰੇਸੀ ਵੇ ਢੋਲਾ।
ਠੰਡੀਆਂ, ਤੱਤੀਆਂ ਆਖ ਸੁਣਾਵੇ,
ਸੌਦਾ ਕਿੰਝ ਪੁਗੇਸੀ ਵੇ ਢੋਲਾ।
ਜੇ ਮੈ ਰੁੱਸ ਕੇ ਤੁਰਗੀ ਪੇਕੇ,
ਕਿਹਨੂੰ ਹਾਕ ਮਰੇਸੀ ਵੇ ਢੋਲਾ।
ਜੇ ਤੂੰ ਸਾਗਰ ਤਾਂ ਮੈ ਦਰਿਆ,
ਬਾਝ ਮੇਰੇ ਕਿੰਝ ਭਰੇਸੀ ਵੇ ਢੋਲਾ।
ਝਗੜਾ ਕੀਤਿਆ ਤਾ ਬਾਤ ਨੀ ਮੁੱਕਣੀ,
ਕੋਈ ਦਿਲ ਦਾ ਦਰਦ ਵੰਡੇਸੀ ਵੇ ਢੋਲਾ।
ਸੜ ਜਾਏ ਤੇਰਾ ਏ ਸੀ ਵੇ ਢੋਲਾ,
ਲੈ ਕੇ ਪੈ ਗਿਓ ਖੇਸੀ ਵੇ ਢੋਲਾ।

ਸਤਨਾਮ ਕੌਰ ਤੁਗਲਵਾਲਾ

## ਦਰਦ

ਕਿਸ ਦੇ ਮੋਢੇ ਸਿਰ ਰੱਖ ਰੋਵਾਂ
ਕਿਸ ਨਾਲ ਦਰਦ ਵੰਡਾਵਾਂ

ਦਿਲ ਦੇ ਵੇਹੜੇ ਘੁੱਪ ਹਨੇਰੇ
ਕਿਹੜੇ ਰਸਤੇ ਜਾਂਵਾਂ

ਧਰਤੀ ਤਪਦੀ ਅੰਬਰ ਉੱਬਲੇ
ਤੱਤੀਆਂ ਚੱਲਣ ਹਵਾਵਾਂ

ਲੱਗਦੇ ਹੁਣ ਤਾਂ ਰੁੱਖ਼ ਵੀ ਰੁੱਖੇ
ਛਿੱਜ ਗਈਆਂ ਨੇ ਛਾਵਾਂ

ਨਾ ਚਾਹੰਦੇ ਵੀ ਤੁਰਨਾ ਪੈਣਾ
ਸੂਲਾਂ ਵਿਛਿਆਂ ਰਾਹਵਾਂ

ਕਦਮ ਮਿਲਾ ਕੇ ਤੁਰੇ ਨਾ ਕੋਈ
ਹੋਰ ਨਾ ਮੈਂ ਤੁਰ ਪਾਵਾਂ

ਖੇਲ ਖ਼ਤਮ ਹੁਣ ਰੀਝਾਂ ਵਾਲਾ
ਨਜ਼ਰ ਲੱਗੀ ਮੇਰੇ ਚਾਵਾਂ

ਰੂਹ ਮੇਰੀ ਦੇ ਰਿਸ਼ਤੇ ਰੁੱਸ ਗਏ
ਸੌਂਹ ਮੈਂ ਕਿਸਦੀ ਖਾਂਵਾਂ

ਹੱਥ ਛੁੱਡਾ ਕੇ ਤੁਰ ਗਏ ਸਾਰੇ
ਭੱਜੀਆਂ ਮੇਰੀਆਂ ਬਾਹਵਾਂ

ਮੇਰੇ ਤੋਂ ਹੀ ਮੁਨਕਰ ਹੋਈਆਂ
ਮੇਰੀਆਂ ਅੱਜ ਕਵਿਤਾਵਾਂ

ਮੌਤ ਕਹੇ ਤੈਨੂੰ ਸਾਥਣ ਬਣ ਕੇ
ਬਿੰਦਰਾ ਮੈਂ ਅਪਣਾਵਾਂ



ਬਿੰਦਰ ਸਾਹਿਤ (ਇਟਲੀ)

## ਪਾਣੀ

ਪਾਣੀ ਵਿੱਚ ਜਹਾਨ ਵਸੇ
ਬੂੰਦ-ਬੂੰਦ ਵਿੱਚ ਜਾਨ ਵਸੇ

ਗਰਮੀ ਪੈਂਦੀ ਅੰਤਾਂ ਦੀ
ਪਾਣੀ ਵਿੱਚ ਧਿਆਨ ਵਸੇ

ਪੂਜਾ ਭੁੱਲ ਪੁਜਾਰੀ ਗਏ
ਪਾਣੀ ਵਿੱਚ ਭਗਵਾਨ ਵਸੇ

ਆਸ਼ਕ ਭੁੱਲੇ ਆਸ਼ਕੀਆਂ
ਪਾਣੀ ਵਿੱਚ ਅਰਮਾਨ ਵਸੇ

ਭੁੱਲੇ ਭੌਂਰ ਗੁਲਾਬਾਂ ਨੂੰ
ਪਾਣੀ ਵਿੱਚ ਮੁਸਕਾਨ ਵਸੇ

ਬੋਲ ਸੁਣੇ ਮੈਂ ਪੰਛੀਆਂ ਦੇ
ਪਾਣੀ ਵਿੱਚ ਉਡਾਣ ਵਸੇ

ਅਕਲਮੰਦ ਭੁੱਲੇ ਅਲਕਾਂ
ਪਾਣੀ ਵਿੱਚ ਗਿਆਨ ਵਸੇ

ਧੰਨ ਦੌਲਤ ਨੂੰ ਵਿਸਾਰ ਕੇ
ਪਾਣੀ ਵਿੱਚ ਧਨਵਾਨ ਵਸੇ

ਪਾਣੀ ਤਾਂ ਹੁਣ ਅੰਮ੍ਰਿਤ ਹੈ
ਅੰਮ੍ਰਿਤ ਵਿੱਚ ਪ੍ਰਾਣ ਵਸੇ

ਜਿੰਮੀ ਲੋਕ ਛਬੀਲਾਂ ਲਾਉਣ
ਪਾਣੀ ਦੇ ਵਿੱਚ ਦਾਨ ਵਸੇ.




ਜਿੰਮੀ ਅਹਿਮਦਗੜ੍ਹ
8195907681

## ਕਦੇ ਨਾ ਕਦੇ ਤਾਂ

ਜਿੰਨਾ ਸਿਰ ਤੇ ਬਿਠਾਵੇਗਾ,
ਓਨਾ ਹੀ ਸਤਾਉਣਗੇ।
ਜਿੰਨਾ ਦਿਲ ਚ ਵਸਾਵੇਗਾ,
ਓਨਾ ਹੀ ਤੜਫਾਉਣਗੇ।

ਆਦਤ ਹੁੰਦੀ ਜਿਨ੍ਹਾਂ ਦੀ,
ਦਿਲ ਇੱਕ ਨਾਲ ਭਰਦਾ ਨਾ,
ਥਾਂ ਥਾਂ ਮੂੰਹ ਮਾਰਨ ਲਈ,
ਕਿਤੇ ਨਾ ਕਿਤੇ ਤਾਂ,
ਜਾਲ ਵਿਛਾਉਣਗੇ।

ਧੋਖਾ ਕਰਕੇ ਲੁੱਟ ਕਿਸੇ ਨੂੰ,
ਜਿਹੜੇ ਖੁਸ਼ੀ ਮਨਾਉਂਦੇ ਨੇ,
ਕਰਕੇ ਯਾਦ ਕਦੇ ਤਾਂ,
ਆਪਣੀਆਂ ਗਲਤੀਆਂ ਨੂੰ,
ਕਦੇ ਨਾ ਕਦੇ ਤਾਂ ਪਛਤਾਉਣਗੇ।



ਸਰਬਜੀਤ ਸੰਗਰੂਰਵੀ
9463162463

## ਇਤਿਹਾਸ ਮਿਥਿਹਾਸ

ਅਸਾਂ ਜੋ
ਆਪਣੇ ਬਜ਼ੁਰਗਾਂ ਤੋਂ ਸੁਣਿਆਂ
ਤੇ ਜੋ ਪੜ੍ਹਿਆ
ਉਹ ਸਭ ਕੁੱਝ
ਵਿਗਾੜ ਧਰਿਆ
ਨਾਇਕ ਖਲਨਾਇਕ
ਤੇ
ਖਲਨਾਇਕ ਨਾਇਕ
ਬਣਾ ਧਰੇ
ਕਿਤਾਬਾਂ ਦੇ ਅੰਦਰ
ਪਰ ਕਦੋਂ ਉਹ
ਫਿੱਟ ਹੋਣਗੇ
ਸਮਿਆਂ ਦੇ ਹਿਸਾਬਾਂ ਦੇ ਅੰਦਰ
ਕੌਣ ਕੀ ਸੀ
ਅਜੇ ਬਹੁਤੀ ਦੇਰ ਨਹੀਂ ਹੋਈ
ਇਹ ਸਭ ਨੂੰ ਪਤਾ ਹੈ
ਪਰ
ਨਸ਼ੇ 'ਚ ਗੜੁੱਚ
ਜੋ ਸਤ੍ਹਾ
ਉਸ ਨੂੰ ਹੋਸ਼
ਨਹੀ ਹੈ ਰਤਾ
ਕਿ
ਮਿਥਹਾਸ ਕਦੇ
ਇਤਹਾਸ ਨਹੀਂ ਬਣਦੇ ਹੁੰਦੇ
ਝੂਠੇ ਕਾਗਜ਼ਾਂ ਦੇ ਪੁਲੰਦੇ
ਕਦੇ ਸਬੂਤ ਨਹੀਂ ਹੁੰਦੇ
ਕਿਉਂਕਿ
ਵਕਤ ਨੇ ਤਾਂ
ਆਪਣੇ ਤਰੀਕੇ ਨਾਲ ਤੁਰਨਾ ਹੈ
ਤੇ
ਉਸ ਨੇ
ਕਦੋਂ ਵਾਪਸ ਮੁੜਨਾਂ ਹੈ।

ਇਤਹਾਸ
ਕਦੇ ਤਖ਼ਤ ਦੀ
ਤਖ਼ਤੀ 'ਤੇ
ਵਿਕੀਆਂ ਕਲਮਾਂ ਹੱਥੋਂ
ਸਿਫਾਰਸ਼ ਦੀ ਸਿਆਹੀ ਸੰਗ
ਨਹੀਂ ਲਿੱਖੇ ਜਾਂਦੇ
ਇਤਹਾਸ ਤਾਂ ਸਿਰਜੇ ਜਾਂਦੇ ਹਨ
ਇਤਹਾਸ ਜਾਂ
ਜਾਬਰਾਂ ਦਾ ਹੁੰਦਾ ਹੈ
ਜਾਂ ਨਾਬਰਾਂ ਦਾ ਹੁੰਦਾ ਹੈ
ਮੁਖਬਰਾਂ ਦਾ ਨਹੀਂ
ਜੋ ਬੌਣੇ ਮੁਫਾਦਾਂ ਤੋਂ
ਹਲਕੇ ਸਵਾਦਾਂ ਤੋਂ
ਕਦੇ ਹੁੰਦੇ ਨਹੀ ਅਜ਼ਾਦ
ਜ਼ਰਾ ਇਹ ਤਾਂ ਦੱਸੋ
ਤਖ਼ਤਾਂ ਦੀ ਤਰਫਦਾਰੀ
ਆਪਣੇ ਆਪ 'ਚ
ਵਿਲੱਖਣ ਇਤਹਾਸ ਕਦੋਂ ਬਣੀਂ ਹੈ ?
ਅਸਲ ਇਤਹਾਸ ਤਾਂ
ਨਾਬਰ ਯੁਧਾਂ 'ਚੋਂ
ਜੰਮਦਾ ਹੈ
ਜੋ ਅੰਨ੍ਹੇ ਧੱਕੇ ਨੂੰ
ਹਿੱਕ ਠੋਕ ਥੰਮਦਾ ਹੈ
ਮਹਿਮਾ ਗਾਣ
ਕਦੇ ਇਤਹਾਸ ਨਹੀਂ ਹੁੰਦੇ
ਤੇ
ਇਤਹਾਸ ਵੀ
ਕਦੇ ਮਿਥਹਾਸ ਨਹੀਂ ਹੁੰਦੇ।



- ਡਾ ਮੇਹਰ ਮਾਣਕ

## ਗੰਦਾ ਸਾਹਿੱਤ.....

ਯਾਰਾਂ ਦੇ ਨਾਲ ਲੜ੍ਹ ਨਹੀਂ ਸਕਦਾ।
ਗੰਦਾ ਸਾਹਿੱਤ ਮੈਂ ਪੜ੍ਹ ਨਹੀਂ ਸਕਦਾ।

ਕਰਮਾਂ ਵਿੱਚ ਨਾ ਟੂਰ ਵਿਦੇਸ਼ੀ,
ਤਦੇ ਜ਼ਹਾਜੇ ਚੜ੍ਹ ਨਹੀਂ ਸਕਦਾ।

ਸੱਚ ਕਹਿਣ ਦੀ ਰੱਖਦਾ ਹਿੰਮਤ,
ਝੂਠਾ ਦੂਸ਼ਣ ਮੜ੍ਹ ਨਹੀਂ ਸਕਦਾ।

ਦੇ ਜਾਵੀਂ ਨਾ ਧੋਖਾ ਸੱਜਣਾਂ,
ਬ੍ਰਿਹੋਂ ਦੀ ਅੱਗ ਚ' ਸੜ੍ਹ ਨਹੀਂ ਸਕਦਾ।

ਚੰਗਿਆਂ ਤਾਂਈ ਮੈਂ ਰਹਾਂ ਸਰਾਹੁੰਦਾ,
ਮਾੜਿਆਂ ਕੋਲੇ ਖੜ੍ਹ ਨਹੀਂ ਸਕਦਾ।

ਅਧਨੰਗੀਆਂ ਤਸਵੀਰਾਂ ਵੇਖ ਕੇ,
ਸਿਨੇਮੇ ਅੰਦਰ ਵੜ੍ਹ ਨਹੀਂ ਸਕਦਾ।

ਬਿਨਾ ਗੱਲ ਤੋਂ ਲੜ੍ਹਨ ਲਈ 'ਬੁਜਰਕ'
ਕੋਈ ਬਹਾਨਾ ਘੜ੍ਹ ਨਹੀਂ ਸਕਦਾ।



ਹਰਮੇਲ ਸਿੰਘ 'ਧੀਮਾਨ'

# Dosanjh Family
AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD